ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 301
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 1 November, 2025) ਸ਼ਨੀਵਾਰ, 1 ਨਵੰਬਰ, 2025, 16 ਕੱਤਕ (ਦਸਮੀ) , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਪੰਜਾਬ ਤੋਂ ਲੰਡਨ ਲਈ ਸਿੱਧੀ ਉਡਾਣ ਮੁੜ ਸ਼ੁਰੂ

ਅੰਮ੍ਰਿਤਸਰ, 31 ਅਕਤੂਬਰ (ਚੜ੍ਹਦੀਕਲਾ ਬਿਊਰੋ): ਕਰੀਬ ਪੰਜ ਮਹੀਨਿਆਂ ਦੇ ਵਕਫ਼ੇ ਤੋਂ ਬਾਅਦ ਪਵਿੱਤਰ ਸ਼ਹਿਰ ਨੇ ਇੱਕ ਵਾਰ ਫਿਰ ਯੂਨਾਈਟਿਡ ਕਿੰਗਡਮ ਨਾਲ ਸਿੱਧੀ ਹਵਾਈ ਕਨੈਕਟੀਵਿਟੀ ਹਾਸਲ ਕਰ ਲਈ ਹੈ। ਏਅਰ ਇੰਡੀਆ ਨੇ ਆਪਣੀ ਅੰਮ੍ਰਿਤਸਰ-ਲੰਡਨ ਗੈਟਵਿਕ ਸੇਵਾ ਮੁੜ ਸ਼ੁਰੂ ਕਰ ਦਿੱਤੀ ਹੈ। ਇਹ ਸੇਵਾ 12 ਜੂਨ, 2025 ਨੂੰ ਅਹਿਮਦਾਬਾਦ ਵਿੱਚ ਹੋਏ ਦੁਖਦਾਈ ਏਅਰ ਇੰਡੀਆ ਹਾਦਸੇ ਤੋਂ ਬਾਅਦ ਮੁਅੱਤਲ ਕਰ ਦਿੱਤੀ ਗਈ ਸੀ।ਪਹਿਲੀ ਉਡਾਣ 29 ਅਕਤੂਬਰ ਨੂੰ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੋਂ ਰਵਾਨਾ ਹੋਈ, ਜਦੋਂ ਕਿ ਲੰਡਨ ਤੋਂ ਵਾਪਸੀ ਦੀ ਉਡਾਣ (ਬਾਕੀ ਸਫਾ 2 'ਤੇ)

## ਪੰਜਾਬ 'ਚ 5 ਦਿਨ ਵਿੱਚ ਸਾੜੀ ਗਈ 56 ਫ਼ੀਸਦੀ ਪਰਾਲ਼ੀ



ਚੜ੍ਹਦੀਕਲਾ ਬਿਊਰੋ
================

ਪਟਿਆਲਾ, 31 ਅਕਤੂਬਰ : ਜਿਵੇਂ-ਜਿਵੇਂ ਕਣਕ ਦੀ ਬਿਜਾਈ ਨੇੜੇ ਆ ਰਹੀ ਹੈ, ਉੱਥੇ ਹੀ ਸੂਬੇ ਵਿੱਚ ਪਰਾਲੀ ਸਾੜਨ ਦਾ ਸਿਲਸਿਲਾ ਤੇਜ਼ ਹੋ ਗਿਆ ਹੈ। ਪਿਛਲੇ ਪੰਜ ਦਿਨਾਂ ਵਿੱਚ ਹੀ 56 ਫੀਸਦੀ ਪਰਾਲੀ ਸਾੜੀ ਗਈ। 26 ਅਕਤੂਬਰ ਤੋਂ 30 ਅਕਤੂਬਰ ਤੱਕ ਪੰਜ ਦਿਨਾਂ ਵਿੱਚ ਪਰਾਲੀ ਸਾੜਨ ਦੇ 797 ਮਾਮਲੇ ਸਾਹਮਣੇ ਆਏ। ਸੂਬੇ ਵਿੱਚ ਹੁਣ ਤੱਕ ਕੁੱਲ 1,418 ਮਾਮਲੇ ਸਾਹਮਣੇ ਆਏ ਹਨ।ਵੀਰਵਾਰ ਨੂੰ ਸੂਬੇ ਵਿੱਚ ਪਰਾਲੀ ਸਾੜਨ ਦੇ 202 ਮਾਮਲੇ ਸਾਹਮਣੇ ਆਏ। ਸੰਗਰੂਰ ਜ਼ਿਲ੍ਹਾ ਲਗਾਤਾਰ ਦੂਜੇ ਦਿਨ ਪਰਾਲੀ ਸਾੜਨ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਰਿਹਾ ਹੈ। ਵੀਰਵਾਰ ਨੂੰ 48 ਥਾਵਾਂ 'ਤੇ ਪਰਾਲੀ ਸਾੜਨ ਦੇ ਮਾਮਲੇ ਸੂਬੇ ਵਿੱਚ ਸਭ ਤੋਂ ਵੱਧ ਸਨ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਜ਼ਿਲ੍ਹਾ ਇੱਥੇ 79 ਮਾਮਲਿਆਂ ਦੇ ਨਾਲ ਸੂਬੇ ਵਿੱਚ ਪਹਿਲੇ ਸਥਾਨ 'ਤੇ ਪਹੁੰਚ ਜਾਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਸੰਗਰੂਰ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਸਕਦਾ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ 15 ਸਤੰਬਰ ਤੋਂ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨਜ਼ਰ ਰੱਖ ਰਿਹਾ ਹੈ। ਤਰਨਤਾਰਨ ਵਿੱਚ 330 ਥਾਵਾਂ 'ਤੇ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ।ਸੰਗਰੂਰ, 218 ਮਾਮਲਿਆਂ ਨਾਲ ਦੂਜੇ ਸਥਾਨ 'ਤੇ ਹੈ, ਅਤੇ ਅੰਮ੍ਰਿਤਸਰ 186 ਮਾਮਲਿਆਂ ਨਾਲ ਤੀਜੇ ਸਥਾਨ 'ਤੇ ਹੈ।

### ਪਿਛਲੇ 5 ਸਾਲਾਂ ਦੌਰਾਨ ਦੂਜਾ ਸਭ ਤੋਂ ਵੱਧ ਪ੍ਰਦੂਸ਼ਿਤ ਮਹੀਨਾ ਰਿਹਾ ਅਕਤੂਬਰ

ਨਵੀਂ ਦਿੱਲੀ , 31 ਅਕਤੂਬਰ (ਚੜ੍ਹਦੀਕਲਾ ਬਿਊਰੋ): ਦੀਵਾਲੀ ਦੇ ਤਿਉਹਾਰ ਤੋਂ ਬਾਅਦ ਦਿੱਲੀ ਦੀ ਆਬੋ-ਹਵਾ ਲਗਾਤਾਰ ਖ਼ਰਾਬ ਹੋ ਰਹੀ ਹੈ। ਇਸ ਸਾਲ ਅਕਤੂਬਰ ਦਾ ਮਹੀਨਾ ਦਿੱਲੀ ਦੇ ਲੋਕਾਂ ਲਈ ਰਾਹਤ ਦੀ ਥਾਂ ਜ਼ਿਆਦਾ ਮੁਸੀਬਤਾਂ ਵਾਲਾ ਰਿਹਾ। ਦੀਵਾਲੀ ਤੋਂ ਬਾਅਦ ਦਿੱਲੀ ਦੀ ਹਵਾ ਨਾ ਸਿਰਫ਼ ਲਗਾਤਾਰ ਖ਼ਰਾਬ ਹੋ ਰਹੀ ਹੈ, ਸਗੋਂ ਇਸ ਸਾਲ ਦੇ ਅੰਕੜਿਆਂ ਨੇ ਪਿਛਲੇ ਕਈ ਰਿਕਾਰਡ ਵੀ ਤੋੜ ਦਿੱਤੇ ਹਨ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅਨੁਸਾਰ ਇਸ ਸਾਲ 74 ਫ਼ੀਸਦੀ ਜ਼ਿਆਦਾ ਬਾਰਿਸ਼ ਹੋਣ ਦੇ ਬਾਵਜੂਦ ਅਕਤੂਬਰ 2025 ਪਿਛਲੇ ਪੰਜ ਸਾਲਾਂ ਵਿੱਚ ਦੂਜਾ ਸਭ ਤੋਂ ਵੱਧ ਪ੍ਰਦੂਸ਼ਿਤ ਵਾਲਾ ਮਹੀਨਾ ਰਿਹਾ ਹੈ। ਸੀਪੀਸੀਬੀ ਦੇ ਤਾਜ਼ਾ ਅੰਕੜਿਆਂ ਅਨੁਸਾਰ ਅਕਤੂਬਰ 2025 ਵਿੱਚ (ਬਾਕੀ ਸਫਾ 2 'ਤੇ)

## ਪਟੇਲ ਪੂਰੇ ਕਸ਼ਮੀਰ ਨੂੰ ਭਾਰਤ 'ਚ ਸ਼ਾਮਲ ਕਰਨਾ ਚਾਹੁੰਦੇ ਸਨ ਪਰ ਨਹਿਰੂ ਨੇ ਅਜਿਹਾ ਨਹੀਂ ਹੋਣ ਦਿੱਤਾ: ਮੋਦੀ

### ਘੁਸਪੈਠ ਦੀਆਂ ਘਟਨਾਵਾਂ ਵਿਗਾੜ ਰਹੀਆਂ ਹਨ ਭਾਰਤ ਦੇ ਜਨਸੰਖਿਆ ਸੰਤੁਲਨ ਨੂੰ

ਚੜ੍ਹਦੀਕਲਾ ਬਿਊਰੋ
================

ਏਕਤਾ ਨਗਰ (ਗੁਜਰਾਤ), 31 ਅਕਤੂਬਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਦਾਰ ਪਟੇਲ ਹੋਰ ਰਿਆਸਤਾਂ ਵਾਂਗ ਸਾਰੇ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕਰਨਾ ਚਾਹੁੰਦੇ ਸਨ, ਪਰ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅਜਿਹਾ ਹੋਣ ਤੋਂ ਰੋਕਿਆ।ਗੁਜਰਾਤ ਦੇ ਏਕਤਾ ਨਗਰ ਵਿੱਚ ਸਟੈਚੂ ਆਫ਼ ਯੂਨਿਟੀ ਨੇੜੇ ਰਾਸ਼ਟਰੀ ਏਕਤਾ ਦਿਵਸ ਪਰੇਡ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਘੁਸਪੈਠ ਦੀਆਂ ਘਟਨਾਵਾਂ ਭਾਰਤ ਦੇ ਜਨਸੰਖਿਆ ਸੰਤੁਲਨ ਨੂੰ ਵਿਗਾੜ ਰਹੀਆਂ ਹਨ, ਅਤੇ ਇਸ ਵਿਰੁੱਧ ਫੈਸਲਾਕੁੰਨ ਲੜਾਈ ਲੜਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ,'ਸਰਦਾਰ ਪਟੇਲ ਦਾ ਮੰਨਣਾ ਸੀ ਕਿ ਇਤਿਹਾਸ ਲਿਖਣ ਵਿੱਚ ਸਮਾਂ ਬਰਬਾਦ ਨਹੀਂ



ਕਰਨਾ ਚਾਹੀਦਾ ਸਗੋਂ ਇਤਿਹਾਸ ਸਿਰਜਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।' ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ, ਸਰਦਾਰ ਪਟੇਲ ਨੇ 550 ਤੋਂ ਵੱਧ ਰਿਆਸਤਾਂ ਨੂੰ ਭਾਰਤੀ ਸੰਘ ਵਿੱਚ ਮਿਲਾਉਣ ਦੇ ਅਸੰਭਵ ਜਾਪਦੇ ਕੰਮ ਨੂੰ ਪੂਰਾ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਦਾਰ ਪਟੇਲ ਦੀਆਂ ਨੀਤੀਆਂ ਅਤੇ ਫੈਸਲਿਆਂ ਨੇ ਨਵਾਂ ਇਤਿਹਾਸ ਰਚਿਆ। ਮੋਦੀ ਨੇ ਕਿਹਾ,''ਇੱਕ ਭਾਰਤ, ਮਹਾਨ ਭਾਰਤ' ਦਾ ਵਿਚਾਰ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਸੀ।' ਕਾਂਗਰਸ 'ਤੇ ਹਮਲਾ ਕਰਦਿਆਂ ਮੋਦੀ ਨੇ ਕਿਹਾ ਕਿ ਕਸ਼ਮੀਰ ਅਤੇ ਦੇਸ਼ ਨੇ ਇਸ ਮੁੱਦੇ ਨੂੰ ਸੰਭਾਲਣ ਵਿੱਚ ਪਾਰਟੀ ਦੀਆਂ ਗਲਤੀਆਂ ਦੀ ਭਾਰੀ ਕੀਮਤ ਚੁਕਾਈ ਹੈ। ਉਨ੍ਹਾਂ ਕਿਹਾ,'ਸਰਦਾਰ ਪਟੇਲ ਸਾਰੇ ਕਸ਼ਮੀਰ ਨੂੰ ਹੋਰ ਰਿਆਸਤਾਂ ਵਾਂਗ ਇੱਕ ਕਰਨਾ ਚਾਹੁੰਦੇ ਸਨ ਪਰ ਨਹਿਰੂ ਜੀ ਨੇ ਉਨ੍ਹਾਂ ਦੀ ਇੱਛਾ ਪੂਰੀ ਹੋਣ ਤੋਂ ਰੋਕੀ। ਕਸ਼ਮੀਰ ਵੰਡਿਆ ਗਿਆ, ਇੱਕ ਵੱਖਰਾ ਸੰਵਿਧਾਨ ਅਤੇ ਇੱਕ ਵੱਖਰਾ ਝੰਡਾ ਦਿੱਤਾ ਗਿਆ, ਅਤੇ ਕਾਂਗਰਸ ਦੀ ਇਸ ਗਲਤੀ (ਬਾਕੀ ਸਫਾ 2 'ਤੇ)

ਪੰਜਾਬ ਦੇ ਮੁੱਖ ਮੰਤਰੀ ਨੇ ਗੁਜਰਾਤ 'ਚ ਕਿਸਾਨ ਮਹਾਂਪੰਚਾਇਤ ਨੂੰ ਕੀਤਾ ਸੰਬੋਧਨ

## ਭਾਜਪਾ ਦੀ ਸਰਕਾਰ ਨੂੰ ਇੱਕ-ਇੱਕ ਜ਼ੁਰਮ ਦਾ ਹਿਸਾਬ ਦੇਣਾ ਪਵੇਗਾ: ਮਾਨ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 31 ਅਕਤੂਬਰ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਗੁਜਰਾਤ ਦੌਰੇ 'ਤੇ ਹਨ। ਆਪਣੇ ਗੁਜਰਾਤ ਦੌਰੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਮਹਾਂਪੰਚਾਇਤ ਵਿਚ ਸ਼ਿਰਕਤ ਕੀਤੀ ਅਤੇ ਭਾਜਪਾ ਦੀਆਂ ਨੀਤੀਆਂ ਖਿਲਾਫ ਰੈਲੀ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਜ਼ੁਰਮ ਖਿਲਾਫ ਤੁਹਾਡਾ ਇੰਨੀ ਵੱਡੀ ਗਿਣਤੀ 'ਚ ਇੱਕਠੇ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਤੁਸੀਂ ਆਪਣੇ ਹੱਕਾਂ ਲਈ ਲੜਨਾ ਜਾਣਦੇ ਹੋ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਜੋ ਤੁਹਾਡੇ 'ਤੇ ਇੰਨੇ ਜ਼ੁਰਮ ਕਰ ਰਹੀ ਹੈ, ਉਨ੍ਹਾਂ ਨੂੰ ਇੱਕ-ਇੱਕ ਜ਼ੁਰਮ ਦਾ ਹਿਸਾਬ ਦੇਣਾ ਪਵੇਗਾ। ਭਾਜਪਾ ਸਰਕਾਰ ਕਿਸਾਨਾਂ 'ਤੇ ਪਰਚੇ ਕਰ ਰਹੀ ਹੈ, ਕਿਸਾਨਾਂ ਨੂੰ ਜੇਲ੍ਹ 'ਚ ਸੁੱਟ ਰਹੀ ਹੈ। ਇਨ੍ਹਾਂ ਦੇ ਪਰਚੇ ਖਤਮ ਹੋ ਜਾਣਗੇ ਪਰ ਬੰਦੇ ਖਤਮ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਮੈਂ ਕਿਸਾਨ ਦੀ ਧਰਤੀ ਪੰਜਾਬ ਤੋਂ ਆਇਆ ਹਾਂ। ਪੰਜਾਬ 180 ਲੱਖ ਮੀਟਰਿਕ ਟਨ ਤੋਂ ਜ਼ਿਆਦਾ ਚੋਲ ਦੇਸ਼ ਨੂੰ ਦਿੰਦਾ ਹੈ। 125 ਲੱਖ ਮੀਟਰਿਕ ਟਨ ਤੋਂ ਜ਼ਿਆਦਾ ਕਣਕ ਦਿੰਦਾ ਹੈ। ਪੰਜਾਬ ਹੋਰ ਵੀ ਬਹੁਤ ਸਾਰੀਆਂ ਫਸਲਾਂ ਦੇਸ਼ ਨੂੰ ਦਿੰਦਾ ਹੈ। ਅਸੀਂ ਦੇਸ਼ ਦਾ ਢਿੱਡ ਭਰਨ ਵਾਲੇ ਲੋਕ ਹਾਂ। ਜੇਕਰ ਕੋਈ ਸਾਡੇ ਨਾਲ ਧੱਕੇਸ਼ਾਹੀ ਕਰਦਾ ਹੈ ਤਾਂ ਅਸੀਂ ਇਹੋ ਜਿਹਾ ਸਬਕ ਸਿਖਾਉਂਦੇ ਹਾਂ ਕਿ ਉਹ ਖੁਦ ਧਰਤੀ 'ਤੇ ਆਉਂਦੇ ਹਨ ਕਿਉਂਕਿ ਕਿਸਾਨ ਧਰਤੀ ਨਾਲ ਜੁੜਿਆ ਹੁੰਦਾ ਹੈ, ਉਸ ਨੂੰ ਦੂਜਿਆਂ ਨੂੰ ਵੀ ਧਰਤੀ 'ਤੇ ਉਤਾਰਨਾ ਆਉਂਦਾ ਹੈ।



## ਮੁਅੱਤਲ ਡੀ.ਆਈ.ਜੀ. ਭੁੱਲਰ ਦੀ ਨਿਆਂਇਕ ਹਿਰਾਸਤ 'ਚ 14 ਦਿਨਾਂ ਦਾ ਵਾਧਾ

ਚੜ੍ਹਦੀਕਲਾ ਬਿਊਰੋ
================



ਚੰਡੀਗੜ੍ਹ, 31 ਅਕਤੂਬਰ: ਸੀਬੀਆਈ ਕੋਰਟ ਨੇ ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਨਿਆਂਇਕ ਹਿਰਾਸਤ 14 ਦਿਨਾਂ ਲਈ ਵਧਾ ਦਿੱਤੀ ਹੈ। ਭੁੱਲਰ ਨੂੰ ਅੱਜ 14 ਦਿਨਾਂ ਨਿਆਂਇਕ ਹਿਰਾਸਤ ਦੀ ਮਿਆਦ ਮੁੱਕਣ ਮਗਰੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਸੀਬੀਆਈ ਕੋਰਟ ਵਿਚ ਪੇਸ਼ ਕੀਤਾ ਗਿਆ। ਚੇਤੇ ਰਹੇ ਕਿ ਸੀਬੀਆਈ ਨੇ ਅੱਜ ਵੀ ਭੁੱਲਰ ਦੇ ਰਿਮਾਂਡ ਦੀ ਮੰਗ ਨਹੀਂ ਕੀਤੀ ਜਿਸ ਕਰਕੇ ਕੋਰਟ ਨੇ ਮੁਅੱਤਲ ਪੁਲਿਸ ਅਧਿਕਾਰੀ ਨੂੰ 14 ਨਵੰਬਰ ਤੱਕ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਸੀਬੀਆਈ ਨੇ ਭੁੱਲਰ ਤੇ ਵਿਚੋਲੀਏ ਕ੍ਰਿਸ਼ਨੂ ਸ਼ਾਰਦਾ ਨੂੰ 16 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ।

ਸੀਬੀਆਈ ਨੇ ਭੁੱਲਰ ਨੂੰ 16 ਅਕਤੂਬਰ ਨੂੰ ਇੱਕ ਸਕ੍ਰੈਪ ਡੀਲਰ ਤੋਂ 'ਸੇਵਾ ਪਾਣੀ' ਵਜੋਂ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਦੀ ਟੀਮ ਨੇ ਮਗਰੋਂ ਭੁੱਲਰ ਦੀ ਚੰਡੀਗੜ੍ਹ ਦੇ ਸੈਕਟਰ 40 ਵਿਚਲੀ ਰਿਹਾਇਸ਼ 'ਤੇ ਮਾਰੇ ਛਾਪੇ ਦੌਰਾਨ (ਬਾਕੀ ਸਫਾ 2 'ਤੇ)

## ਦਿੱਲੀ 'ਚ ਸਿੱਖ ਨਸਲਕੁਸ਼ੀ ਸਮੇਂ ਮੈਨੂੰ ਵੀ ਆਪਣੇ ਮਾਪਿਆਂ ਦੀ ਜਾਨ ਦਾ ਡਰ ਸੀ: ਪੁਰੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 31 ਅਕਤੂਬਰ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਸਿੱਖ ਵਿਰੋਧੀ ਦੰਗਿਆਂ ਦੀ ਬਰਸੀ ਮੌਕੇ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਭੜਕੀ ਭੀੜ ਹੱਥੋਂ ਸਿੱਖ ਭਾਈਚਾਰੇ ਨੂੰ ਦਰਪੇਸ਼ ਭਿਆਨਕਤਾ ਤੇ ਦਿਲ ਦਹਿਲਾਉਣ ਵਾਲੇ ਦ੍ਰਿਸ਼ਾਂ ਨੂੰ ਯਾਦ ਕੀਤਾ। ਪੁਰੀ, ਜੋ ਉਦੋਂ ਜੇਨੇਵਾ ਵਿੱਚ ਪਹਿਲੇ ਸਕੱਤਰ ਵਜੋਂ ਤਾਇਨਾਤ ਸਨ, ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦੀ ਜਾਨ ਦਾ ਡਰ ਸਤਾ ਰਿਹਾ ਸੀ ਜੋ ਉਸ ਵੇਲੇ ਦਿੱਲੀ ਵਿੱਚ ਰਹਿੰਦੇ ਸਨ।



ਮੰਤਰੀ ਨੇ ਉਸ ਦਿਨ ਨੂੰ ਯਾਦ ਕਰਦਿਆਂ ਕਿਹਾ, "ਹੋਰਨਾਂ ਸਿੱਖਾਂ ਵਾਂਗ ਇਹ ਹਿੰਸਾ ਮੇਰੇ ਘਰ ਦੇ ਨੇੜੇ ਵੀ ਪਹੁੰਚੀ। ਮੈਂ ਉਦੋਂ ਜੇਨੇਵਾ ਵਿੱਚ ਤਾਇਨਾਤ ਪਹਿਲਾ ਸਕੱਤਰ ਸੀ ਅਤੇ ਆਪਣੇ ਮਾਪਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਬਹੁਤ ਫ਼ਿਕਰਮੰਦ ਸੀ। ਮੇਰੇ ਮਾਪੇ ਹੌਜ਼ ਖਾਸ ਦੇ ਐਸਐਫਐਸ ਵਿੱਚ ਇੱਕ ਡੀਡੀਏ ਫਲੈਟ ਵਿੱਚ ਰਹਿੰਦੇ ਸਨ। (ਬਾਕੀ ਸਫਾ 2 'ਤੇ)

## ਪਟਿਆਲਾ 'ਚ ਸਾਬਕਾ ਅਕਾਲੀ ਕੌਂਸਲਰ ਬੱਬੀ ਮਾਨ ਦੇ ਗੋਲ਼ੀ ਲੱਗਣ ਕਾਰਨ ਮੌਤ



ਪਟਿਆਲਾ, 31 ਅਕਤੂਬਰ (ਚੜ੍ਹਦੀਕਲਾ ਬਿਊਰੋ) : ਪਟਿਆਲਾ ਦੇ ਸਾਬਕਾ ਅਕਾਲੀ ਕੌਂਸਲਰ ਬੱਬੀ ਮਾਨ ਦੀ ਆਪਣੀ ਹੀ ਰਿਵਾਲਵਰ ਨਾਲ ਸ਼ੱਕੀ ਹਾਲਾਤ ਵਿਚ ਗੋਲੀ ਲੱਗਣ ਕਾਰਣ ਮੌਤ ਹੋ ਗਈ। ਸੂਤਰਾਂ ਮੁਤਾਬਕ ਬੱਬੀ ਮਾਨ ਨੇ ਅੱਜ ਬਾਅਦ ਦੁਪਹਿਰ ਆਪਣੇ ਘਰ ਵਿਚ ਸੀ ਅਤੇ ਉਸ ਨੇ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਆਤਮਹੱਤਿਆ ਦੇ ਕਾਰਨਾਂ ਦਾ ਫਿਲਹਾਲ ਅਜੇ ਪਤਾ ਨਹੀਂ ਲੱਗ ਸਕਿਆ ਹੈ। ਦੂਜੇ ਪਾਸੇ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਬੱਬੀ ਮਾਨ ਅਕਾਲੀ ਦਲ ਦੀ ਸਰਕਾਰ ਦੌਰਾਨ ਕੌਂਸਲਰ ਰਹੇ ਸਨ ਅਤੇ ਅੱਜ (ਬਾਕੀ ਸਫਾ 2 'ਤੇ)

ਅਵਾਰਾ ਕੁੱਤਿਆਂ ਨਾਲ ਸਬੰਧਤ ਕੇਸ ਦਾ ਮਾਮਲਾ

## ਅਦਾਲਤ ਦੇ ਹੁਕਮਾਂ ਦਾ ਕੋਈ ਸਤਿਕਾਰ ਨਹੀਂ, ਮੁੱਖ ਸਕੱਤਰ ਵਰਚੁਅਲੀ ਨਹੀਂ ਖ਼ੁਦ ਪੇਸ਼ ਹੋਣ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 31 ਅਕਤੂਬਰ: ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਨਾਲ ਸਬੰਧਤ ਕੇਸ ਦੀ 3 ਨਵੰਬਰ ਲਈ ਤਜਵੀਜ਼ਤ ਸੁਣਵਾਈ ਵਿਚ ਪੱਛਮੀ ਬੰਗਾਲ ਤੇ ਤਿਲੰਗਾਨਾ ਨੂੰ ਛੱਡ ਕੇ ਹੋਰਨਾਂ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਵਰਚੁਅਲ ਪੇਸ਼ੀ ਦੀ ਖੁੱਲ੍ਹ ਦੇਣ ਬਾਰੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਅਪੀਲ ਰੱਦ ਕਰ ਦਿੱਤੀ ਹੈ।

ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਮਹਿਤਾ ਦੀ ਅਪੀਲ ਮੰਨਣ ਤੋਂ ਇਨਕਾਰ ਕਰਦਿਆਂ ਸਾਫ਼ ਕਰ ਦਿੱਤਾ ਕਿ ਮੁੱਖ ਸਕੱਤਰਾਂ ਨੂੰ 3 ਨਵੰਬਰ ਦੀ ਸੁਣਵਾਈ ਦੌਰਾਨ ਕੋਰਟ ਵਿਚ ਖੁਦ ਪੇਸ਼ ਹੋਣਾ ਪਏਗਾ।ਜਸਟਿਸ ਨਾਥ ਨੇ ਕਿਹਾ, "ਜਦੋਂ ਅਸੀਂ ਉਨ੍ਹਾਂ ਨੂੰ ਹੁਕਮਾਂ ਦੀ ਪਾਲਣਾ ਸਬੰਧੀ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ, ਤਾਂ ਉਹ ਸੁੱਤੇ ਰਹੇ। ਅਦਾਲਤੀ ਹੁਕਮਾਂ ਦਾ ਕੋਈ ਸਤਿਕਾਰ ਨਹੀਂ ਕੀਤਾ। ਫਿਰ ਠੀਕ ਹੈ, (ਬਾਕੀ ਸਫਾ 2 'ਤੇ)



### ਬੀ.ਸੀ.ਆਈ. ਨੂੰ 31 ਦਸੰਬਰ ਤੱਕ ਪੰਜਾਬ ਤੇ ਹਰਿਆਣਾ ਬਾਰ ਕੌਂਸਲਾਂ ਦੀਆਂ ਚੋਣਾਂ ਕਰਵਾਉਣ ਦੇ ਹੁਕਮ

ਨਵੀਂ ਦਿੱਲੀ, 31 ਅਕਤੂਬਰ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਬਾਰ ਕੌਂਸਲ ਆਫ਼ ਇੰਡੀਆ (ਬੀ.ਸੀ.ਆਈ.) ਨੂੰ ਪੰਜਾਬ ਅਤੇ ਹਰਿਆਣਾ ਬਾਰ ਕੌਂਸਲਾਂ ਦੀਆਂ ਚੋਣਾਂ ਦਸ ਦਿਨਾਂ ਅੰਦਰ ਨੋਟੀਫਾਈ ਕਰਨ ਅਤੇ 31 ਦਸੰਬਰ, 2025 ਤੱਕ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ ਹਨ।ਜਸਟਿਸ ਸੂਰਿਆ ਕਾਂਤ ਅਤੇ (ਬਾਕੀ ਸਫਾ 2 'ਤੇ)

## ਧਰਮਿੰਦਰ ਸਿਹਤ ਵਿਗੜਨ ਕਾਰਨ ਹਸਪਤਾਲ ਦਾਖ਼ਲ



ਮੁੰਬਈ, 31 ਅਕਤੂਬਰ (ਚੜ੍ਹਦੀਕਲਾ ਬਿਊਰੋ) : ਬਾਲੀਵੁੱਡ ਦੇ ਲੀਜੈਂਡ ਅਦਾਕਾਰ ਧਰਮਿੰਦਰ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਮੁਤਾਬਕ ਕਿਹਾ ਜਾ ਰਿਹਾ ਹੈ ਕਿ ਧਰਮਿੰਦਰ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਹਾਨ ਅਦਾਕਾਰ ਦੇ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਖ਼ਬਰ ਨੇ ਪ੍ਰਸ਼ੰਸਕਾਂ ਵਿੱਚ ਚਿੰਤਾਵਾਂ ਵਧਾ ਦਿੱਤੀਆਂ ਹਨ, ਜੋ ਉਨ੍ਹਾਂ ਦੇ ਜਲਦੀ ਠੀਕ ਹੋਣ ਲਈ ਪ੍ਰਾਰਥਨਾ ਕਰ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਅਦਾਕਾਰ ਨੇ ਸ਼ੋਲੇ, ਚੁਪਕੇ ਚੁਪਕੇ, ਧਰਮਵੀਰ, ਡ੍ਰੀਮ ਗਰਲ, ਯਮਲਾ ਪਗਲਾ ਦੀਵਾਨਾ ਅਤੇ ਹੋਰ ਫਿਲਮਾਂ ਵਿੱਚ ਆਪਣੀ ਸ਼ਾਨਦਾਰ ਅਦਾਕਾਰੀ ਰਾਹੀਂ ਆਪਣੇ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਖਾਸ ਜਗ੍ਹਾ ਬਣਾਈ ਹੈ।

## ਬਿਹਾਰ ਵਿਧਾਨ ਸਭਾ ਚੋਣਾਂ: ਐਨ.ਡੀ.ਏ. ਵੱਲੋਂ ਚੋਣ ਮੈਨੀਫ਼ੈਸਟੋ ਜਾਰੀ

### ਇੱਕ ਕਰੋੜ ਨੌਜਵਾਨਾਂ ਨੂੰ ਨੌਕਰੀਆਂ, ਮੁਫ਼ਤ ਸਿੱਖਿਆ, ਬੁਨਿਆਦੀ ਢਾਂਚੇ ਦੇ ਵਿਕਾਸ ਦਾ ਵਾਅਦਾ



ਚੜ੍ਹਦੀਕਲਾ ਬਿਊਰੋ
================

ਪਟਨਾ, 31 ਅਕਤੂਬਰ : ਐਨ ਡੀ ਏ ਨੇ ਸ਼ੁੱਕਰਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ ਹੈ। ਜਿਸ ਵਿੱਚ ਹੋਰਨਾਂ ਚੀਜ਼ਾਂ ਦੇ ਨਾਲ-ਨਾਲ ਇੱਕ ਕਰੋੜ ਨੌਜਵਾਨਾਂ ਨੂੰ ਨੌਕਰੀਆਂ, ਇੱਕ ਕਰੋੜ 'ਲੱਖਪਤੀ ਦੀਦੀ' ਬਣਾਉਣ, ਚਾਰ ਹੋਰ ਸ਼ਹਿਰਾਂ ਵਿੱਚ ਮੈਟਰੋ ਰੇਲ ਸੇਵਾਵਾਂ ਅਤੇ ਸੂਬੇ ਵਿੱਚ ਸੱਤ ਅੰਤਰਰਾਸ਼ਟਰੀ ਹਵਾਈ ਅੱਡਿਆਂ ਦਾ ਵਾਅਦਾ ਕੀਤਾ ਗਿਆ ਹੈ।ਇਸ ਤੋਂ ਇਲਾਵਾ (ਬਾਕੀ ਸਫਾ 2 'ਤੇ)

### ਭਾਰਤ ਤੇ ਅਮਰੀਕਾ ਵੱਲੋਂ ਨਵੇਂ ਰੱਖਿਆ ਫਰੇਮਵਰਕ ਲਈ ਦਸ ਸਾਲਾ ਸਮਝੌਤਾ ਸਹੀਬੰਦ

ਨਵੀਂ ਦਿੱਲੀ , 31 ਅਕਤੂਬਰ (ਚੜ੍ਹਦੀਕਲਾ ਬਿਊਰੋ) : ਵਪਾਰ ਤੇ ਟੈਰਿਫ ਨੂੰ ਲੈ ਕੇ ਦੋਵਾਂ ਮੁਲਕਾਂ ਵਿਚ ਜਾਰੀ ਤਲਖ਼ੀ ਦਰਮਿਆਨ ਭਾਰਤ ਤੇ ਅਮਰੀਕਾ ਨੇ ਸ਼ੁੱਕਰਵਾਰ ਨੂੰ ਪ੍ਰਮੁੱਖ ਰੱਖਿਆ ਭਾਈਵਾਲੀ ਲਈ ਨਵੇਂ ਚੌਖਟੇ 'ਤੇ ਸਹੀ ਪਾਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ, ਜਿਨ੍ਹਾਂ ਆਪਣੇ ਅਮਰੀਕੀ ਹਮਰੁਤਬਾ ਪੀਟਰ ਹੇਗਸੇਥ ਨਾਲ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ, ਨੇ ਕਿਹਾ ਦੋਵਾਂ ਮੁਲਕਾਂ ਦੇ ਦੁਵੱਲੇ ਰਿਸ਼ਤਿਆਂ ਵਿਚ ਰੱਖਿਆ ਅਹਿਮ ਥੰਮ੍ਹ ਰਹੇਗਾ।

ਸਿੰਘ ਤੇ ਹੇਗਸੇਥ ਮਲੇਸ਼ੀਆ ਵਿਚ ਆਸਿਆਨ ਰੱਖਿਆ ਮੰਤਰੀਆਂ ਦੀ ਸਿਖਰ ਵਾਰਤਾ ਤੋਂ ਇਕ ਪਾਸੇ ਮਿਲੇ ਸਨ। ਰਾਜਨਾਥ ਸਿੰਘ ਨੇ ਐਕਸ 'ਤੇ ਇਕ ਪੋਸਟ ਵਿਚ ਉਪਰੋਕਤ ਬੈਠਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ, (ਬਾਕੀ ਸਫਾ 2 'ਤੇ)



# ਬਠਿੰਡਾ ਦੇ ਸਕੂਲ ਦੀਆਂ ਕੰਧਾਂ 'ਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ਵਾਲੇ ਐਸ.ਐਫ.ਜੇ. ਦੇ ਤਿੰਨ ਕਾਰਕੁੰਨ ਕਾਬੂ

ਚੰਡੀਗੜ੍ਹ/ਬਠਿੰਡਾ, 31 ਅਕਤੂਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ ਬਠਿੰਡਾ ਨੇ ਬਠਿੰਡਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਪਿੰਡ ਭਿਸਿਆਣਾ ਅਤੇ ਮਾਨਾਂਵਾਲਾ ਦੇ ਸਕੂਲਾਂ ਦੀਆਂ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਲਈ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐਸਐਫਜੇ) ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਨਿਊਯਾਰਕ ਅਧਾਰਿਤ ਐਸਐਫਜੇ, ਜਿਸਨੂੰ ਮਾਸਟਰਮਾਈਂਡ ਗੁਰਪਤਵੰਤ ਸਿੰਘ ਪੰਨੂ ਦਾ ਸਮਰਥਨ ਪ੍ਰਾਪਤ ਹੈ , ਨੂੰ ਭਾਰਤ ਸਰਕਾਰ ਨੇ ਇੱਕ ਗੈਰ-ਕਾਨੂੰਨੀ ਸੰਗਠਨ ਵਜੋਂ ਨਾਮਜ਼ਦ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਨਵਜੋਤ ਸਿੰਘ ਉਰਫ਼ ਜੋਤਾ (24) ਤੇ ਗੁਰਪ੍ਰੀਤ ਸਿੰਘ (26) ਦੋਵੇਂ ਵਾਸੀ ਕਾਲੀਆਂਵਾਲਾ, ਫਿਰੋਜ਼ਪੁਰ; ਅਤੇ ਹਰਜਿੰਦਰ ਸਿੰਘ ਵਾਸੀ ਮਾਨਾਂਵਾਲਾ, ਬਠਿੰਡਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਮੋਬਾਈਲ ਫ਼ੋਨ ਅਤੇ ਡੌਂਗਲ ਡਿਵਾਈਸ ਵੀ ਬਰਾਮਦ ਕੀਤੀ ਹੈ।

ਜਾਣਕਾਰੀ ਮੁਤਾਬਕ, 19 ਅਤੇ 20 ਅਕਤੂਬਰ, 2025 ਦੀ ਦਰਮਿਆਨੀ ਰਾਤ ਨੂੰ ਪਿੰਡ ਮਾਨਾਂਵਾਲਾ ਦੇ ਇੱਕ ਸਕੂਲ ਅਤੇ 26 ਤੇ 27 ਅਕਤੂਬਰ, 2025 ਦੀ ਦਰਮਿਆਨੀ ਰਾਤ ਨੂੰ ਪਿੰਡ ਭਿਸਿਆਣਾ ਦੇ ਪੀਐਮ ਕੇਂਦਰੀ ਵਿਦਿਆਲਿਆ ਦੀਆਂ ਕੰਧਾਂ 'ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖੇ ਪਾਏ ਗਏ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵੱਲੋਂ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਅਤੇ ਦੇਸ਼ ਵਿਰੋਧੀ ਭਾਵਨਾਵਾਂ ਨੂੰ ਹਵਾ ਦੇਣ ਦੇ ਉਦੇਸ਼ ਨਾਲ ਭੜਕਾਊ ਨਾਅਰੇ ਲਿਖੇ ਗਏ। ਉਨ੍ਹਾਂ ਕਿਹਾ ਕਿ ਸਬੂਤਾਂ ਮੁਤਾਬਕ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਫੰਡਿੰਗ ਪ੍ਰਾਪਤ ਹੋ ਰਹੀ ਸੀ। ਡੀਜੀਪੀ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਤੁਰੰਤ ਕਾਰਵਾਈ ਕਰਦਿਆਂ ਇਹ ਯਕੀਨੀ ਬਣਾਇਆ ਕਿ ਕਿਸੇ ਵੀ ਦੇਸ਼ ਵਿਰੋਧੀ ਗਤੀਵਿਧੀ ਨੂੰ ਅੰਜਾਮ ਨਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਾਊਂਟਰ ਇੰਟੈਲੀਜੈਂਸ ਬਠਿੰਡਾ ਅਤੇ ਬਠਿੰਡਾ ਪੁਲਿਸ ਨੇ ਸਾਂਝੇ ਤੌਰ 'ਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਪੇਸ਼ੇਵਰ ਅਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਬਠਿੰਡਾ ਅਮਨੀਤ ਕੌਂਡਲ ਨੇ ਦੱਸਿਆ ਕਿ ਤਕਨੀਕੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਪਿੰਡ ਭਿਸਿਆਣਾ ਵਿਖੇ ਪੀਐਮ ਕੇਂਦਰੀ ਵਿਦਿਆਲਿਆ ਦੀਆਂ ਕੰਧਾਂ 'ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖਣ ਵਾਲੇ ਦੋਵੇਂ ਮੁੱਖ ਦੋਸ਼ੀਆਂ ਨਵਜੋਤ ਉਰਫ਼ ਜੋਤਾ ਅਤੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਤੋਂ ਬਾਅਦ, ਕਾਊਂਟਰ ਇੰਟੈਲੀਜੈਂਸ ਬਠਿੰਡਾ ਦੀਆਂ ਪੁਲਿਸ ਟੀਮਾਂ ਨੇ ਦੋਸ਼ੀ ਹਰਜਿੰਦਰ ਸਿੰਘ, ਜਿਸਨੇ ਪਿੰਡ ਮਾਨਾਂਵਾਲਾ ਦੇ ਸਕੂਲ ਦੀ ਕੰਧ 'ਤੇ ਨਾਅਰੇ ਲਿਖੇ ਸਨ, ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਪੈਸੇ ਦੇ ਬਦਲੇ ਵਿਦੇਸ਼ ਅਧਾਰਤ ਵਿਅਕਤੀ ਪਵਨਪ੍ਰੀਤ ਸਿੰਘ ਉਰਫ਼ ਦੀਪ ਚਾਹਲ, ਜੋ ਕਿ ਗੁਰਪਤਵੰਤ ਸਿੰਘ ਪੰਨੂ ਦਾ ਕਰੀਬੀ ਸਾਥੀ ਹੈ, ਦੇ ਨਿਰਦੇਸ਼ਾਂ 'ਤੇ ਕੰਧਾਂ 'ਤੇ ਨਾਅਰੇ ਲਿਖੇ ਸਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਏਆਈਜੀ ਸੀਆਈ ਬਠਿੰਡਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਹਰਜਿੰਦਰ ਨੇ ਖੁਲਾਸਾ ਕੀਤਾ ਹੈ ਕਿ ਮੁਲਜ਼ਮ ਨਵਜੋਤ ਨੇ ਉਸਨੂੰ ਪਵਨਪ੍ਰੀਤ ਸਿੰਘ ਉਰਫ਼ ਦੀਪ ਚਾਹਲ, ਜਿਸਨੇ ਉਸਨੂੰ ਸਲੋਗਨ ਲਿਖਣ ਲਈ ਕਿਹਾ ਸੀ ਅਤੇ ਬਦਲੇ ਵਿੱਚ ਉਸ ਨੂੰ 2000 ਰੁਪਏ ਦਿੱਤੇ ਸਨ, ਨਾਲ ਜਾਣ-ਪਛਾਣ ਕਰਵਾਈ ਸੀ।

ਇਸ ਸਬੰਧੀ ਐਫਆਈਆਰ ਨੰਬਰ 197 ਮਿਤੀ 23/10/25 ਨੂੰ ਬਠਿੰਡਾ ਦੇ ਥਾਣਾ ਰਾਮਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 197 (1) ਅਤੇ ਪੰਜਾਬ ਪ੍ਰੀਵੈਂਸ਼ਨ ਆਫ਼ ਡੀਫੇਸਮੈਂਟ ਪ੍ਰਾਪਰਟੀ ਆਰਡੀਨੈਂਸ ਐਕਟ ਦੀ ਧਾਰਾ 3 ਅਧੀਨ ਅਤੇ ਐਫਆਈਆਰ ਨੰਬਰ 242 ਮਿਤੀ 27/10/25 ਨੂੰ ਬਠਿੰਡਾ ਦੇ ਥਾਣਾ ਨੇਹੀਆਂ ਵਾਲਾ ਵਿਖੇ ਬੀਐਨਐਸ ਦੀ ਧਾਰਾ 197 (1) ਅਤੇ 3 (5) ਅਤੇ ਪੰਜਾਬ ਪ੍ਰੀਵੈਂਸ਼ਨ ਆਫ਼ ਡੀਫੇਸਮੈਂਟ ਪ੍ਰਾਪਰਟੀ ਆਰਡੀਨੈਂਸ ਐਕਟ ਦੀ ਧਾਰਾ 3 ਅਧੀਨ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਸਾਂਸਦ ਵਿਕਰਮਜੀਤ ਸਿੰਘ ਸਾਹਨੀ ਨੇ 1984 ਨਸ਼ਲਕੁਸ਼ੀ ਦੌਰਾਨ ਆਪਣੇ ਪਰਿਵਾਰਕ ਮੈਂਬਰਾਂ ਦੇ ਦੁਖਦਾਈ ਨੁਕਸਾਨ ਨੂੰ ਯਾਦ ਕੀਤਾ

ਚੰਡੀਗੜ੍ਹ, 31 ਅਕਤੂਬਰ (ਅੰਮ੍ਰਿਤਪਾਲ ਸਿੰਘ) : 1984 ਦੇ ਸਿੱਖ ਵਿਰੋਧੀ ਨਸਲਕੁਸ਼ੀ ਦੀ ਵਰ੍ਹੇਗੰਢ 'ਤੇ ਪੰਜਾਬ ਤੋਂ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਭੀੜ ਦੁਆਰਾ ਸਿੱਖ ਭਾਈਚਾਰੇ 'ਤੇ ਕੀਤੇ ਗਏ ਵਹਿਸ਼ੀ ਅਤੇ ਅਣਮਨੁੱਖੀ ਹਮਲੇ ਨੂੰ ਯਾਦ ਕੀਤਾ ਡਾ. ਸਾਹਨੀ ਨੇ ਕਿਹਾ ਕਿ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਨਵੀਂ ਦਿੱਲੀ ਦੇ ਪਹਾੜਗੰਜ ਵਿਖੇ ਉਨ੍ਹਾਂ ਦੀ ਪੇਂਟ ਫੈਕਟਰੀ ਵਿੱਚ ਬੇਰਹਿਮੀ ਨਾਲ ਜ਼ਿੰਦਾ ਸਾੜ ਦਿੱਤਾ ਗਿਆ ਸੀ। ਉਹ ਉਸੇ ਰਾਤ ਕੋਟਕਪੂਰਾ ਤੋਂ ਪੰਜਾਬ ਮੇਲ 'ਤੇ ਸਵਾਰ ਹੋ ਕੇ ਆਲ ਇੰਡੀਆ ਰੇਡੀਓ 'ਤੇ ਇੱਕ ਪ੍ਰੋਗਰਾਮ ਯੁਵਾ ਵਾਣੀ ਪੇਸ਼ ਕਰਨ ਲਈ ਦਿੱਲੀ ਆਉਣ ਵਾਲੇ ਸਨ। ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਕਾਰ 'ਤੇ ਪੱਥਰਬਾਜ਼ੀ ਦੀ ਖ਼ਬਰ ਸੁਣਨ ਤੋਂ ਬਾਅਦ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਇਸ ਤਰ੍ਹਾਂ, ਉਨ੍ਹਾਂ ਨੇ ਆਪਣੀ ਜਾਨ ਬਚਾਈ ਕਿਉਂਕਿ 1-2 ਨਵੰਬਰ ਦੌਰਾਨ ਰੇਲ ਗੱਡੀਆਂ 'ਤੇ ਯਾਤਰਾ ਕਰਨ ਵਾਲੇ ਹਰ ਸਿੱਖ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਸੀ। "ਮੈਨੂੰ ਸਾਫ਼ ਯਾਦ ਹੈ ਕਿ ਮੇਰੇ ਚਾਰ ਚਚੇਰੇ ਭਰਾਵਾਂ ਦੀਆਂ ਲਾਸ਼ਾਂ ਘਰ ਲਿਆਂਦੀਆਂ ਗਈਆਂ ਸਨ ਅਤੇ ਮੇਰੇ ਤਾਇਆ ਜੀ ਨੇ ਵੀ ਇਸ ਭਿਆਨਕ ਸਦਮੇ ਕਾਰਨ ਆਪਣੀ ਜਾਨ ਦੇ ਦਿੱਤੀ।"ਡਾ. ਸਾਹਨੀ ਨੇ ਕਿਹਾ ਕਿ ਡਾ. ਸਾਹਨੀ ਨੇ ਇਹ ਵੀ ਕਿਹਾ ਕਿ ਨਸਲਕੁਸ਼ੀ ਪਹਿਲਾਂ ਤੋਂ ਯੋਜਨਾਬੱਧ ਸੀ ! ਉਹਨਾਂ ਕਿਹਾ ਕਿ ਮੈਨੂੰ ਹਾਲੇ ਵੀ ਯਾਦ ਹੈ ਕਿ ਸਿੱਖਾਂ ਨੂੰ ਮਾਰਨ ਅਤੇ ਜਾਇਦਾਦ ਸਾੜਨ ਲਈ ਲੋਹੇ ਦੀਆਂ ਰਾਡਾਂ ਅਤੇ ਚਿੱਟੇ ਪਦਾਰਥ ਦੀ ਵਰਤੋਂ ਕੀਤੀ ਜਾ ਰਹੀ ਸੀ। ਸਿੱਖ ਭਾਈਚਾਰੇ ਨੂੰ ਮਾਰਨ, ਸਿੱਖ ਕੁੜੀਆਂ ਨਾਲ ਬਲਾਤਕਾਰ ਕਰਨ, ਸਿੱਖਾਂ ਦੇ ਗਲੇ ਵਿੱਚ ਸੜਦੇ ਟਾਇਰ ਪਾਉਣ ਲਈ ਜੇਲ੍ਹਾਂ ਵਿੱਚੋਂ ਕੱਟੜ ਅਪਰਾਧੀਆਂ ਨੂੰ ਵੀ ਰਿਹਾਅ ਕੀਤਾ ਗਿਆ ਸੀ। ਇਹ ਸੱਚਮੁੱਚ ਇੱਕ ਭਿਆਨਕ ਨਸਲਕੁਸ਼ੀ ਸੀ ਜਿਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਨਿਰਦੋਸ਼ ਸਿੱਖਾਂ ਦੀ ਬੇਰਹਿਮੀ ਅਤੇ ਬੇਰਹਿਮੀ ਨਾਲ ਹੱਤਿਆ ਸਿਖਰ 'ਤੇ ਸੀ। ਡਾ. ਸਾਹਨੀ ਨੇ ਇਹ ਵੀ ਕਿਹਾ ਕਿ ਇਹ ਇੱਕ ਵਿਡੰਬਨਾ ਹੈ ਕਿ ਐਫਆਈਆਰ ਦਰਜ ਨਹੀਂ ਕੀਤੀਆਂ ਜਾ ਰਹੀਆਂ ਸਨ ਕਿਉਂਕਿ ਪੁਲਿਸ ਉਨ੍ਹਾਂ ਰਾਜਨੀਤਿਕ ਨੇਤਾਵਾਂ ਨਾਲ ਹੱਥ ਮਿਲਾ ਰਹੀ ਸੀ ਜੋ ਵੱਧ ਤੋਂ ਵੱਧ ਸਿੱਖ ਮਰਦਾਂ ਅਤੇ ਔਰਤਾਂ ਨੂੰ ਮਾਰ ਕੇ ਆਪਣੀ ਵਫ਼ਾਦਾਰੀ ਸਾਬਤ ਕਰਨ ਲਈ ਇੱਕ ਦੂਜੇ ਤੋਂ ਅਗਾਂਹ ਜਾ ਕੇ ਕੋਸ਼ਿਸ਼ ਕਰ ਰਹੇ ਸਨ। ਡਾ. ਸਾਹਨੀ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਹੈ ਕਿ 40 ਸਾਲਾਂ ਬਾਅਦ ਇਨਸਾਫ਼ ਅਜੇ ਵੀ ਨਹੀਂ ਮਿਲ ਸਕਿਆ ਹੈ। ਇੰਨਾ ਘਿਨਾਉਣਾ ਅਪਰਾਧ ਕਰਨ ਲਈ ਇੱਕ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਨਹੀਂ ਸੁਣਾਈ ਗਈ। ਇਨਸਾਫ਼ ਵਿੱਚ ਦੇਰੀ ਇਨਸਾਫ਼ ਤੋਂ ਇਨਕਾਰ ਕਰਨ ਦੇ ਬਰਾਬਰ ਹੈ।

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਤੋਂ ਲੰਡਨ ਲਈ ਸਿੱਧੀ ਉਡਾਣ ਮੁੜ ਸ਼ੁਰੂ

30 ਅਕਤੂਬਰ ਨੂੰ ਪਹੁੰਚੀ, ਜੋ ਪੰਜਾਬ ਅਤੇ ਯੂਕੇ ਵਿੱਚ ਵੱਸਦੇ ਇਸ ਦੇ ਵਿਸ਼ਾਲ ਪ੍ਰਵਾਸੀ ਭਾਈਚਾਰੇ ਵਿਚਕਾਰ ਨਵੇਂ ਸਿਰੇ ਤੋਂ ਸਬੰਧਾਂ ਦਾ ਪ੍ਰਤੀਕ ਹੈ। ਸੂਤਰਾਂ ਅਨੁਸਾਰ ਸ਼ੁਰੂਆਤੀ ਉਡਾਣਾਂ ਪੂਰੀ ਸਮਰੱਥਾ ਨਾਲ ਚੱਲੀਆਂ, ਜਿਸ ਵਿੱਚ ਬਿਜ਼ਨਸ ਕਲਾਸ ਸੀਟਾਂ ਵੀ ਸ਼ਾਮਲ ਸਨ। ਜੋ ਯਾਤਰੀਆਂ ਵਿੱਚ ਮਜ਼ਬੂਤ ਮੰਗ ਅਤੇ ਉਤਸ਼ਾਹ ਨੂੰ ਦਰਸਾਉਂਦੀਆਂ ਹਨ।

ਮੌਜੂਦਾ ਸਮਾਂ-ਸੂਚੀ ਦੇ ਤਹਿਤ ਅੰਮ੍ਰਿਤਸਰ-ਲੰਡਨ ਗੈਟਵਿਕ ਉਡਾਣ ਹਫ਼ਤੇ ਵਿੱਚ ਤਿੰਨ ਵਾਰ-ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਚੱਲੇਗੀ। ਇਹ ਅੰਮ੍ਰਿਤਸਰ ਤੋਂ ਦੁਪਹਿਰ 12:35 ਵਜੇ ਰਵਾਨਾ ਹੋਵੇਗੀ ਅਤੇ ਲੰਡਨ ਵਿੱਚ ਸ਼ਾਮ 6:00 ਵਜੇ (ਸਥਾਨਕ ਸਮਾਂ) ਪਹੁੰਚੇਗੀ, ਜਿਸ ਵਿੱਚ ਲਗਭਗ 10 ਘੰਟੇ ਅਤੇ 55 ਮਿੰਟ ਲੱਗਣਗੇ। ਵਾਪਸੀ ਦੀ ਉਡਾਣ ਉਸੇ ਦਿਨ ਰਾਤ 8:00 ਵਜੇ ਲੰਡਨ ਤੋਂ ਰਵਾਨਾ ਹੋਵੇਗੀ ਅਤੇ 9 ਘੰਟੇ ਅਤੇ 50 ਮਿੰਟ ਦੀ ਯਾਤਰਾ ਤੋਂ ਬਾਅਦ ਅਗਲੀ ਸਵੇਰ 11:20 ਵਜੇ ਅੰਮ੍ਰਿਤਸਰ ਪਹੁੰਚੇਗੀ। ਪਾਕਿਸਤਾਨ ਦੀ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਉਡਾਣ ਦੀ ਮਿਆਦ ਇਸ ਵੇਲੇ ਆਮ ਨਾਲੋਂ 1.5 ਤੋਂ 2 ਘੰਟੇ ਵੱਧ ਹੈ।

ਵੇਰਵਿਆਂ ਅਨੁਸਾਰ ਏਅਰ ਇੰਡੀਆ ਹਫ਼ਤੇ ਵਿੱਚ ਤਿੰਨ ਦਿਨ ਆਪਣੀ ਅੰਮ੍ਰਿਤਸਰ-ਬਰਮਿੰਘਮ ਸੇਵਾ ਵੀ ਜਾਰੀ ਰੱਖੇਗੀ, ਜਿਸ ਨਾਲ ਪੰਜਾਬ ਅਤੇ ਯੂਨਾਈਟਿਡ ਕਿੰਗਡਮ ਵਿਚਕਾਰ ਹਵਾਈ ਕਨੈਕਟੀਵਿਟੀ ਹੋਰ ਮਜ਼ਬੂਤ ਹੋਵੇਗੀ।

ਇਸ ਮੁੜ ਸ਼ੁਰੂਆਤ ਦਾ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸਵਾਗਤ ਕੀਤਾ ਗਿਆ। ਜਿਨ੍ਹਾਂ ਦੀ ਨੁਮਾਇੰਦਗੀ ਸਮੀਪ ਸਿੰਘ ਗੁਮਟਾਲਾ ਅਤੇ ਯੋਗੇਸ਼ ਕਾਮਰਾ ਨੇ ਕੀਤੀ।

ਇੱਕ ਸਾਂਝੇ ਬਿਆਨ ਵਿੱਚ ਗੁਮਟਾਲਾ ਅਤੇ ਕਾਮਰਾ ਨੇ ਕਿਹਾ, "ਇਸ ਉਡਾਣ ਦੇ ਮੁੜ ਸ਼ੁਰੂ ਹੋਣ ਨਾਲ ਨਾ ਸਿਰਫ਼ ਯਾਤਰੀਆਂ ਦੀ ਆਵਾਜਾਈ ਬਹਾਲ ਹੋਈ ਹੈ ਬਲਕਿ ਮਹੱਤਵਪੂਰਨ ਕਾਰਗੋ ਨਿਰਯਾਤ ਦੇ ਮੌਕੇ ਵੀ ਮੁੜ ਖੁੱਲ੍ਹ ਗਏ ਹਨ।''

ਉਨ੍ਹਾਂ ਕਿਹਾ ਕਿ ਪੰਜਾਬ ਦੇ ਨਿਰਯਾਤਕਾਂ ਅਤੇ ਉਦਯੋਗਾਂ ਨੂੰ ਹੁਣ ਯੂਕੇ ਦੇ ਬਾਜ਼ਾਰਾਂ ਤੱਕ ਸਿੱਧੀ ਪਹੁੰਚ ਮੁੜ ਮਿਲ ਗਈ ਹੈ।

## ਪਟੇਲ ਪੂਰੇ ਕਸ਼ਮੀਰ ਨੂੰ ਭਾਰਤ 'ਚ ਸ਼ਾਮਲ

ਕਾਰਨ ਦੇਸ਼ ਦਹਾਕਿਆਂ ਤੱਕ ਦੁੱਖ ਝੱਲਦਾ ਰਿਹਾ।'ਮੋਦੀ ਨੇ ਕਿਹਾ ਕਿ ਸਰਦਾਰ ਪਟੇਲ ਲਈ ਦੇਸ਼ ਦੀ ਪ੍ਰਭੂਸੱਤਾ ਸਭ ਤੋਂ ਉੱਪਰ ਸੀ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ, ਸਰਕਾਰਾਂ ਨੇ ਦੇਸ਼ ਦੀ ਪ੍ਰਭੂਸੱਤਾ ਪ੍ਰਤੀ ਉਹੀ ਗੰਭੀਰਤਾ ਨਹੀਂ ਦਿਖਾਈ। ਉਨ੍ਹਾਂ ਕਿਹਾ,'ਕਸ਼ਮੀਰ ਵਿੱਚ ਕੀਤੀਆਂ ਗਈਆਂ ਗਲਤੀਆਂ,ਉੱਤਰ-ਪੂਰਬ ਵਿੱਚ ਪੈਦਾ ਹੋਈਆਂ ਸਮੱਸਿਆਵਾਂ ਅਤੇ ਦੇਸ਼ ਭਰ ਵਿੱਚ ਨਕਸਲਵਾਦ ਅਤੇ ਮਾਓਵਾਦ ਦੇ ਫੈਲਾਅ ਨੇ ਦੇਸ਼ ਦੀ ਪ੍ਰਭੂਸੱਤਾ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕੀਤੀਆਂ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਦਾਰ ਪਟੇਲ ਦੀਆਂ ਨੀਤੀਆਂ ਦੀ ਪਾਲਣਾ ਕਰਨ ਦੀ ਬਜਾਏ, ਉਸ ਸਮੇਂ ਦੀਆਂ ਸਰਕਾਰਾਂ ਨੇ ਰੀੜ੍ਹ ਦੀ ਹੱਡੀ ਤੋਂ ਰਹਿਤ ਰਵੱਈਆ ਅਪਣਾਇਆ। ਉਨ੍ਹਾਂ ਕਿਹਾ,'ਕਾਂਗਰਸ ਦੀਆਂ ਕਮਜ਼ੋਰ ਨੀਤੀਆਂ ਕਾਰਨ, ਕਸ਼ਮੀਰ ਦਾ ਇੱਕ ਹਿੱਸਾ ਪਾਕਿਸਤਾਨ ਦੇ ਗੈਰ-ਕਾਨੂੰਨੀ ਕਬਜ਼ੇ ਹੇਠ ਆ ਗਿਆ, ਜਿਸਨੇ ਫਿਰ ਰਾਜ-ਪ੍ਰਯੋਜਿਤ ਅੱਤਵਾਦ ਨੂੰ ਉਤਸ਼ਾਹਿਤ ਕੀਤਾ। ਕਸ਼ਮੀਰ ਅਤੇ ਦੇਸ਼ ਨੇ ਭਾਰੀ ਕੀਮਤ ਚੁਕਾਈ, ਫਿਰ ਵੀ ਕਾਂਗਰਸ ਹਮੇਸ਼ਾ ਅੱਤਵਾਦ ਅੱਗੇ ਝੁਕਦੀ ਰਹੀ।' ਉਹ ਸਰਦਾਰ ਪਟੇਲ ਦੇ ਦ੍ਰਿਸ਼ਟੀਕੋਣ ਨੂੰ ਭੁੱਲ ਗਏ ਹਨ ਪਰ ਅਸੀਂ ਨਹੀਂ ਭੁੱਲੇ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਧਾਰਾ 370 ਦੀਆਂ 'ਬੇੜੀਆਂ' ਤੋੜ ਕੇ ਕਸ਼ਮੀਰ ਪੂਰੀ ਤਰ੍ਹਾਂ ਮੁੱਖ ਧਾਰਾ ਵਿੱਚ ਸ਼ਾਮਲ ਹੋ ਗਿਆ ਹੈ।ਉਨ੍ਹਾਂ ਕਿਹਾ,'ਅੱਜ, ਪਾਕਿਸਤਾਨ ਅਤੇ ਅੱਤਵਾਦੀ ਵੀ ਭਾਰਤ ਦੀ ਅਸਲ ਤਾਕਤ ਨੂੰ ਜਾਣਦੇ ਹਨ। 'ਆਪ੍ਰੇਸ਼ਨ ਸਿੰਦੂਰ' ਵਿੱਚ, ਦੁਨੀਆ ਨੇ ਦੇਖਿਆ ਕਿ ਜੇਕਰ ਕੋਈ ਭਾਰਤ 'ਤੇ ਬੁਰੀ ਨਜ਼ਰ ਰੱਖਦਾ ਹੈ, ਤਾਂ ਅਸੀਂ ਉਨ੍ਹਾਂ ਦੇ ਘਰ ਵਿੱਚ ਵੜ ਕੇ ਉਨ੍ਹਾਂ ਨੂੰ ਤਬਾਹ ਕਰ ਦੇਵਾਂਗੇ। ਇਹ ਸਰਦਾਰ ਪਟੇਲ ਦਾ ਭਾਰਤ ਹੈ।' ਪਿਛਲੇ 11 ਸਾਲਾਂ ਵਿੱਚ ਨਕਸਲਵਾਦ ਵਿਰੁੱਧ ਸਰਕਾਰ ਦੀ ਕਾਰਵਾਈ ਨੂੰ ਉਜਾਗਰ ਕਰਦੇ ਹੋਏ, ਮੋਦੀ ਨੇ ਕਿਹਾ ਕਿ ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਇਸ ਸਮੱਸਿਆ ਨੂੰ ਦੇਸ਼ ਵਿੱਚੋਂ ਖਤਮ ਨਹੀਂ ਕਰ ਦਿੱਤਾ ਜਾਂਦਾ।ਮੋਦੀ ਨੇ ਕਿਹਾ,'2014 ਤੋਂ ਪਹਿਲਾਂ, ਦੇਸ਼ ਦੇ ਲਗਭਗ 125 ਜ਼ਿਲ੍ਹੇ ਮਾਓਵਾਦੀ ਅੱਤਵਾਦ ਤੋਂ ਪ੍ਰਭਾਵਿਤ ਸਨ। ਅੱਜ, ਇਹ 11 ਜ਼ਿਲ੍ਹਿਆਂ ਤੱਕ ਸੀਮਤ ਹੈ। ਅਤੇ ਉਨ੍ਹਾਂ ਵਿੱਚੋਂ ਵੀ, ਨਕਸਲਵਾਦ ਸਿਰਫ ਤਿੰਨ ਜ਼ਿਲ੍ਹਿਆਂ ਵਿੱਚ ਹੀ ਬਚਿਆ ਹੋਇਆ ਹੈ।' ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀ ਭਾਰਤ ਦੀ ਏਕਤਾ ਅਤੇ ਅੰਦਰੂਨੀ ਸੁਰੱਖਿਆ ਲਈ ਵੀ ਗੰਭੀਰ ਖ਼ਤਰਾ ਹਨ।

## ਪਿਛਲੇ 5 ਸਾਲਾਂ ਦੌਰਾਨ ਦੂਜਾ ਸਭ ਤੋਂ ਵੱਧ

ਦਿੱਲੀ ਦਾ ਔਸਤ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) 224 ਸੀ, ਜੋ ਕਿ 'ਮਾੜੀ ਸ਼੍ਰੇਣੀ' ਵਿੱਚ ਆਉਂਦਾ ਹੈ। ਇਹ ਸਾਲ ਅਕਤੂਬਰ 2024 (ਏਕਿਊਆਈ 234) ਨਾਲੋਂ ਥੋੜ੍ਹਾ ਬਿਹਤਰ ਹੈ ਪਰ 2023 (218), 2022 (210) ਅਤੇ 2021 (173) ਨਾਲੋਂ ਬਹੁਤ ਮਾੜਾ ਹੈ। ਦਿੱਲੀ ਦੀ ਹਵਾ ਦੀ ਗੁਣਵੱਤਾ ਵਿਚ ਸ਼ੁੱਕਰਵਾਰ ਨੂੰ ਥੋੜ੍ਹਾ ਜਿਹਾ ਸੁਧਾਰ ਹੋਇਆ, ਜੋ ਇੱਕ ਦਿਨ ਪਹਿਲਾਂ ਦਰਜ ਕੀਤੀ ਗਈ 'ਬਹੁਤ ਮਾੜੀ' ਸ਼੍ਰੇਣੀ ਤੋਂ 'ਮਾੜੀ' ਸ਼੍ਰੇਣੀ ਵਿੱਚ ਆ ਗਈ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅਨੁਸਾਰ ਸਵੇਰੇ 9 ਵਜੇ ਸਮੁੱਚਾ ਹਵਾ ਗੁਣਵੱਤਾ ਸੂਚਕਾਂਕ (ਏਕਿਊਆਈ) 268 ਦਰਜ ਕੀਤਾ ਗਿਆ, ਜੋ ਵੀਰਵਾਰ ਦੇ 373 ਦੇਏਕਿਊਆਈ ਤੋਂ ਘੱਟ ਹੈ। ਸੀਪੀਸੀਬੀ ਦੇ 'ਸਮੀਰ' ਐਪ ਦੇ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਰਾਸ਼ਟਰੀ ਰਾਜਧਾਨੀ ਵਿੱਚ 12 ਰੈੱਡ ਜ਼ੋਨ ਹਨ, ਜਿਨ੍ਹਾਂ ਵਿੱਚੋਂ ਵਜ਼ੀਰਪੁਰ ਵਿੱਚ ਸਭ ਤੋਂ ਵੱਧ ਏਕਿਊਆਈ 355 ਦਰਜ ਕੀਤਾ ਗਿਆ ਹੈ, ਉਸ ਤੋਂ ਬਾਅਦ ਬਵਾਨਾ 349 ਹੈ। ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 21.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ ਲਗਭਗ 5.5 ਡਿਗਰੀ ਵੱਧ ਸੀ, ਜਦੋਂ ਕਿ ਸਾਪੇਖਿਕ ਨਮੀ 98 ਪ੍ਰਤੀਸ਼ਤ ਸੀ। ਵੱਧ ਤੋਂ ਵੱਧ ਤਾਪਮਾਨ 29 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦੀ ਉਮੀਦ ਹੈ, ਮੌਸਮ ਵਿਭਾਗ ਨੇ ਦਿਨ ਵੇਲੇ ਧੁੰਦ ਪੈਣ ਦੀ ਭਵਿੱਖਬਾਣੀ ਕੀਤੀ ਹੈ।

## ਪਟਿਆਲਾ 'ਚ ਸਾਬਕਾ ਅਕਾਲੀ ਕੌਂਸਲਰ ਬੱਬੀ ਮਾਨ

ਉਨ੍ਹਾਂ ਨੇ ਆਪਣੀ ਰਿਹਾਇਸ਼ ਮਹਾਂਵੀਰ ਮੰਦਰ ਚੌਂਕ ਵਿਖੇ ਆਪਣੇ ਘਰ ਵਿਚ ਹੀ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ ਹੈ। ਪੁਲਿਸ ਅਜੇ ਕਾਰਨਾਂ ਦੀ ਜਾਂਚ ਵਿਚ ਜੁਟੀ ਹੋਈ ਹੈ।

## ਮੁਅੱਤਲ ਡੀ.ਆਈ.ਜੀ. ਭੁੱਲਰ ਦੀ ਨਿਆਂਇਕ

ਉਥੋਂ 7.5 ਕਰੋੜ ਰੁਪਏ ਦੀ ਨਕਦੀ ਤੋਂ ਇਲਾਵਾ 2.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਜ਼ਬਤ ਕੀਤੇ ਸਨ। ਇਸ ਤੋਂ ਇਲਾਵਾ ਤਲਾਸ਼ੀ ਮੁਹਿੰਮ ਦੌਰਾਨ ਰੋਲੈਕਸ ਤੇ ਰਾਡੋ ਬਰਾਂਡ ਸਣੇ 26 ਲਗਜ਼ਰੀ ਘੜੀਆਂ, ਪਰਿਵਾਰਕ ਮੈਂਬਰਾਂ ਅਤੇ ਸ਼ੱਕੀ ਬੇਨਾਮੀ ਸੰਸਥਾਵਾਂ ਦੇ ਨਾਮ 'ਤੇ 50 ਤੋਂ ਵੱਧ ਅਚੱਲ ਜਾਇਦਾਦਾਂ ਨਾਲ ਸੰਬੰਧਤ ਦਸਤਾਵੇਜ਼, ਲਾਕਰ ਦੀਆਂ ਚਾਬੀਆਂ ਅਤੇ ਕਈ ਬੈਂਕ ਖਾਤਿਆਂ ਦੇ ਵੇਰਵੇ ਅਤੇ 100 ਜ਼ਿੰਦਾ ਕਾਰਤੂਸਾਂ ਦੇ ਨਾਲ ਚਾਰ ਹਥਿਆਰ ਵੀ ਜ਼ਬਤ ਕੀਤੇ ਸਨ। ਸੀਬੀਆਈ ਨੇ ਲੰਘੇ ਦਿਨੀਂ ਭੁੱਲਰ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਦਾ ਇਕ ਨਵਾਂ ਕੇਸ ਦਰਜ ਕੀਤਾ ਹੈ।

## ਦਿੱਲੀ 'ਚ ਸਿੱਖ ਨਸਲਕੁਸ਼ੀ ਦੌਰਾਨ ਮੈਨੂੰ

ਉਨ੍ਹਾਂ ਨੂੰ ਮੇਰੇ ਇਕ ਹਿੰਦੂ ਦੋਸਤ ਨੇ ਸਾਂਝੇ ਸਿਰ ਬਚਾ ਲਿਆ ਅਤੇ ਅਸੀਂ ਖਾਨ ਮਾਰਕੀਟ ਵਿੱਚ ਮੇਰੇ ਦਾਦਾ ਜੀ ਦੇ ਪਹਿਲੀ ਮੰਜ਼ਿਲ ਵਾਲੇ ਘਰ ਵਿੱਚ ਲੁਕ ਗਏ। ਦਿੱਲੀ ਅਤੇ ਭਾਰਤ ਦੇ ਕਈ ਹੋਰ ਹਿੱਸਿਆਂ ਵਿੱਚ ਅਨਕਿਆਸੀ ਹਿੰਸਾ ਫੈਲੀ ਹੋਈ ਸੀ।'' '84 ਦੇ ਦੰਗਿਆਂ ਲਈ ਕਾਂਗਰਸ ਨੂੰ ਲੰਮੇ ਹੱਥੀਂ ਲੈਂਦਿਆਂ ਪੁਰੀ ਨੇ ਕਿਹਾ ਕਿ ਅੱਜ ਹਿੰਸਾ ਦੇ ਉਨ੍ਹਾਂ ਕਾਲੇ ਦਿਨਾਂ ਨੂੰ ਗੁੱਸੇ ਨਾਲ ਯਾਦ ਕਰਨ ਦਾ ਵੇਲਾ ਹੈ। ਅਸੀਂ ਦੰਗਾ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਅਤੇ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੇ ਦੁੱਖ ਅਤੇ ਦਰਦ ਨਾਲ ਹਮਦਰਦੀ ਰੱਖਦੇ ਹਾਂ। ਉਨ੍ਹਾਂ ਕਿਹਾ, "ਸਮਾਂ ਆ ਗਿਆ ਹੈ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਮਾਵੇਸ਼ੀ ਵਿਕਾਸ ਅਤੇ ਸ਼ਾਂਤੀ ਦੇ ਯੁੱਗ ਦੀ ਕਦਰ ਕਰੀਏ। ਅੱਜ ਭਾਰਤ ਨਾ ਸਿਰਫ਼ ਆਪਣੀਆਂ ਘੱਟਗਿਣਤੀਆਂ ਨੂੰ ਸੁਰੱਖਿਅਤ ਰੱਖਦਾ ਹੈ ਬਲਕਿ ਬਿਨਾਂ ਕਿਸੇ ਪੱਖਪਾਤ ਜਾਂ ਭੇਦਭਾਵ ਦੇ 'ਸਭਕਾ ਸਾਥ, ਸਭਕਾ ਵਿਕਾਸ' ਯਕੀਨੀ ਬਣਾਉਂਦਾ ਹੈ।''

ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ 1984 ਦੇ ਦੰਗਿਆਂ ਨੂੰ ਕਦੇ ਨਾ ਭੁੱਲਣ। ਪੁਰੀ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਕਾਲੇ ਧੱਬਿਆਂ ਵਿੱਚੋਂ ਇੱਕ ਦੱਸਿਆ।

ਕੇਂਦਰੀ ਮੰਤਰੀ ਨੇ ਕਿਹਾ, "1984 ਦੇ ਉਨ੍ਹਾਂ ਦਿਨਾਂ ਨੂੰ ਯਾਦ ਕਰਕੇ ਅੱਜ ਵੀ ਮੈਨੂੰ ਕੰਬਣੀ ਆਉਂਦੀ ਹੈ... ਜਦੋਂ ਬੇਸਹਾਰਾ ਅਤੇ ਨਿਰਦੋਸ਼ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਸੀ, ਅਤੇ ਕਾਂਗਰਸੀ ਆਗੂਆਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਵਾਲੀ ਭੀੜ ਨੇ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਧਾਰਮਿਕ ਸਥਾਨਾਂ ਨੂੰ ਲੁੱਟਿਆ ਸੀ। ਇਹ ਸਭ ਇੰਦਰਾ ਗਾਂਧੀ ਦੇ ਘਿਨਾਉਣੇ ਕਤਲ ਦਾ 'ਬਦਲਾ' ਲੈਣ ਦੇ ਨਾਮ 'ਤੇ ਸੀ।'' ਮੰਤਰੀ ਨੇ ਅੱਗੇ ਕਿਹਾ ਕਿ ਇਹ ਉਦੋਂ ਸੀ ਜਦੋਂ ਪੁਲੀਸ ਨੂੰ ਮੂਕ ਦਰਸ਼ਕ ਬਣ ਕੇ ਖੜ੍ਹੀ ਰਹਿਣ ਲਈ ਮਜਬੂਰ ਕੀਤਾ ਗਿਆ। ਸਿੱਖਾਂ ਨੂੰ ਉਨ੍ਹਾਂ ਦੇ ਘਰਾਂ, ਵਾਹਨਾਂ ਅਤੇ ਗੁਰਦੁਆਰਿਆਂ ਤੋਂ ਬਾਹਰ ਕੱਢ ਕੇ ਜ਼ਿੰਦਾ ਸਾੜਿਆ ਜਾ ਰਿਹਾ ਸੀ। ਰਖਵਾਲੇ ਹੀ ਅਪਰਾਧੀ ਬਣ ਗਏ ਸਨ। ਸਿੱਖਾਂ ਦੀ ਮਾਲਕੀ ਵਾਲੇ ਘਰਾਂ ਅਤੇ ਜਾਇਦਾਦਾਂ ਦੀ ਪਛਾਣ ਕਰਨ ਲਈ ਵੋਟਰ ਸੂਚੀਆਂ ਦੀ ਵਰਤੋਂ ਕੀਤੀ ਗਈ; ਕਈ ਦਿਨਾਂ ਤੱਕ ਹਿੰਸਕ ਭੀੜ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਪੁਰੀ ਨੇ ਕਿਹਾ, "ਇਸ ਦੀ ਬਜਾਏ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸਿੱਖਾਂ ਦੇ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ 'ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੈ।'' ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਗੁਰਦੁਆਰਿਆਂ ਦੇ ਬਾਹਰ ਹਿੰਸਕ ਹਜੂਮ ਦੀ ਅਗਵਾਈ ਕਰਦੇ ਦੇਖੇ ਗਏ, ਜਦੋਂ ਕਿ ਪੁਲਿਸ ਮੂਕ ਦਰਸ਼ਕ ਬਣ ਕੇ ਸਭ ਕੁਝ ਦੇਖਦੀ ਰਹੀ। ਮੰਤਰੀ ਨੇ ਕਿਹਾ, "ਕਾਨੂੰਨ ਵਿਵਸਥਾ ਬਣਾਈ ਰੱਖਣ ਵਾਲੀਆਂ ਸੰਸਥਾਵਾਂ ਨੇ ਆਪਣਾ ਜ਼ਮੀਰ ਤਿਆਗ ਦਿੱਤਾ ਅਤੇ ਇਨ੍ਹਾਂ ਆਗੂਆਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਆਗੂਆਂ ਨੇ ਇੱਕ ਕਾਂਗਰਸੀ ਵਿਧਾਇਕ ਦੇ ਘਰ ਮੀਟਿੰਗ ਕੀਤੀ ਅਤੇ ਫੈਸਲਾ ਕੀਤਾ ਕਿ ਸਿੱਖਾਂ ਨੂੰ 'ਸਬਕ' ਸਿਖਾਇਆ ਜਾਣਾ ਚਾਹੀਦਾ ਹੈ। ਜਲਣਸ਼ੀਲ ਪਾਊਡਰ ਅਤੇ ਰਸਾਇਣ ਫੈਕਟਰੀਆਂ ਤੋਂ ਲੈ ਕੇ ਭੀੜ ਨੂੰ ਸੌਂਪੇ ਗਏ ਸਨ।''

ਉਨ੍ਹਾਂ ਕਿਹਾ ਕਿ ਸਾਲਾਂ ਬਾਅਦ ਨਾਨਾਵਤੀ ਕਮਿਸ਼ਨ (2005) ਨੇ ਇਸ ਦੀ ਪੁਸ਼ਟੀ ਕੀਤੀ। ਕਮਿਸ਼ਨ ਨੇ ਬਹੁਤ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ "ਕਾਂਗਰਸ (ਆਈ) ਦੇ ਆਗੂਆਂ ਵਿਰੁੱਧ ਭਰੋਸੇਯੋਗ ਸਬੂਤ ਹਨ ਜਿਨ੍ਹਾਂ ਨੇ ਭੀੜ ਦੀ ਅਗਵਾਈ ਕੀਤੀ ਅਤੇ ਹਮਲਿਆਂ ਨੂੰ ਭੜਕਾਇਆ।''

ਪੁਰੀ ਨੇ ਅਫਸੋਸ ਜਤਾਉਂਦਿਆਂ ਕਿਹਾ, "ਇੱਥੋਂ ਤੱਕ ਕਿ ਉਨ੍ਹਾਂ ਦੀ ਆਪਣੀ ਰਿਪੋਰਟ ਨੇ ਵੀ ਉਸ ਗੱਲ ਦੀ ਪੁਸ਼ਟੀ ਕੀਤੀ ਜੋ ਪੀੜਤ ਹਮੇਸ਼ਾ ਜਾਣਦੇ ਸਨ। ਕਾਂਗਰਸ ਕਤਲੇਆਮ ਨੂੰ ਰੋਕਣ ਵਿੱਚ ਅਸਫਲ ਨਹੀਂ ਰਹੀ ਬਲਕਿ ਉਸ ਨੇ ਇਸ ਨੂੰ ਸੰਭਵ ਬਣਾਇਆ। ਬਾਅਦ ਵਿੱਚ, ਕਾਂਗਰਸ ਨੇ ਦਹਾਕਿਆਂ ਤੱਕ ਸਿੱਖ ਵਿਰੋਧੀ ਹਿੰਸਾ ਤੋਂ ਬੇਸ਼ਰਮੀ ਨਾਲ ਇਨਕਾਰ ਕੀਤਾ। ਉਨ੍ਹਾਂ ਨੇ ਦੋਸ਼ੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਮੁਨਾਫ਼ੇ ਵਾਲੇ ਅਹੁਦਿਆਂ (ਚੋਣਾਂ ਲੜਨ ਲਈ ਪਾਰਟੀ ਟਿਕਟਾਂ ਵੀ) ਨਾਲ ਵੀ ਨਿਵਾਜ਼ਿਆ।

## ਭਾਰਤ ਤੇ ਅਮਰੀਕਾ ਵੱਲੋਂ ਨਵੇਂ ਰੱਖਿਆ

"ਕੁਆਲਾਲੰਪੁਰ ਵਿਚ ਆਪਣੇ ਅਮਰੀਕੀ ਹਮਰੁਤਬਾ ਨਾਲ ਬਹੁਤ ਕਾਰਗਰ ਮੁਲਾਕਾਤ ਹੋਈ। ਅਸੀਂ ਰੱਖਿਆ ਭਾਈਵਾਲੀ ਦੇ ਨਵੇਂ ਚੌਖਟੇ ਲਈ ਦਸ ਸਾਲਾ ਸਮਝੌਤਾ ਕੀਤਾ ਹੈ। ਇਹ ਸਾਡੀ ਪਹਿਲਾਂ ਤੋਂ ਮਜ਼ਬੂਤ ਰੱਖਿਆ ਭਾਈਵਾਲੀ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ।''

## ਅਦਾਲਤ ਦੇ ਹੁਕਮਾਂ ਦਾ ਕੋਈ ਸਤਿਕਾਰ

ਉਨ੍ਹਾਂ ਨੂੰ ਆਉਣ ਦਿਓ।'' ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 27 ਅਕਤੂਬਰ ਨੂੰ ਆਵਾਰਾ ਕੁੱਤਿਆਂ ਦੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਪੱਛਮੀ ਬੰਗਾਲ ਅਤੇ ਤਿਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਕੋਰਟ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਅਦਾਲਤ ਦੇ 22 ਅਗਸਤ ਦੇ ਹੁਕਮਾਂ ਦੇ ਬਾਵਜੂਦ ਹਲਫ਼ਨਾਮੇ ਕਿਉਂ ਦਾਇਰ ਨਹੀਂ ਕੀਤੇ ਗਏ।

ਸੁਪਰੀਮ ਕੋਰਟ ਨੇ 22 ਅਗਸਤ ਨੂੰ ਆਵਾਰਾ ਕੁੱਤਿਆਂ ਦੇ ਮਾਮਲੇ ਦਾ ਦਾਇਰਾ ਦਿੱਲੀ-ਕੌਮੀ ਰਾਜਧਾਨੀ ਖੇਤਰ ਦੀ ਹੱਦ ਤੋਂ ਵਧਾਉਂਦਿਆਂ ਨਿਰਦੇਸ਼ ਦਿੱਤਾ ਸੀ ਕਿ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਮਾਮਲੇ ਵਿੱਚ ਧਿਰ ਬਣਾਇਆ ਜਾਵੇ। ਕੋਰਟ ਨੇ ਸਾਰੇ ਰਾਜਾਂ ਦੇ ਮੁੱਖ ਸਕੱਤਰ ਨੂੰ ਅਦਾਲਤ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਬਾਰੇ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਸੀ।

## ਬੀ.ਸੀ.ਆਈ. ਨੂੰ 31 ਦਸੰਬਰ ਤੱਕ

ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਸਿਖਰਲੀ ਬਾਰ ਸੰਸਥਾ ਬਾਰ ਕੌਂਸਲ ਆਫ਼ ਇੰਡੀਆ ਨੂੰ 31 ਜਨਵਰੀ, 2026 ਤੱਕ ਉੱਤਰ ਪ੍ਰਦੇਸ਼ ਬਾਰ ਕੌਂਸਲ ਦੀਆਂ ਚੋਣਾਂ ਕਰਵਾਉਣ ਅਤੇ ਵੋਟਰਾਂ ਦੀਆਂ ਅਸਲ ਅਤੇ ਸੰਭਾਵੀ ਸ਼ਿਕਾਇਤਾਂ ਦਾ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ। ਸਿਖਰਲੀ ਅਦਾਲਤ ਨੇ ਇਹ ਨਿਰਦੇਸ਼ ਉਦੋਂ ਦਿੱਤੇ ਜਦੋਂ ਉਸ ਨੂੰ ਇਹ ਦੱਸਿਆ ਗਿਆ ਕਿ ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦੀਆਂ ਚੋਣਾਂ ਨੂੰ ਨੋਟੀਫਾਈ ਨਹੀਂ ਕੀਤਾ ਗਿਆ ਹੈ ਅਤੇ ਉੱਤਰ ਪ੍ਰਦੇਸ਼ ਵਿੱਚ ਵੋਟਰ ਸੂਚੀ ਵੈੱਬਸਾਈਟ 'ਤੇ ਅਪਲੋਡ ਨਹੀਂ ਕੀਤੀ ਜਾ ਰਹੀ ਹੈ। ਸੀਨੀਅਰ ਵਕੀਲ ਮਨਨ ਕੁਮਾਰ ਮਿਸ਼ਰਾ, ਜੋ ਬਾਰ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਨਿਯਮਾਂ ਅਨੁਸਾਰ ਚੋਣਾਂ ਕਰਵਾਉਣ ਅਤੇ ਇਸ ਦੀ ਸੂਚਨਾ ਦੇਣ ਵਿਚਕਾਰ 180 ਦਿਨ ਦਾ ਅੰਤਰ ਹੋਣਾ ਚਾਹੀਦਾ ਹੈ ਅਤੇ ਪੰਜਾਬ ਅਤੇ ਹਰਿਆਣਾ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜਸਟਿਸ ਕਾਂਤ ਨੇ ਮਿਸ਼ਰਾ ਨੂੰ ਵੱਖ-ਵੱਖ ਰਾਜਾਂ ਲਈ ਬਾਰ ਕੌਂਸਲ ਚੋਣਾਂ ਕਰਵਾਉਣ ਲਈ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਉਣ ਲਈ ਕਿਹਾ ਹੈ। ਮਿਸ਼ਰਾ ਨੇ ਕੋਰਟ ਨੂੰ ਦੱਸਿਆ ਕਿ ਇਹ ਹੋ ਗਿਆ ਹੈ ਅਤੇ ਇੱਕ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ ਵਿੱਚ ਪੈਨਲ ਬਣਾਇਆ ਗਿਆ ਹੈ। ਸਿਖਰਲੀ ਅਦਾਲਤ ਨੇ ਮਿਸ਼ਰਾ ਨੂੰ ਕਿਹਾ ਕਿ ਪੰਜਾਬ ਅਤੇ ਹਰਿਆਣਾ ਬਾਰ ਕੌਂਸਲਾਂ ਵਿੱਚ ਚੋਣਾਂ ਕਰਵਾਉਣ ਲਈ ਬੀਸੀਆਈ ਨੂੰ ਇੱਕ ਸੇਵਾਮੁਕਤ ਹਾਈ ਕੋਰਟ ਜੱਜ ਦੀ ਅਗਵਾਈ ਵਿੱਚ ਇੱਕ ਹੋਰ ਪੈਨਲ ਨਿਯੁਕਤ ਕਰਨਾ ਚਾਹੀਦਾ ਹੈ। ਬੈਂਚ ਨੇ ਕਿਹਾ ਕਿ ਉਹ 31 ਦਸੰਬਰ, 2025 ਤੱਕ ਚੋਣਾਂ ਕਰਵਾਉਣ ਦੀ ਕੋਸ਼ਿਸ਼ ਕਰੇ ਅਤੇ ਕੋਈ ਵੀ ਮੁਸ਼ਕਲ ਆਉਂਦੀ ਹੈ ਤਾਂ ਉਸ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

## ਬਿਹਾਰ ਵਿਧਾਨ ਸਭਾ ਚੋਣਾਂ:

ਸੱਤ ਐਕਸਪ੍ਰੈਸਵੇਅ, 10 ਉਦਯੋਗਿਕ ਪਾਰਕ, ਕੇਜੀ ਤੋਂ ਪੀਜੀ ਤੱਕ ਮੁਫ਼ਤ ਮਿਆਰੀ ਸਿੱਖਿਆ ਅਤੇ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪ੍ਰਤੀ ਮਹੀਨਾ 2000 ਰੁਪਏ ਦੀ ਸਹਾਇਤਾ ਚੋਣ ਮੈਨੀਫੈਸਟੋ ਦੀਆਂ ਕੁਝ ਹੋਰ ਵਿਸ਼ੇਸ਼ਤਾਵਾਂ ਹਨ।

69 ਪੰਨਿਆਂ ਦੇ ਮੈਨੀਫੈਸਟੋ ਅਨੁਸਾਰ ਜੇ ਐਨਡੀਏ ਸੱਤਾ ਵਿੱਚ ਵਾਪਸ ਆਉਂਦੀ ਹੈ, ਤਾਂ ਉਹ ਇੱਕ ਵਿਸ਼ਵ-ਪੱਧਰੀ ਮੈਡੀਸਿਟੀ, ਹਰ ਜ਼ਿਲ੍ਹੇ ਵਿੱਚ ਇੱਕ ਮੈਡੀਕਲ ਕਾਲਜ, ਮੁਫ਼ਤ ਰਾਸ਼ਨ, 5 ਲੱਖ ਤੱਕ ਦਾ ਮੁਫ਼ਤ ਇਲਾਜ ਅਤੇ 50 ਲੱਖ ਹੋਰ ਪੱਕੇ ਮਕਾਨ ਵੀ ਬਣਾਏਗੀ।

ਐਨਡੀਏ ਵੱਲੋਂ ਚੋਣ ਮੈਨੀਫੈਸਟੋ ਇੱਕ ਪ੍ਰੈਸ ਕਾਨਫ਼ਰੰਸ ਵਿੱਚ ਜਾਰੀ ਕੀਤਾ ਗਿਆ, ਜਿਸ ਵਿੱਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਉਪ ਮੁੱਖ ਮੰਤਰੀ ਸਮਰਾਟ ਚੌਧਰੀ, ਭਾਜਪਾ ਪ੍ਰਧਾਨ ਜੇਪੀ ਨੱਡਾ, ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ, ਜੀਤਨ ਰਾਮ ਮਾਂਝੀ, ਚਿਰਾਗ ਪਾਸਵਾਨ ਅਤੇ ਗਠਜੋੜ ਭਾਈਵਾਲਾਂ ਦੇ ਆਗੂ ਸ਼ਾਮਲ ਹੋਏ।

# ਮੁੱਖ ਮੰਤਰੀ ਫਲਾਇੰਗ ਸਕੁਐਡ ਦੀ ਸੰਪਰਕ ਸੜਕਾਂ ਦੇ ਨਵੀਨੀਕਰਨ 'ਤੇ ਤਿੱਖੀ ਨਜ਼ਰ: ਖੁੱਡੀਆਂ

**➢ ਖੇਤੀਬਾੜੀ ਮੰਤਰੀ ਵੱਲੋਂ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਦੀ ਚਿਤਾਵਨੀ ➢ਫਲਾਇੰਗ ਸਕੁਐਡ ਟੀਮਾਂ ਵੱਲੋਂ ਸੱਤ ਜ਼ਿਲ੍ਹਿਆਂ ਵਿੱਚ ਨਵੀਨੀਕਰਨ ਕਾਰਜਾਂ ਦਾ ਜਾਇਜ਼ਾ**



ਚੰਡੀਗੜ੍ਹ, 31 ਅਕਤੂਬਰ, 2025 ( ਚ.ਨ.ਸ.) -ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਠਿਤ ਕੀਤੀ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਸੂਬੇ ਭਰ ਵਿੱਚ ਪੰਜਾਬ ਮੰਡੀ ਬੋਰਡ ਅਤੇ ਪੀ.ਡਬਲਿਊ.ਡੀ. ਵੱਲੋਂ ਦਿਹਾਤੀ ਲਿੰਕ ਸੜਕਾਂ ਦੇ ਕਰਵਾਏ ਜਾ ਰਹੇ ਨਵੀਨੀਕਰਨ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਇਹ ਨਿਗਰਾਨੀ ਸੂਬਾ ਸਰਕਾਰ ਵੱਲੋਂ 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਸਬੰਧੀ ਸ਼ੁਰੂ ਕੀਤੇ ਵਿਆਪਕ ਪ੍ਰੋਜੈਕਟ ਦਾ ਹਿੱਸਾ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੜਕਾਂ ਦੇ ਨਵੀਨੀਕਰਨ ਲਈ ਬਿਹਤਰੀਨ ਗੁਣਵੱਤਾ ਵਾਲੀ ਸਮੱਗਰੀ ਵਰਤੀ ਜਾ ਰਹੀ ਹੈ, ਪਰ ਉਨ੍ਹਾਂ ਨੇ ਨਾਲ ਹੀ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਠੇਕੇਦਾਰ ਸਮੱਗਰੀ ਦੀ ਗੁਣਵੱਤਾ ਨਾਲ ਸਮਝੌਤਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੀ.ਐਮ. ਫਲਾਇੰਗ ਸਕੁਐਡ ਟੀਮਾਂ ਫ਼ੀਲਡ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਹੁਣ ਤੱਕ ਸੱਤ ਜ਼ਿਲ੍ਹਿਆਂ ਵਿੱਚ ਕਾਰਜਾਂ ਦਾ ਨਿਰੀਖਣ ਕਰ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਇਹਨਾਂ ਜ਼ਿਲ੍ਹਿਆਂ ਵਿੱਚ ਫਰੀਦਕੋਟ, ਐਸ.ਬੀ.ਐਸ. ਨਗਰ, ਤਰਨ ਤਾਰਨ, ਸ੍ਰੀ ਮੁਕਤਸਰ ਸਾਹਿਬ, ਜਲੰਧਰ, ਪਟਿਆਲਾ ਅਤੇ ਗੁਰਦਾਸਪੁਰ ਸ਼ਾਮਲ ਹਨ। ਸ. ਖੁੱਡੀਆਂ ਨੇ ਦੱਸਿਆ ਕਿ ਪੰਜਾਬ ਵਿੱਚ ਕੁੱਲ 30,237 ਲਿੰਕ ਸੜਕਾਂ ਹਨ ਜਿਨ੍ਹਾਂ ਦੀ ਕੁੱਲ ਲੰਬਾਈ 64,878 ਕਿਲੋਮੀਟਰ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਵਿੱਚੋਂ 33492 ਕਿਲੋਮੀਟਰ ਸੜਕਾਂ ਪੰਜਾਬ ਮੰਡੀ ਬੋਰਡ ਅਧੀਨ ਹਨ ਅਤੇ 31,386 ਕਿਲੋਮੀਟਰ ਸੜਕਾਂ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਅਧੀਨ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ 19,491.56 ਕਿਲੋਮੀਟਰ ਦੀ ਕੁੱਲ ਲੰਬਾਈ ਵਾਲੀਆਂ 7,373 ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਸਬੰਧੀ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ 'ਤੇ 4,150.42 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਵਿੱਚ ਪੰਜ ਸਾਲਾਂ ਦੇ ਰੱਖ-ਰਖਾਅ ਦਾ ਖਰਚਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ 3,424.67 ਕਰੋੜ ਰੁਪਏ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਖਰਚ ਕੀਤੇ ਜਾਣਗੇ ਜਦੋਂ ਕਿ 725.75 ਕਰੋੜ ਰੁਪਏ ਪੰਜ ਸਾਲਾਂ ਦੇ ਰੱਖ-ਰਖਾਅ ਲਈ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਲਈ ਕੀਤੇ ਗਏ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਰਵੇਖਣ ਦੇ ਨਤੀਜੇ ਵਜੋਂ 383.53 ਕਰੋੜ ਰੁਪਏ ਦੀ ਬੱਚਤ ਹੋਈ ਹੈ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਧੁੰਦ ਜਾਂ ਹਨੇਰੇ ਦੌਰਾਨ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਮੁਰੰਮਤ ਅਤੇ ਅੱਪਗ੍ਰੇਡ ਕੀਤੀਆਂ ਲਿੰਕ ਸੜਕਾਂ 'ਤੇ 91.83 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਵਿਸ਼ੇਸ਼ ਸੜਕ ਸੁਰੱਖਿਆ ਪ੍ਰੋਜੈਕਟ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧੁੰਦ ਜਾਂ ਹਨੇਰੇ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਿੰਕ ਸੜਕਾਂ ਦੇ ਦੋਵੇਂ ਪਾਸੇ ਤਿੰਨ ਇੰਚ ਚੌੜੀ ਚਿੱਟੀ ਪੱਟੀ ਪੇਂਟ ਕੀਤੀ ਜਾਵੇਗੀ।

*ਐਨ.ਸੀ.ਸੀ. ਡਾਇਰੈਕਟੋਰੇਟ ਦੀ ਕਮਾਂਡ ਵਿੱਚ ਤਬਦੀਲੀ*

# ਮੇਜਰ ਜਨਰਲ ਜਗਦੀਪ ਸਿੰਘ ਚੀਮਾ ਨੇ ਮੇਜਰ ਜਨਰਲ ਭਾਰਤ ਮਹਿਤਾਨੀ ਨੂੰ ਚਾਰਜ ਸੌਂਪਿਆ




ਚੰਡੀਗੜ੍ਹ: , 31 ਅਕਤੂਬਰ (ਚ.ਨ.ਸ.) : ਐਨ.ਸੀ.ਸੀ. ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਮੇਜਰ ਜਨਰਲ ਜਗਦੀਪ ਸਿੰਘ ਚੀਮਾ ਨੇ 37 ਸਾਲਾਂ ਦੀ ਸ਼ਾਨਦਾਰ ਸੇਵਾ ਤੋਂ ਬਾਅਦ ਸੇਵਾਮੁਕਤੀ 'ਤੇ ਅੱਜ ਮੇਜਰ ਜਨਰਲ ਭਾਰਤ ਮਹਿਤਾਨੀ ਨੂੰ ਚਾਰਜ ਸੌਂਪਿਆ।ਆਪਣੇ ਕਾਰਜਕਾਲ ਦੌਰਾਨ, ਮੇਜਰ ਜਨਰਲ ਚੀਮਾ ਨੇ ਦਫ਼ਤਰ ਵਿੱਚ ਸਕਾਰਾਤਮਕ ਮਾਹੌਲ ਪੈਦਾ ਕੀਤਾ, ਜਿਸ ਨਾਲ ਉਨ੍ਹਾਂ ਦੀ ਟੀਮ ਨੂੰ ਸ਼ਾਨਦਾਰ ਪ੍ਰਾਪਤੀਆਂ ਪ੍ਰਾਪਤ ਕਰਨ ਲਈ ਪ੍ਰੇਰਣਾ ਮਿਲੀ। ਡਿਊਟੀ ਪ੍ਰਤੀ ਉਨ੍ਹਾਂ ਦੇ ਸ਼ਾਨਦਾਰ ਸਮਰਪਣ ਅਤੇ ਵਚਨਬੱਧਤਾ ਨੂੰ ਯਾਦ ਕਰਦੇ ਹੋਏ, ਐਨ.ਸੀ.ਸੀ. ਡਾਇਰੈਕਟੋਰੇਟ ਦੇ ਸਟਾਫ ਨੇ ਉਨ੍ਹਾਂ ਦੀ ਅਗਵਾਈ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਮੇਜਰ ਜਨਰਲ ਚੀਮਾ ਰਾਸ਼ਟਰੀ ਰੱਖਿਆ ਅਕੈਡਮੀ, ਖੜਕਵਾਸਲਾ ਦੇ ਸਾਬਕਾ ਵਿਦਿਆਰਥੀ ਹਨ। ਆਪਣੇ ਸ਼ਾਨਦਾਰ ਫੌਜੀ ਕਰੀਅਰ ਦੌਰਾਨ, ਉਨ੍ਹਾਂ ਨੇ ਬੰਗਲਾਦੇਸ਼ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਸੰਯੁਕਤ ਰਾਸ਼ਟਰ ਮਿਸ਼ਨ ਵਿੱਚ ਰੱਖਿਆ ਅਟੈਚੀ ਵਜੋਂ ਸੇਵਾ ਨਿਭਾਈ। ਉਹ 1 ਅਗਸਤ, 2024 ਤੋਂ ਰੈਜੀਮੈਂਟ ਆਫ਼ ਆਰਟਿਲਰੀ (ਗਰੁੱਪ IV) ਦੇ ਕਰਨਲ ਕਮਾਂਡੈਂਟ ਵੀ ਹਨ।

ਐਨ.ਸੀ.ਸੀ. ਡਾਇਰੈਕਟੋਰੇਟ ਦੇ ਨਵੇਂ ਐਡੀਸ਼ਨਲ ਡਾਇਰੈਕਟਰ ਜਨਰਲ, ਮੇਜਰ ਜਨਰਲ ਭਾਰਤ ਮੇਹਤਾਨੀ, ਆਪਣੀ ਨਵੀਂ ਭੂਮਿਕਾ ਵਿੱਚ ਭਰਪੂਰ ਤਜਰਬਾ ਲੈ ਕੇ ਆਏ ਹਨ। ਉਨ੍ਹਾਂ ਨੇ ਪੱਛਮੀ ਸੈਕਟਰ ਵਿੱਚ ਇੱਕ ਇਨਫੈਂਟਰੀ ਬ੍ਰਿਗੇਡ ਅਤੇ ਡਿਵੀਜ਼ਨ ਦੀ ਕਮਾਂਡ ਕੀਤੀ ਹੈ ਅਤੇ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਉਨ੍ਹਾਂ ਨੂੰ ਉਨ੍ਹਾਂ ਦੀ ਵਿਲੱਖਣ ਸੇਵਾ ਲਈ ਪੱਛਮੀ ਕਮਾਂਡ ਦੇ ਜੀਓਸੀ-ਇਨ-ਚੀਫ਼ ਪ੍ਰਸ਼ੰਸਾ ਪੱਤਰ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

ਦੋਵਾਂ ਅਧਿਕਾਰੀਆਂ ਨੇ ਇੱਕ ਰਸਮੀ ਸਮਾਰੋਹ ਦੌਰਾਨ ਇੱਕ ਦੂਜੇ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਰਸਮੀ ਤੌਰ 'ਤੇ ਕਮਾਂਡ ਦੇ ਚਾਰਜ ਦਾ ਆਦਾਨ ਪ੍ਰਦਾਨ ਕੀਤਾ।


## ਪੰਜਾਬ ਰਾਜ ਲਾਟਰੀ ਡਾਇਰੈਕਟੋਰੇਟ

ਡਰਾਅ ਦਾ ਸਮਾਂ : ਸ਼ਾਮ 08.00 ਵਜੇ ਤੋਂ — ਮਿਤੀ : 31.10.2025

ਪੰਜਾਬ ਰਾਜ ਡੀਅਰ ਦੀਵਾਲੀ ਬੰਪਰ 2025 ਦਾ ਨਤੀਜਾ

ਮੁੱਲ ਰੁਪਏ 500/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 11,00,00,000/- (ਲੜੀਆਂ ਨਾਲ 6 ਅੰਕਾਂ 'ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20 ਲੱਖ, ਕੁੱਲ ਇਨਾਮੀ ਰਾਸ਼ੀ ਰੁਪਏ 11.70 ਕਰੋੜ)

A 438586

ਦੂਜੇ ਇਨਾਮ ਦੀ ਰਾਸ਼ੀ (3) ਰੁ. 1,00,00,000/- ਹਰੇਕ (ਲੜੀਆਂ ਨਾਲ 6 ਅੰਕਾਂ 'ਤੇ, ਹਰੇਕ ਲੜੀ ਦਾ ਇੱਕ ਨੰਬਰ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 10 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 2 ਲੱਖ, ਕੁੱਲ ਇਨਾਮੀ ਰਾਸ਼ੀ ਰੁਪਏ 1.12 ਕਰੋੜ ਹਰੇਕ)

B 590883 — C 754234 — A 821602

ਤੀਜੇ ਇਨਾਮ ਦੀ ਰਾਸ਼ੀ (3) ਰੁ. 50,00,000/- ਹਰੇਕ (ਲੜੀਆਂ ਨਾਲ 6 ਅੰਕਾਂ 'ਤੇ, ਹਰੇਕ ਲੜੀ ਦਾ ਇੱਕ ਨੰਬਰ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 5 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 1 ਲੱਖ, ਕੁੱਲ ਇਨਾਮੀ ਰਾਸ਼ੀ ਰੁਪਏ 56 ਲੱਖ ਹਰੇਕ)

A 469288 — C 492061 — B 959352

ਚੌਥੇ ਇਨਾਮ ਦੀ ਰਾਸ਼ੀ (9) ਰੁ. 10,00,000/- ਹਰੇਕ (ਲੜੀਆਂ ਨਾਲ 6 ਅੰਕਾਂ 'ਤੇ, ਹਰੇਕ ਲੜੀ ਦੇ ਤਿੰਨ ਨੰਬਰ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 1,00,000 + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁਪਏ 11.50 ਲੱਖ ਹਰੇਕ)

| | | | | | |
|---|---|---|---|---|---|
| A | 264139 | C | 515119 | C | 702271 |
| B | 725405 | C | 746145 | B | 771286 |
| A | 817628 | A | 831297 | B | 994527 |

ਪੰਜਵੇਂ ਇਨਾਮ ਦੀ ਰਾਸ਼ੀ (9) ਰੁ. 5,00,000/- ਹਰੇਕ (ਲੜੀਆਂ ਨਾਲ 6 ਅੰਕਾਂ 'ਤੇ, ਹਰੇਕ ਲੜੀ ਦੇ ਤਿੰਨ ਨੰਬਰ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50 ਹਜ਼ਾਰ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 10 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁਪਏ 5.60 ਲੱਖ ਹਰੇਕ)

| | | | | | |
|---|---|---|---|---|---|
| B | 207139 | C | 364571 | A | 444193 |
| A | 502462 | B | 523344 | C | 815062 |
| B | 838579 | A | 890592 | C | 894070 |

ਛੇਵੇਂ ਇਨਾਮ ਦੀ ਰਾਸ਼ੀ (2400) ਰੁ. 9,000/- ਹਰੇਕ (ਆਖਰੀ 4 ਅੰਕਾਂ 'ਤੇ ਸਾਰੀਆਂ ਲੜੀਆਂ ਲਈ ਸਾਂਝੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 900 + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100, ਕੁੱਲ ਇਨਾਮੀ ਰਾਸ਼ੀ ਰੁਪਏ 10,000/- ਹਰੇਕ)

0025 1047 1459 5304 6538 7570 7923 8227 8535 9885

ਸੱਤਵੇਂ ਇਨਾਮ ਦੀ ਰਾਸ਼ੀ (2400) ਰੁ. 5,000/- ਹਰੇਕ (ਆਖਰੀ 4 ਅੰਕਾਂ 'ਤੇ ਸਾਰੀਆਂ ਲੜੀਆਂ ਲਈ ਸਾਂਝੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 500 + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100, ਕੁੱਲ ਇਨਾਮੀ ਰਾਸ਼ੀ ਰੁਪਏ 5,600/- ਹਰੇਕ)

1305 1419 1851 2856 3267 4938 7859 8158 8957 9441

ਅੱਠਵੇਂ ਇਨਾਮ ਦੀ ਰਾਸ਼ੀ (2400) ਰੁ. 3,000/- ਹਰੇਕ (ਆਖਰੀ 4 ਅੰਕਾਂ 'ਤੇ ਸਾਰੀਆਂ ਲੜੀਆਂ ਲਈ ਸਾਂਝੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 300 + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50, ਕੁੱਲ ਇਨਾਮੀ ਰਾਸ਼ੀ ਰੁਪਏ 3,350/- ਹਰੇਕ)

0051 1980 2051 4229 4436 6070 6203 6450 8251 9915

ਨੌਂਵੇਂ ਇਨਾਮ ਦੀ ਰਾਸ਼ੀ (120000) ਰੁ. 1,000/- ਹਰੇਕ (ਆਖਰੀ 4 ਅੰਕਾਂ 'ਤੇ ਸਾਰੀਆਂ ਲੜੀਆਂ ਲਈ ਸਾਂਝੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 100 + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 10, ਕੁੱਲ ਇਨਾਮੀ ਰਾਸ਼ੀ ਰੁਪਏ 1,110/- ਹਰੇਕ)

| | | | | | | | | | |
|---|---|---|---|---|---|---|---|---|---|
| 0012 | 0023 | 0045 | 0155 | 0197 | 0226 | 0292 | 0304 | 0348 | 0388 |
| 0396 | 0418 | 0430 | 0436 | 0459 | 0482 | 0496 | 0502 | 0571 | 0590 |
| 0596 | 0600 | 0619 | 0661 | 0664 | 0671 | 0681 | 0686 | 0705 | 0735 |
| 0742 | 0747 | 0767 | 0791 | 0805 | 0859 | 0888 | 0894 | 0899 | 0917 |
| 0921 | 0922 | 0941 | 1026 | 1028 | 1029 | 1030 | 1081 | 1091 | 1094 |
| 1111 | 1159 | 1165 | 1170 | 1176 | 1180 | 1196 | 1224 | 1256 | 1259 |
| 1274 | 1291 | 1310 | 1332 | 1339 | 1367 | 1369 | 1371 | 1374 | 1389 |
| 1438 | 1443 | 1444 | 1465 | 1467 | 1471 | 1475 | 1486 | 1542 | 1543 |
| 1572 | 1584 | 1643 | 1656 | 1708 | 1717 | 1720 | 1749 | 1786 | 1790 |
| 1807 | 1820 | 1854 | 1881 | 1888 | 1907 | 1911 | 1919 | 1949 | 1955 |
| 1959 | 1974 | 1976 | 2001 | 2006 | 2018 | 2030 | 2041 | 2079 | 2110 |
| 2148 | 2153 | 2172 | 2180 | 2188 | 2192 | 2204 | 2225 | 2244 | 2245 |
| 2254 | 2261 | 2271 | 2298 | 2310 | 2322 | 2333 | 2348 | 2354 | 2355 |
| 2356 | 2359 | 2402 | 2421 | 2431 | 2451 | 2457 | 2466 | 2477 | 2480 |
| 2499 | 2546 | 2559 | 2582 | 2594 | 2598 | 2617 | 2648 | 2657 | 2685 |
| 2688 | 2730 | 2738 | 2822 | 2846 | 2924 | 2925 | 2940 | 2942 | 2957 |
| 2962 | 2965 | 2968 | 3055 | 3081 | 3147 | 3148 | 3169 | 3175 | 3189 |
| 3210 | 3217 | 3223 | 3239 | 3313 | 3320 | 3328 | 3330 | 3333 | 3343 |
| 3378 | 3394 | 3437 | 3438 | 3465 | 3522 | 3533 | 3537 | 3559 | 3578 |
| 3579 | 3586 | 3604 | 3619 | 3622 | 3623 | 3634 | 3698 | 3699 | 3713 |
| 3719 | 3724 | 3759 | 3762 | 3775 | 3796 | 3831 | 3836 | 3856 | 3863 |
| 3866 | 3900 | 3904 | 3914 | 3966 | 3983 | 4004 | 4008 | 4013 | 4014 |
| 4050 | 4069 | 4080 | 4096 | 4136 | 4180 | 4187 | 4196 | 4199 | 4207 |
| 4236 | 4262 | 4276 | 4300 | 4304 | 4314 | 4333 | 4334 | 4337 | 4365 |
| 4401 | 4412 | 4417 | 4459 | 4473 | 4477 | 4510 | 4555 | 4591 | 4604 |
| 4627 | 4654 | 4655 | 4659 | 4669 | 4687 | 4750 | 4754 | 4765 | 4785 |
| 4795 | 4796 | 4811 | 4918 | 4921 | 4924 | 4939 | 4958 | 4959 | 4985 |
| 5015 | 5026 | 5028 | 5034 | 5045 | 5066 | 5108 | 5115 | 5122 | 5123 |
| 5128 | 5164 | 5181 | 5196 | 5210 | 5222 | 5223 | 5228 | 5296 | 5338 |
| 5356 | 5357 | 5379 | 5400 | 5409 | 5418 | 5486 | 5490 | 5499 | 5501 |
| 5513 | 5533 | 5551 | 5576 | 5582 | 5589 | 5624 | 5639 | 5643 | 5664 |
| 5705 | 5727 | 5745 | 5751 | 5774 | 5812 | 5835 | 5841 | 5859 | 5868 |
| 5895 | 5905 | 5909 | 5966 | 5990 | 6006 | 6028 | 6085 | 6086 | 6094 |
| 6099 | 6132 | 6136 | 6155 | 6184 | 6185 | 6209 | 6219 | 6228 | 6274 |
| 6304 | 6324 | 6355 | 6431 | 6459 | 6555 | 6574 | 6638 | 6644 | 6673 |
| 6674 | 6758 | 6766 | 6779 | 6855 | 6873 | 6907 | 6909 | 6918 | 6919 |
| 6944 | 6946 | 6957 | 6963 | 6974 | 6979 | 6988 | 7017 | 7066 | 7069 |
| 7112 | 7137 | 7183 | 7232 | 7255 | 7259 | 7310 | 7331 | 7379 | 7388 |
| 7420 | 7434 | 7452 | 7482 | 7511 | 7526 | 7563 | 7588 | 7605 | 7632 |
| 7646 | 7659 | 7661 | 7666 | 7688 | 7731 | 7734 | 7747 | 7829 | 7848 |
| 7852 | 7910 | 7925 | 7949 | 7986 | 7997 | 8012 | 8056 | 8071 | 8080 |
| 8084 | 8118 | 8120 | 8130 | 8139 | 8145 | 8154 | 8223 | 8240 | 8325 |
| 8331 | 8336 | 8351 | 8352 | 8377 | 8446 | 8454 | 8465 | 8480 | 8481 |
| 8485 | 8518 | 8554 | 8574 | 8575 | 8586 | 8596 | 8605 | 8700 | 8704 |
| 8711 | 8719 | 8728 | 8769 | 8773 | 8777 | 8779 | 8854 | 8898 | 8935 |
| 8940 | 8970 | 8978 | 8991 | 9019 | 9054 | 9065 | 9085 | 9109 | 9110 |
| 9132 | 9171 | 9216 | 9221 | 9248 | 9262 | 9265 | 9271 | 9295 | 9323 |
| 9345 | 9421 | 9497 | 9520 | 9525 | 9527 | 9538 | 9558 | 9580 | 9588 |
| 9590 | 9606 | 9614 | 9660 | 9663 | 9713 | 9723 | 9743 | 9752 | 9769 |
| 9817 | 9833 | 9842 | 9865 | 9884 | 9924 | 9926 | 9938 | 9950 | 9976 |

ਜਾਰੀ ਕਰਤਾ ਪੰਜਾਬ ਰਾਜ ਲਾਟਰੀ ਡਾਇਰੈਕਟੋਰੇਟ
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਵਿਚ ਦੇਖੋ।

RO.No.PR-Advt.No.1118/11/2025-26/4295/Dated CHD : 31.10.2025



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972



हरियाणा सरकार

ਧਰਮ ਹੇਤ ਸਾਕਾ ਜਿਨਿ ਕੀਆ ।।
ਸੀਸੁ ਦੀਆ ਪਰ ਸਿਰਰੁ ਨ ਦੀਆ ।।

तिलक जंञू राखा प्रभ ताका।।
कीनो बडो कलू महि साका।।
हिंद की चादर
श्री गुरु तेग बहादुर जी के
350 वें शहीदी वर्ष को समर्पित
1675 - 2025

ਬਲਿਦਾਨ, ਸ਼ਾਂਤੀ ਅਤੇ ਮਨੁੱਖਤਾ ਦੇ ਪ੍ਰਤੀਕ

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਵਾਂ ਸ਼ਹੀਦੀ ਦਿਵਸ

25 ਨਵੰਬਰ, 2025



"मैं श्री गुरु तेग बहादुर जी को उनके शहीदी दिवस पर श्रद्धांजलि अर्पित करता हूं। उनके साहस और सिद्धांतों के साथ-साथ आदर्शों के प्रति उनकी अटूट प्रतिबद्धता के लिए पूरी दुनिया में उनकी प्रशंसा की जाती है। उन्होंने अत्याचार और अन्याय के सामने झुकने से इनकार कर दिया। उनकी शिक्षाएँ हमें आज भी प्रेरित करती हैं।"

\- नरेन्द्र मोदी

## ਗੁਰੂ ਸਾਹਿਬ ਜੀ ਦੀ ਯਾਦ ਵਿੱਚ ਹਰਿਆਣਾ ਸਰਕਾਰ ਵਲੋਂ ਰਾਜ ਭਰ ਵਿੱਚ ਪ੍ਰੋਗਰਾਮਾਂ ਦਾ ਆਯੋਜਨ

(1 ਤੋਂ 25 ਨਵੰਬਰ, 2025)

### ਗੁਰੂ ਸਾਹਿਬ ਜੀ ਦੇ ਆਦਰਸ਼ਾਂ ਤੋਂ ਪ੍ਰੇਰਿਤ ਪੂਰੇ ਹਰਿਆਣਾ ਵਿੱਚ ਹੋਣਗੇ ਵਿਸ਼ੇਸ਼ ਪ੍ਰੋਗਰਾਮ

**1 ਤੋਂ 25 ਨਵੰਬਰ, 2025**
- 1 ਨਵੰਬਰ ਨੂੰ **ਮੈਗਾ ਖੂਨਦਾਨ ਕੈਂਪ**
- 2 ਤੋਂ 25 ਨਵੰਬਰ ਤੱਕ **350 ਹੋਰ ਖੂਨਦਾਨ ਕੈਂਪਾਂ** ਦਾ ਆਯੋਜਨ

**3 ਨਵੰਬਰ, 2025**
- ਸਕੂਲਾਂ ਵਿੱਚ ਲੇਖ ਮੁਕਾਬਲੇ ਅਤੇ **'ਸੁਣੋ ਕਹਾਣੀ ਗੁਰੂ ਤੇਗ ਬਹਾਦਰ ਜੀ ਦੀ'** ਪ੍ਰੋਗਰਾਮ

**8 ਨਵੰਬਰ, 2025**
- ਰੋੜੀ (ਸਿਰਸਾ) ਤੋਂ **ਸ਼ਹੀਦੀ ਯਾਤਰਾ**
- ਰਾਸ਼ਟਰੀ ਸੈਮੀਨਾਰ ਅਤੇ ਗੁਰੂ ਸਾਹਿਬ ਜੀ ਦੀ ਜੀਵਨੀ 'ਤੇ **ਕਿਤਾਬ ਦਾ ਵਿਮੋਚਨ**

**9 ਨਵੰਬਰ, 2025**
- **'ਹਿੰਦ ਦੀ ਚਾਦਰ'** ਮੈਰਾਥਨ ਦਾ ਕਰਨਾਲ ਵਿੱਚ ਆਯੋਜਨ

**11 ਨਵੰਬਰ, 2025**
- ਪਿੰਡ ਮਢਾਵਾਲਾ, ਪਿੰਜੌਰ (ਪੰਚਕੂਲਾ) ਤੋਂ **ਸ਼ਹੀਦੀ ਯਾਤਰਾ**

**14 ਨਵੰਬਰ, 2025**
- ਫ਼ਰੀਦਾਬਾਦ ਤੋਂ **ਸ਼ਹੀਦੀ ਯਾਤਰਾ**

**18 ਨਵੰਬਰ, 2025**
- ਸਿਢੌਰਾ (ਯਮੁਨਾਨਗਰ) ਤੋਂ **ਸ਼ਹੀਦੀ ਯਾਤਰਾ**
- ਕਲੇਸਰ (ਯਮੁਨਾਨਗਰ) ਵਿੱਚ **'ਗੁਰੂ ਤੇਗ ਬਹਾਦਰ ਵਣ'** ਦਾ ਉਦਘਾਟਨ

**24 ਨਵੰਬਰ, 2025**
- ਆਪਸੀ ਸਦਭਾਵਨਾ ਅਤੇ ਏਕਤਾ ਦਾ ਪ੍ਰਤੀਕ **ਸਰਵ-ਧਰਮ ਸੰਮੇਲਨ (interfaith conference)**

**25 ਨਵੰਬਰ, 2025** **ਸਮਾਪਤੀ ਸਮਾਰੋਹ**, ਕੁਰੂਕਸ਼ੇਤਰ

ਹਰਿਆਣਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਗੁਰੂ ਸਾਹਿਬ ਜੀ ਦੇ ਜੀਵਨ 'ਤੇ ਅਧਾਰਤ ਸੈਮੀਨਾਰ ਅਤੇ ਰਾਜ ਦੇ ਵੱਖ-ਵੱਖ ਸਥਾਨਾਂ 'ਤੇ ਲਾਈਟ ਐਂਡ ਸਾਊਂਡ ਸ਼ੋਅ ਦਾ ਆਯੋਜਨ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੇ Whatsapp ਚੈਨਲ ਨਾਲ ਜੁੜਨ ਲਈ QR ਕੋਡ ਨੂੰ ਸਕੈਨ ਕਰੋ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ

www.prharyana.gov.in | Follow us on @diprharyana

## ਸੰਪਾਦਕੀ

# ਖੁੱਲ੍ਹੇ ਨਵੇਂ ਰਾਹ

ਭਾਰਤ ਅਤੇ ਅਮਰੀਕਾ ਵਿਚਕਾਰ ਚੱਲ ਰਹੇ ਆਰਥਿਕ ਉਤਰਾਅ-ਚੜ੍ਹਾਅ ਨੂੰ ਦੇਖਦੇ ਹੋਏ ਕਿਸੇ ਵੀ ਨਤੀਜੇ 'ਤੇ ਪਹੁੰਚਣਾ ਮੁਸ਼ਕਲ ਹੈ। ਹਾਲਾਂਕਿ, ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਬੰਧਾਂ ਨੂੰ ਦੁਬਾਰਾ ਸੌਖਾ ਬਣਾਉਣ ਲਈ ਮੌਕੇ ਲੱਭੇ ਜਾ ਰਹੇ ਹਨ, ਜਿਸ ਨਾਲ ਇੱਕ ਸਕਾਰਾਤਮਕ ਮਾਹੌਲ ਪੈਦਾ ਹੋ ਸਕੇ। ਉਦਾਹਰਣ ਵਜੋਂ ਦੱਖਣੀ ਕੋਰੀਆ ਦੇ ਗਯੋਂਗਜੂ ਵਿੱਚ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ ਸੀਈਓ ਸੰਮੇਲਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਭਾਰਤ ਨਾਲ ਇੱਕ ਵਪਾਰ ਸਮਝੌਤੇ 'ਤੇ ਅੱਗੇ ਵਧ ਰਿਹਾ ਹੈ। ਇਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ ਨੇ ਚਾਬਹਾਰ ਬੰਦਰਗਾਹ ਪ੍ਰੋਜੈਕਟ 'ਤੇ ਅਮਰੀਕੀ ਪਾਬੰਦੀਆਂ ਤੋਂ ਭਾਰਤ ਨੂੰ ਛੇ ਮਹੀਨਿਆਂ ਦੀ ਛੋਟ ਦਿੱਤੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਨੇ ਸਤੰਬਰ ਦੇ ਅਖੀਰ ਵਿੱਚ ਚਾਬਹਾਰ ਬੰਦਰਗਾਹ ਸੰਚਾਲਕ 'ਤੇ ਪਾਬੰਦੀਆਂ ਲਗਾਈਆਂ ਸਨ। ਦਰਅਸਲ, ਪਿਛਲੇ ਸਾਲ ਮਈ ਵਿੱਚ ਭਾਰਤ ਨੇ ਅਗਲੇ ਦਸ ਸਾਲਾਂ ਲਈ ਚਾਬਹਾਰ ਬੰਦਰਗਾਹ ਨੂੰ ਚਲਾਉਣ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਸਨ। ਇਸ ਸਮਝੌਤੇ ਤੋਂ ਭਾਰਤ ਨੂੰ ਮੱਧ ਏਸ਼ੀਆਈ ਦੇਸ਼ਾਂ ਨਾਲ ਵਪਾਰ ਵਧਾਉਣ ਵਿੱਚ ਮਦਦ ਮਿਲਣ ਦੀ ਉਮੀਦ ਹੈ। ਇਹ ਮਹੱਤਵਪੂਰਨ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਭਾਰਤ ਵਿਦੇਸ਼ੀ ਧਰਤੀ 'ਤੇ ਕਿਸੇ ਬੰਦਰਗਾਹ ਦੇ ਪ੍ਰਬੰਧਨ ਦੀ ਜ਼ਿੰਮੇਵਾਰੀ ਸੰਭਾਲ ਰਿਹਾ ਹੈ। ਚਾਬਹਾਰ ਬੰਦਰਗਾਹ ਨੂੰ ਅੰਤਰਰਾਸ਼ਟਰੀ ਉੱਤਰ-ਦੱਖਣੀ ਆਵਾਜਾਈ ਕੋਰੀਡੋਰ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਰਸਤਾ ਭਾਰਤ ਦੀ ਯੂਰਪ ਤੱਕ ਪਹੁੰਚ ਨੂੰ ਆਸਾਨ ਬਣਾਏਗਾ ਅਤੇ ਈਰਾਨ ਅਤੇ ਰੂਸ ਨੂੰ ਵੀ ਲਾਭ ਪਹੁੰਚਾ ਸਕਦਾ ਹੈ। ਹਾਲਾਂਕਿ, ਜਦੋਂ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਦੂਜੇ ਦੇਸ਼ਾਂ ਨੂੰ ਆਪਣੀਆਂ ਨੀਤੀਆਂ ਦੀ ਪਾਲਣਾ ਕਰਨ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਟੈਰਿਫਾਂ ਦਾ ਐਲਾਨ ਕੀਤਾ, ਉਨ੍ਹਾਂ ਨੇ ਹੋਰ ਕਦਮ ਵੀ ਚੁੱਕੇ ਜਿਨ੍ਹਾਂ ਵਿੱਚ ਰੂਸ ਤੋਂ ਤੇਲ ਖਰੀਦਣ ਲਈ ਭਾਰਤ 'ਤੇ ਜੁਰਮਾਨੇ ਲਗਾਉਣਾ ਅਤੇ ਚਾਬਹਾਰ ਬੰਦਰਗਾਹ ਨੂੰ ਚਲਾਉਣ ਵਾਲਿਆਂ 'ਤੇ ਪਾਬੰਦੀਆਂ ਲਗਾਉਣਾ ਸ਼ਾਮਲ ਹੈ। ਸਪੱਸ਼ਟ ਤੌਰ 'ਤੇ ਇਹ ਨੀਤੀ ਅਸਲ ਵਿੱਚ ਇੱਕ ਸਥਿਤੀ ਨੂੰ ਹੱਲ ਕਰਨ ਲਈ ਨਵੀਆਂ ਸਮੱਸਿਆਵਾਂ ਪੈਦਾ ਕਰਨ ਦਾ ਇੱਕ ਸਾਧਨ ਸੀ ਅਤੇ ਬਿਨਾਂ ਕਿਸੇ ਜਾਇਜ਼ਤਾ ਦੇ ਇਹ ਬਿਨਾਂ ਕਿਸੇ ਕਾਰਨ ਦੇ ਨਹੀਂ ਹੈ ਕਿ ਟਰੰਪ ਨੇ ਆਪਣੀਆਂ ਦੱਸੀਆਂ ਨੀਤੀਆਂ ਨੂੰ ਨਰਮ ਕਰਨ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਕੀਤੀ ਹੈ। ਪਿਛਲੇ ਕੁਝ ਮਹੀਨਿਆਂ ਵਿੱਚ, ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਦਾ ਰੁਖ਼ ਕਈ ਵਾਰ ਬਦਲਿਆ ਹੈ। ਹਾਲਾਂਕਿ, ਭਾਰਤ ਨੇ ਆਪਣੀ ਕਿਸੇ ਵੀ ਨੀਤੀ 'ਤੇ ਫੈਸਲਾ ਨਹੀਂ ਲਿਆ ਹੈ ਜੋ ਸੁਝਾਅ ਦਿੰਦਾ ਹੋਵੇ ਕਿ ਉਹ ਹਾਲ ਹੀ ਦੇ ਅਮਰੀਕੀ ਫੈਸਲਿਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਪਰ ਜਦੋਂ ਤੋਂ ਅਮਰੀਕਾ ਨੇ ਆਯਾਤ ਕੀਤੀਆਂ ਵਸਤੂਆਂ 'ਤੇ ਆਪਣੀ ਟੈਰਿਫ ਨੀਤੀ ਲਾਗੂ ਕੀਤੀ ਹੈ ਅਤੇ ਆਪਣੇ ਦਾਇਰੇ ਦਾ ਵਿਸਥਾਰ ਕਰਨਾ ਜਾਰੀ ਰੱਖਿਆ ਹੈ, ਇਹ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਉਸਦਾ ਮੁੱਖ ਨਿਸ਼ਾਨਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਅਮਰੀਕਾ ਦੀ ਟੈਰਿਫ ਨੀਤੀ ਨੂੰ ਇੱਕ ਅਣਐਲਾਨੀ ਵਪਾਰ ਯੁੱਧ ਪੈਦਾ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ ਸੀ। ਇਹ ਸੁਭਾਵਿਕ ਹੈ ਕਿ ਇਸ ਤੋਂ ਪ੍ਰਭਾਵਿਤ ਕੋਈ ਵੀ ਦੇਸ਼ ਆਪਣੀ ਸਥਿਤੀ ਨੂੰ ਸੰਤੁਲਿਤ ਕਰਨ ਲਈ ਵਿਕਲਪਿਕ ਉਪਾਅ ਭਾਲੇਗਾ। ਭਾਰਤ ਨੂੰ ਵੀ ਇਸੇ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਜਵਾਬ ਵਿੱਚ ਇਸਨੇ ਰੂਸ ਨਾਲ ਤੇਲ ਸੌਦਾ ਅਤੇ ਕੂਟਨੀਤਕ ਯਤਨਾਂ ਸਮੇਤ ਕਈ ਪਹਿਲਕਦਮੀਆਂ ਕੀਤੀਆਂ ਹਨ। ਹੁਣ ਜੇਕਰ ਅਮਰੀਕਾ ਦੁਬਾਰਾ ਸਬੰਧਾਂ ਨੂੰ ਸੁਖਾਲਾ ਬਣਾਉਣ ਲਈ ਨਵੇਂ ਰਸਤੇ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਇਸਨੂੰ ਸਕਾਰਾਤਮਕ ਮੰਨਿਆ ਜਾ ਸਕਦਾ ਹੈ। ਕਿਸੇ ਵੀ ਹਾਲਤ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਗੱਲਬਾਤ ਨੂੰ ਅੱਗੇ ਵਧਾਉਣਾ ਸਮੇਂ ਦੀ ਲੋੜ ਹੈ, ਜਿਸਦੇ ਦੂਰਗਾਮੀ ਪ੍ਰਭਾਵ ਹੋਣਗੇ। ਉਮੀਦ ਹੈ ਕਿ ਅਮਰੀਕਾ ਹੁਣ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕੇਗਾ।

-ਜਗਜੀਤ ਸਿੰਘ ਦਰਦੀ

# ਵੰਡ ਤੋਂ ਵਿਰਾਸਤ ਤੱਕ-ਨਵੇਂ ਪੰਜਾਬ ਦੀ ਖੋਜ ਵਿੱਚ ?



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਵਿੱਚ ਇਹ ਇੱਕ ਤਾਰੀਖ ਜੋ ਸਿਰਫ਼ ਨਕਸ਼ੇ ਨਹੀਂ, ਮਨ ਵੀ ਵੰਡ ਗਏ ਸਨ।

ਇਤਿਹਾਸ ਕਈ ਵਾਰ ਸਿਆਸੀ ਲੋੜਾਂ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਹੈ ਤੇ ਪੰਜਾਬ ਇਸਤਰ੍ਹਾਂ ਇਹ ਰਾਜਨੀਤਿਕ ਸਾਜਿਸ਼ ਦਾ ਸ਼ਿਕਾਰ ਹੋਇਆ ਹੈ।

ਇਕ ਨਵੰਬਰ 1966 — ਉਹ ਦਿਨ ਸੀ ਜਦੋਂ ਪੰਜ ਪਾਣੀਆਂ ਦੀ ਧਰਤੀ ਦੇ ਸੀਨੇ ਨੂੰ ਦੁਬਾਰਾ ਚੀਰ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਅਲੱਗ ਹੋਏ। ਪੰਜਾਬ ਦੀ ਮਿੱਟੀ, ਜਿਸ ਨੇ ਗੁਰੂਆਂ, ਸ਼ਹੀਦਾਂ ਤੇ ਕਿਸਾਨਾਂ ਦੀ ਪਵਿੱਤ੍ਰ ਮਿਹਨਤ ਦਾ ਜਾਮ ਪੀਤਾ ਸੀ, ਉਹ ਇਕ ਵਾਰ ਫ਼ਿਰ ਸਿਆਸੀ ਰੇਖਾਵਾਂ ਵਿੱਚ ਕੈਦ ਹੋ ਗਈ।

ਅੱਜ ਦੇ ਦਿਨ ਇਹ ਸਿਰਫ਼ ਜ਼ਮੀਨੀ ਵੰਡ ਨਹੀਂ ਸੀ— ਇਹ ਭਾਵਨਾਤਮਕ ਤੇ ਸਾਂਸਕ੍ਰਿਤਿਕ ਵੰਡ ਵੀ ਸੀ ਪਰ ਇਤਿਹਾਸ ਦਾ ਸੁਭਾਉ ਹੈ ਜਿੱਥੇ ਟੁੱਟਣ ਹੁੰਦੇ ਹਨ, ਉੱਥੇ ਨਵੀਆਂ ਖੋਜਾਂ ਵੀ ਜੰਮਦੀਆਂ ਹਨ।

ਹੁਣ ਅੱਜ 59 ਸਾਲ ਬਾਅਦ, ਸਵਾਲ ਫਿਰ ਉਹੀ ਹੈ — ਪੰਜਾਬ ਆਪਣਾ ਖੋਇਆ ਮਾਣ ਕਿਵੇਂ ਲੱਭੇਗਾ? ਤਕਸੀਮ ਬਾਅਦ ਦਾ ਪੰਜਾਬ ਜਿਥੇ ਹਰਿਆਲੀ ਤਾਂ ਆਈ, ਪਰ ਖੁਸ਼ਹਾਲੀ ਨਹੀਂ ਆਈ।

ਇਸ ਤਕਸੀਮ ਤੋਂ ਬਾਅਦ ਪੰਜਾਬ ਨੇ ਆਪਣਾ ਸਰੀਰ ਛੋਟਾ ਕੀਤਾ, ਪਰ ਦਿਲ ਵੱਡਾ ਰੱਖਿਆ ਹੈ ।

ਅੱਜ ਪੰਜਾਬ ਦੇ ਹਰੇ ਭਰੇ ਖੇਤਾਂ ਨੇ ਹਰਿਆਲੀ ਕ੍ਰਾਂਤੀ ਨੂੰ ਜਨਮ ਦਿੱਤਾ, ਜਿਸ ਨਾਲ ਪੰਜਾਬ ਨੇ ਭਾਰਤ ਦੇ ਅਨਾਜ ਘਰ ਦਾ ਦਰਜਾ ਹਾਸਲ ਕੀਤਾ ਪਰ ਇਹ ਵਿਕਾਸ ਇੱਕ-ਪੱਖੀ ਸੀ-ਖੇਤੀ ਦੀ ਹਰਿਆਲੀ ਨੇ ਉਦਯੋਗ ਦੀ ਬੰਜਰਤਾ ਨੂੰ ਢੱਕ ਦਿੱਤਾ।

ਅੱਜ ਪੰਜਾਬ ਦਾ ਕਿਸਾਨ ਹੁਣ ਵੀ ਉਹੀ ਫ਼ਸਲ ਬੀਜਦਾ ਹੈ ਜੋ 50 ਸਾਲ ਪਹਿਲਾਂ ਬੀਜਦਾ ਸੀ। ਅੱਜ ਮਿੱਟੀ ਥਕ ਗਈ, ਪਾਣੀ ਘੱਟ ਗਿਆ ਤੇ ਜਵਾਨੀ ਵਿਦੇਸ਼ਾਂ ਦੀਆਂ ਉਡਾਣਾਂ 'ਤੇ ਨਿਕਲ ਗਈ।

ਅਸੀਂ ਮਸ਼ੀਨਾਂ ਖਰੀਦ ਲਈਆਂ, ਪਰ ਸੁਪਨੇ ਗੁਆ ਬੈਠੇ।

ਹੁਣ ਬੇਰੁਜ਼ਗਾਰੀ ਦਾ ਗਹਿਰਾ ਸੰਕਟ ਹੈ ਅਤੇ ਪੜ੍ਹਿਆ ਲਿਖਿਆ ਪਰ ਬੇਕਾਰ ਜਵਾਨ ਹੁਣ ਪੰਜਾਬ ਦਾ ਜਵਾਨ ਅੱਜ ਬੇਰੁਜ਼ਗਾਰੀ ਦੇ ਸਭ ਤੋਂ ਭਾਰੀ ਬੋਝ ਹੇਠ ਹੈ। ਉਸ ਕੋਲ ਡਿਗਰੀ ਹੈ, ਪਰ ਮੌਕਾ ਨਹੀਂ। ਉਹ ਟੈਕਨੀਕ ਜਾਣਦਾ ਹੈ, ਪਰ ਮੰਜ਼ਿਲ ਨਹੀਂ ਹੈ।

ਉਹ ਮਿਹਨਤੀ ਹੈ, ਪਰ ਉਸਦੀ ਮਿਹਨਤ ਨੂੰ ਮੋੜ ਦੇਣ ਵਾਲਾ ਰਾਜਨੀਤਕ ਜਾਂ ਆਰਥਿਕ ਢਾਂਚਾ ਗਾਇਬ ਹੈ।

ਅੱਜ ਇਹੀ ਕਾਰਨ ਹੈ ਕਿ ਹਰ ਘਰ ਦਾ ਇੱਕ ਮੈਂਬਰ ਕੈਨੇਡਾ ਜਾਂ ਆਸਟਰੇਲੀਆ ਦੇ ਸੁਪਨੇ ਦੇਖਦਾ ਹੈ। ਹੁਣ ਇਹ ਪ੍ਰਵਾਸ ਸਿਰਫ਼ ਰੁਜ਼ਗਾਰ ਦੀ ਲੋੜ ਨਹੀਂ, ਸਗੋਂ ਆਤਮ-ਸਨਮਾਨ ਦੀ ਭਾਲ ਹੈ — ਜਿੱਥੇ ਆਪਣੀ ਮਿੱਟੀ ਨੇ ਮੌਕੇ ਨਹੀਂ ਦਿੱਤੇ, ਉੱਥੇ ਵਿਦੇਸ਼ ਨੇ ਆਸ ਦਿੱਤੀ ਹੈ ।

ਪਰ ਇਸ ਪਲਾਇਨਵਾਦ ਦੀ ਕੀਮਤ ਵੱਡੀ ਹੈ , ਘਰਾਂ ਦੇ ਘਰ ਖਾਲੀ ਹੋ ਗਏ, ਖੇਤ ਬੇਹਾਲ ਹੋ ਗਏ ਤੇ ਰਿਸ਼ਤੇ ਫ਼ੋਨਾਂ ਤੇ ਵੀਡੀਓ ਕਾਲਾਂ ਵਿੱਚ ਬੰਦ ਹੋ ਗਏ। ਅੱਜ ਨਸ਼ਿਆਂ ਦਾ ਜਾਲ ਹੈ ਜਦੋਂ ਸੁਪਨੇ ਡਰਾਉਣੇ ਬਣ ਜਾਂਦੇ ਹਨ । ਹੁਣ ਡਰੱਗਸ ਦੀ ਸਮੱਸਿਆ ਅੱਜ ਪੰਜਾਬ ਦੀ ਸਭ ਤੋਂ ਦਰਦਨਾਕ ਹਕੀਕਤ ਹੈ।ਜਵਾਨੀ, ਜੋ ਖੇਤਾਂ ਦੀ ਤਾਕਤ ਸੀ, ਹੁਣ ਚਿੱਟੇ ਜ਼ਹਿਰ ਵਿੱਚ ਘੁਲ ਰਹੀ ਹੈ।ਇਹ ਸਿਰਫ਼ ਇਕ ਸਿਹਤਕ ਸੰਕਟ ਨਹੀਂ — ਇਹ ਸਮਾਜਕ ਸੁੰਨੇਪਣ ਦੀ ਨਿਸ਼ਾਨੀ ਹੈ।

ਇਥੇ ਇਹ ਵੀ ਸੱਚ ਹੈ ਕਿ ਜਦੋਂ ਸਿਆਸਤ ਮੌਕੇ ਨਹੀਂ ਦਿੰਦੀ, ਸਿੱਖਿਆ ਦਿਸ਼ਾ ਨਹੀਂ ਦਿੰਦੀ ਤੇ ਘਰ ਆਸ ਨਹੀਂ ਦਿੰਦੇ, ਤਾਂ ਨਸ਼ਾ ਇਕ ਝੂਠੀ ਰਾਹਤ ਬਣ ਜਾਂਦਾ ਹੈ। ਇਹ ਇਕ ਖ਼ਾਮੋਸ਼ ਹੱਤਿਆ ਹੈ ਪੰਜਾਬ ਦੀ— ਮਿੱਟੀ ਦੀ, ਜਵਾਨੀ ਦੀ ਤੇ ਭਵਿੱਖ ਦੀ।

ਅੱਜ ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਕੀ ਗੱਠਜੋੜ ਵਿੱਚ ਜਿੱਥੇ ਜ਼ਮੀਨ ਵੀ ਥੱਕ ਗਈ ਹੈ। ਪੰਜਾਬ ਦੇ ਪ੍ਰਸ਼ਾਸਨ ਵਿੱਚ ਅੱਜ ਵੀ 'ਕਿਸਨੂੰ ਲਾਭ'? ਦਾ ਸਵਾਲ ਜਿਉਂਦਾ ਹੈ। ਕਿਸਾਨੀ ਸਬਸਿਡੀਆਂ ਤੇ ਰਾਜਨੀਤਕ ਤੋਹਫ਼ੇ ਨੇ ਅਸਲੀ ਸੁਧਾਰਾਂ ਨੂੰ ਦੱਬ ਦਿੱਤਾ ਹੈ ।

ਬਿਜਲੀ ਮੁਫ਼ਤ ਹੈ, ਪਰ ਹੌਂਸਲਾ ਮਹਿੰਗਾ ਹੋ ਗਿਆ ਹੈ। ਅੱਜ ਰਾਜਨੀਤਕ ਪਾਰਟੀਆਂ ਬਦਲਦੀਆਂ ਹਨ, ਪਰ ਨੀਤੀਆਂ ਦਾ ਮੰਤਵ ਨਹੀਂ , ਲੋਕਾਂ ਦੀ ਆਵਾਜ਼ ਨੂੰ ਸਿਰਫ਼ ਵੋਟਾਂ ਤੱਕ ਘਟਾ ਦਿੱਤਾ ਗਿਆ ਹੈ। ਹੁਣ ਸਮੱਸਿਆ ਕਿਸੇ ਇਕ ਪਾਰਟੀ ਦੀ ਨਹੀਂ, ਸਗੋਂ ਸੋਚ ਦੀ ਹੈ ,ਉਹ ਸੋਚ ਜੋ ਸੁਧਾਰ ਤੋਂ ਪਹਿਲਾਂ ਫ਼ਾਇਦਾ ਤੋਲਦੀ ਹੈ।

ਹੁਣ ਕੌੜੀ ਹੁੰਦੀ ਧਰਤੀ ਤੇ ਵਿਗੜਦਾ ਪਿੰਡ ਸ਼ਹਿਰ ਸਾਡੇ ਸਾਹਮਣੇ ਹੈ। ਪੰਜਾਬ ਦੇ ਪਿੰਡ ਜੋ ਕਦੇ ਆਤਮਨਿਰਭਰਤਾ ਦਾ ਪ੍ਰਤੀਕ ਸਨ , ਅੱਜ ਢਾਂਚਾਗਤ ਟੁੱਟਣ ਦਾ ਸ਼ਿਕਾਰ ਹੈ । ਪਾਣੀ ਹੇਠਾਂ ਜਾ ਰਿਹਾ ਹੈ, ਖੇਤ ਸੁੱਕ ਰਹੇ ਹਨ ਤੇ ਕਿਸਾਨਾਂ ਦੇ ਕਰਜ਼ੇ ਡੂੰਘੇ ਹੋ ਰਹੇ ਹਨ ।

ਸਰਕਾਰੀ ਨੀਤੀਆਂ ਛੋਟੇ ਕਿਸਾਨ ਲਈ ਨਹੀਂ ਬਣਦੀਆਂ, ਉਹ ਅਕਸਰ ਕਾਗਜ਼ 'ਤੇ ਹੀ ਰਹਿ ਜਾਂਦੀਆਂ ਹਨ। ਅੱਜ ਮਿੱਟੀ ਦੇ ਕੌੜੇ ਹੋਣ ਨਾਲ ਸਿਰਫ਼ ਧਰਤੀ ਨਹੀਂ, ਮਨ ਵੀ ਕੌੜੇ ਹੋ ਰਹੇ ਹਨ।

ਲੋਕ ਆਪਣੇ ਪਿੰਡਾਂ ਤੋਂ ਦੂਰ, ਵਿਦੇਸ਼ਾਂ ਵਿੱਚ ਨਵਾਂ ਪੰਜਾਬ ਖੋਜ ਰਹੇ ਹਨ — ਪਰ ਉਹਨਾਂ ਦੇ ਮਨ ਵਿੱਚ ਪੁਰਾਣੇ ਪੰਜਾਬ ਦੀ ਚਾਹ ਅਜੇ ਵੀ ਜਿਉਂਦੀ ਹੈ। ਅੱਜ ਇਥੇ ਰਾਜਨੀਤਕ ਜੜ੍ਹਤਾ ਤੇ ਵਿਸ਼ਵਾਸ ਦਾ ਸੰਕਟ ਹੈ। ਅੱਜ ਦਾ ਪੰਜਾਬ ਰਾਜਨੀਤਕ ਪ੍ਰਤੀਕਾਂ ਦਾ ਕੈਦਖ਼ਾਨਾ ਬਣ ਗਿਆ ਹੈ। ਪੰਥਕਤਾ, ਜਾਤੀ ਤੇ ਭਾਸ਼ਾ ਦੀ ਰਾਜਨੀਤੀ ਨੇ ਜਵਾਨਾਂ ਦੇ ਸੁਪਨੇ ਕੈਦ ਕਰ ਦਿੱਤੇ ਹਨ। ਜਿੱਥੇ ਕਦੇ ਗੁਰੂਆਂ ਦੀ ਬਾਣੀ ਆਵਾਜ਼ ਦਿੰਦੀ ਸੀ , 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਉੱਥੇ ਅੱਜ ਵੰਡ ਦੀ ਸਿਆਸਤ ਪਲ ਰਹੀ ਹੈ । ਨੌਜਵਾਨ ਹੁਣ ਪਾਰਟੀਆਂ ਨਹੀਂ, ਪ੍ਰਯੋਗਸ਼ਾਲਾਵਾਂ ਵਿੱਚ ਵਿਸ਼ਵਾਸ ਰੱਖਦਾ ਹੈ। ਉਹ ਆਪਣਾ ਭਵਿੱਖ ਨਵੇਂ ਸਟਾਰਟਅੱਪਸ, ਡਿਜ਼ੀਟਲ ਮੀਡੀਆ 'ਤੇ ਸਾਂਝੇ ਸੰਘਰਸ਼ਾਂ ਰਾਹੀਂ ਬਣਾਉਣਾ ਚਾਹੁੰਦਾ ਹੈ। ਇਹੀ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਹੈ, ਸ਼ਾਂਤ ਪਰ ਸ਼ਕਤੀਸ਼ਾਲੀ।

ਅੱਜ ਨਵੀਂ ਪੀੜ੍ਹੀ ਦੇ ਨਵੇਂ ਪੰਜਾਬ ਦਾ ਨਕਸ਼ਾ ਬਦਲ ਗਿਆ ਹੈ। ਨਵੀਂ ਪੀੜ੍ਹੀ ਪੰਜਾਬ ਦੀ ਸਭ ਤੋਂ ਵੱਡੀ ਆਸ ਹੈ। ਉਹ ਗਲੋਬਲ ਹੈ, ਪਰ ਆਪਣੇ ਨਾਲ ਜੁੜੀ ਹੋਈ ਹੈ।ਉਹ ਖੇਤਾਂ ਵਿੱਚ ਤਕਨੀਕ ਲਿਆਉਣਾ ਚਾਹੁੰਦੀ ਹੈ, ਉਦਯੋਗ ਨੂੰ ਗ੍ਰੀਨ ਐਨਰਜੀ ਨਾਲ ਜੋੜਨਾ ਚਾਹੁੰਦੀ ਹੈ ਤੇ ਪੰਜਾਬੀ ਸੱਭਿਆਚਾਰ ਨੂੰ ਡਿਜ਼ੀਟਲ ਰੂਪ ਵਿੱਚ ਵਿਸ਼ਵ ਤੱਕ ਪਹੁੰਚਾਉਣਾ ਚਾਹੁੰਦੀ ਹੈ। ਅੱਜ ਇਹ ਪੀੜ੍ਹੀ ਸਿਰਫ਼ ਨੌਕਰੀ ਨਹੀਂ ਚਾਹੁੰਦੀ — ਉਹ ਭੂਮਿਕਾ ਚਾਹੁੰਦੀ ਹੈ। ਉਹ ਰਾਜਨੀਤੀ ਵਿੱਚ ਪਾਰਦਰਸ਼ੀਤਾ, ਪ੍ਰਸ਼ਾਸਨ ਵਿੱਚ ਜਵਾਬਦੇਹੀ ਤੇ ਸਮਾਜ ਵਿੱਚ ਸਾਂਝੇਪਣ ਦੀ ਖੋਜ ਕਰ ਰਹੀ ਹੈ।

ਇਹੀ ਪੰਜਾਬ ਦਾ ਨਵਾਂ ਜਨਮ ਹੈ , ਇੱਕ ਸੋਚ ਦਾ ਪੰਜਾਬ।

ਹੁਣ ਨਵੇਂ ਪੰਜਾਬ ਦੀ ਖੋਜ ਵਿੱਚ ਕਦਮ ਤੇ ਸੰਕਲਪ ਨੂੰ ਨਵੇਂ ਪੰਜਾਬ ਦੀ ਰਚਨਾ ਲਈ ਸਿਰਫ਼ ਸ਼ਿਕਾਇਤ ਨਹੀਂ, ਸਜਗਤਾ ਚਾਹੀਦੀ ਹੈ।

ਇਹ ਕੁੱਝ ਮੂਲ ਕਦਮ ਇਸ ਯਾਤਰਾ ਦੇ ਅਧਾਰ ਬਣ ਸਕਦੇ ਹਨ:

ਅੱਜ ਵੀ ਸਿੱਖਿਆ ਦਾ ਨਵਾਂ ਦ੍ਰਿਸ਼ਟੀਕੋਣ: ਵਿਸ਼ਵ ਪੱਧਰੀ ਕੌਸ਼ਲ, ਉਦਯੋਗੀਕ ਸਿੱਖਿਆ ਅਤੇ ਰਿਸਰਚ ਨਾਲ ਜੋੜਨਾ ਚਾਹੀਦਾ ਹੈ ।

ਹੁਣ ਖੇਤੀ ਦੀ ਨਵੀਂ ਰਣਨੀਤੀ: ਪਾਣੀ ਬਚਾਉਣ ਵਾਲੀ ਖੇਤੀ, ਔਰਗੈਨਿਕ ਤੇ ਨਵੀਨਤਮ ਤਰੀਕੇ ਤੇ ਉਦਯੋਗੀਕਰਨ ਤੇ ਸੇਵਾ ਖੇਤਰ ਦਾ ਵਿਕਾਸ ਨਵੇਂ ਨੌਕਰੀ ਮਾਡਲ ਤੇ ਸਟਾਰਟਅੱਪ ਇੰਕਿਊਬੇਸ਼ਨ ਸੈਂਟਰ।

ਅੱਜ ਹੁਣ ਇਸ ਸੰਸਕ੍ਰਿਤਿਕ ਪੁਨਰਜਾਗਰਣ: ਪੰਜਾਬੀ ਭਾਸ਼ਾ, ਗੀਤ, ਲੋਕ ਕਲਾ ਤੇ ਨਵੀਂ ਰਚਨਾਤਮਕਤਾ ਦਾ ਸੰਯੋਗ ਅਤੇ ਰਾਜਨੀਤਕ ਸੁਧਾਰ ਸਥਾਨਕ ਪੱਧਰ ਤੇ ਜਵਾਨਾਂ ਦੀ ਭਾਗੀਦਾਰੀ ਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਭੂਮਿਕਾ ਵਿਚ ਭਵਿੱਖ ਹੈ ।

ਇਸ ਪੰਜਾਬ ਦੀ ਰੂਹ ਕਦੇ ਨਹੀਂ ਮਰਦੀ ਪੰਜਾਬ ਕਦੇ ਹਾਰਿਆ ਨਹੀਂ — ਨਾ ਤਕਸੀਮ ਨਾਲ, ਨਾ ਜੰਗਾਂ ਨਾਲ, ਨਾ ਹੀ ਆਰਥਿਕ ਮੰਦਹਾਲੀ ਨਾਲ। ਇਸ ਧਰਤੀ ਨੇ ਗੁਰੂ ਤੇਗ ਬਹਾਦਰ ਤੋਂ ਲੈ ਕੇ ਭਗਤ ਸਿੰਘ ਤੱਕ ਹਰ ਯੁੱਗ ਵਿੱਚ ਆਪਣੇ ਆਪ ਨੂੰ ਨਵਾਂ ਜਨਮ ਦਿੱਤਾ ਹੈ।

ਅੱਜ ਵੀ ਜਦੋਂ ਨੌਜਵਾਨ ਵਿਦੇਸ਼ਾਂ ਵਿੱਚ ਹੈ, ਪੰਜਾਬੀਅਤ ਉਸ ਨਾਲ ਸਾਂਝੀ ਰਹਿੰਦੀ ਹੈ, ਬੋਲੀ, ਗੀਤ, ਤੇ ਸੁਪਨਿਆਂ ਰਾਹੀਂ।

ਇੱਕ ਨਵੰਬਰ ਸਾਨੂੰ ਯਾਦ ਦਿਵਾਉਂਦਾ ਹੈ ਕਿ ਪੰਜਾਬ ਸਿਰਫ਼ ਇੱਕ ਰਾਜ ਨਹੀਂ , ਇਹ ਜੀਵਨ ਦੀ ਇੱਕ ਦ੍ਰਿਸ਼ਟੀ ਹੈ, ਜਿੱਥੇ ਹੌਸਲੇ ਦੀ ਖੇਤੀ ਹੁੰਦੀ ਹੈ, ਅਣਖ ਦਾ ਜਨਮ ਹੁੰਦਾ ਹੈ ਤੇ ਚੜ੍ਹਦੀ ਕਲਾ ਦਾ ਦਰਸ਼ਨ। ਪੰਜਾਬ ਜਿਉਂਦਾ ਰਹੇਗਾ, ਹਰ ਦਰਿਆ ਵਿੱਚ, ਹਰ ਗੀਤ ਵਿੱਚ, ਹਰ ਸੁਪਨੇ ਵਿੱਚ। ਪੰਜਾਬ ਜ਼ਿੰਦਾਬਾਦ।

# ਸੱਚੀਂ ਪੰਜਾਬ ਦੀ ਅਫਸਰਸ਼ਾਹੀ ਸਭ ਤੋਂ ਵੱਧ ਭ੍ਰਿਸ਼ਟ ਹੈ !



ਕਮਲਜੀਤ ਸਿੰਘ ਬਨਵੈਤ
98147 34035

- ਆਈਏਐਸ ਟਰੇਨਿੰਗ ਸੈਂਟਰ ਮਸੂਰੀ ਦੇ ਸਾਬਕਾ ਡਾਇਰੈਕਟਰ ਸਕਸੈਨਾ ਦਾ ਬਿਆਨ ਸੱਚ ਨਿਕਲਿਆ
- ਹਰਚਰਨ ਸਿੰਘ ਭੁੱਲਰ ਦੇ ਦੁਬਈ 'ਚ ਚੱਲ ਰਹੇ ਨੇ ਤਿੰਨ ਹੋਟਲ
- ਕੈਨੇਡਾ ਤੇ ਦੁਬਈ ਵਿੱਚ ਫਲੈਟਾਂ ਤੋਂ ਸ਼ਾਹੀ ਕੋਠੀ ਦਾ ਵੀ ਮਾਲਕ
- ਹੁਣ ਤੱਕ 167 ਏਕੜ ਦੀ ਮਲਕੀਅਤ ਦਾ ਪਤਾ ਲੱਗਾ ਸੀਬੀਆਈ ਨੂੰ, ਬਠਿੰਡਾ 'ਚ ਦੇ ਰੱਖਿਆ ਸੀ 12 ਏਕੜ ਦਾ ਬਿਆਨਾ
- ਪੰਜਾਬ ਦੇ ਇੱਕ ਦਰਜਨ ਅਫ਼ਸਰਾਂ ਨੇ ਡਰਦਿਆਂ ਰਾਤ ਨੂੰ ਆਪਣੇ ਘਰ ਸੌਣਾ ਛੱਡਿਆ

ਆਈਏਐਸ ਟਰੇਨਿੰਗ ਸੈਂਟਰ ਮਸੂਰੀ ਦੇ ਸਾਬਕਾ ਡਾਇਰੈਕਟਰ ਨਰੇਸ਼ ਚੰਦਰ ਸਕਸੈਨਾ ਨੇ ਇੱਕ ਵਾਰ ਕਿਹਾ ਸੀ ਕਿ ਪੰਜਾਬ ਦੀ ਅਫਸਰਸ਼ਾਹੀ ਸਭ ਤੋਂ ਵੱਧ ਭ੍ਰਿਸ਼ਟ ਹੈ। ਉਦੋਂ ਉਹਨਾਂ ਦਾ ਇਹ ਕਹਿਣਾ ਸੱਚ ਨਹੀਂ ਲੱਗਾ ਪਰ ਹੁਣ ਜਦੋਂ ਪੰਜਾਬ ਪੁਲਿਸ ਦੇ ਡੀਆਈਜੀ ਹਰਚਰਨ ਸਿੰਘ ਭੁੱਲਰ ਰਿਸ਼ਵਤ ਦੇ ਕੇਸ ਵਿੱਚ ਫੜੇ ਗਏ ਹਨ ਤੇ ਉਹਨਾਂ ਤੋਂ ਬਾਅਦ ਦੋ ਦਰਜਨ ਅਫਸਰਾਂ ਨੇ ਡਰ ਦੇ ਮਾਰਿਆਂ ਆਪਣੇ ਘਰਾਂ ਵਿੱਚ ਰਾਤ ਵੇਲੇ ਸੌਣਾ ਛੱਡ ਦਿੱਤਾ ਹੈ ਤਾਂ ਲੱਗਣ ਲੱਗਾ ਹੈ ਕਿ ਉਹਨਾਂ ਦਾ ਬਿਆਨ ਬਿਲਕੁਲ ਸੱਚ ਨਾਲ ਖਹਿ ਕੇ ਲੰਘਦਾ ਹੈ। ਭੁੱਲਰ ਰਿਸ਼ਵਤ ਕੇਸ ਦੇ ਦਲਾਲ ਕ੍ਰਿਸ਼ਨੂ ਦੇ ਫ਼ੋਨ ਤੇ ਡਾਇਰੀ ਵਿਚਲੇ ਰਿਕਾਰਡ ਨੇ ਤਾਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰੀ ਤੰਤਰ ਵਿੱਚ ਭ੍ਰਿਸ਼ਟਾਚਾਰ ਦਾ ਬਹੁਤ ਵੱਡਾ ਨੈਟਵਰਕ ਚੱਲ ਰਿਹਾ ਹੈ। ਕ੍ਰਿਸ਼ਨੂ ਮਾਡਲ ਜੇਲ੍ਹ ਬੁੜੈਲ ਵਿੱਚ ਹਰਚਰਨ ਸਿੰਘ ਭੁੱਲਰ ਦੇ ਨਾਲ ਬੰਦ ਹੈ। ਪਿਛਲੇ ਦਿਨੀਂ ਕਈ ਅਫ਼ਸਰਾਂ ਅਤੇ ਵਿਚੋਲਿਆਂ ਨੇ ਕ੍ਰਿਸ਼ਨੂੰ ਦਲਾਲ ਨਾਲ ਜੇਲ੍ਹ ਵਿੱਚ ਮੁਲਾਕਾਤਾਂ ਵੀ ਕੀਤੀ ਹੈ ਕਿ ਉਹ ਆਪਣਾ ਮੂੰਹ ਬੰਦ ਰੱਖੇ। ਜ਼ੁਬਾਨ ਨਾ ਖੋਲ੍ਹਣ ਦੀ ਸੂਰਤ ਵਿੱਚ ਉਹਦਾ ਮਾਮਲਾ ਮੱਠਾ ਨਹੀਂ ਪੈਣ ਦਿੱਤਾ ਜਾਵੇਗਾ। ਸੀਬੀਆਈ ਵੱਲੋਂ ਚੰਡੀਗੜ੍ਹ ਦੀ ਅਦਾਲਤ ਵਿੱਚ ਕ੍ਰਿਸ਼ਨੂ ਦਾ ਰਿਮਾਂਡ ਮੰਗਣ ਵੇਲੇ ਜਿਹੜੇ ਦਸਤਾਵੇਜ਼ ਪੇਸ਼ ਕੀਤੇ ਗਏ ਹਨ ਉਹਨਾਂ ਨੇ ਇੱਕ ਤਰ੍ਹਾਂ ਨਾਲ ਸੂਬੇ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ।

ਗੱਲ ਆਈ ਏਅਸ, ਆਈਪੀਐਸ ਅਤੇ ਪੀਸੀਐਸ ਅਫਸਰਾਂ 'ਤੇ ਆ ਕੇ ਨਹੀਂ ਰੁਕੀ ਹੈ। ਭਰਿਸ਼ਟਾਚਾਰ ਦੀ ਜਾਂਚ ਦਾ ਸੇਕ ਤਾਂ ਨਿਆਂਪਾਲਿਕਾ ਤੱਕ ਜਾ ਪੁੱਜਾ ਹੈ। ਸਿਆਸਤਦਾਨਾਂ ਵਿੱਚੋਂ ਪਹਿਲਾਂ ਹੀ ਕਈ ਸਾਰੇ ਤ੍ਰਪਕਣ ਲੱਗ ਪਏ ਹਨ। ਪਤਾ ਲੱਗਾ ਹੈ ਕਿ ਭੁੱਲਰ ਦੇ ਜਿਹੜੇ ਕਰੀਬੀ ਰਿਸ਼ਤੇਦਾਰ ਨਿਆਂਪਾਲਿਕਾ ਵਿੱਚ ਕੰਮ ਕਰ ਰਹੇ ਹਨ ਉਹਨਾਂ ਦੇ ਸੰਪਰਕ ਵਿੱਚ ਨਿਆਂਪਾਲਿਕਾ ਦੇ ਕਈ ਅਧਿਕਾਰੀ ਸਨ, ਜਿਨ੍ਹਾਂ ਬਾਰੇ ਕੁਝ ਸ਼ੱਕੀ ਜਾਣਕਾਰੀਆਂ ਮਿਲੀਆਂ ਹਨ। ਸੀਬੀਆਈ ਨੇ ਕੁਝ ਨਿਆਂਇਕ ਜੱਜਾਂ ਖਿਲਾਫ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫੜ੍ਹੇ ਗਏ ਵਿਚੋਲੇ ਕ੍ਰਿਸ਼ਨੂ ਦੀ ਡਾਇਰੀ ਤੋਂ ਕੁਝ ਸਬੂਤ ਹੱਥ ਲੱਗੇ ਹਨ, ਜਿਹਨਾਂ ਤੋਂ ਪਤਾ ਲੱਗਾ ਹੈ ਕਿ ਟਰਾਈ ਸਿਟੀ ਦੀ ਪੈਰਾਫਰੀ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜ਼ਮੀਨਾਂ ਵਿੱਚ ਇਨਵੈਸਟ ਕੀਤਾ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਪਹਿਲਾਂ ਹੀ ਵੱਖੋ ਵੱਖ ਮਾਮਲਿਆਂ ਵਿੱਚ ਚਾਰ ਨਿਆਂਇਕ ਅਧਿਕਾਰੀਆਂ ਨੂੰ ਮੁਅੱਤਲ ਕਰ ਚੁੱਕੀ ਹੈ। ਇੱਕ ਸੈਸ਼ਨ ਜੱਜ ਉੱਤੇ ਇੱਕ ਐਨਆਰਆਈ ਤੋਂ ਕਰੋੜਾਂ ਦੀ ਕੀਮਤ ਵਾਲੀ ਜਾਇਦਾਦ ਨੂੰ ਬਹੁਤ ਘੱਟ ਕੀਮਤ ਵਿੱਚ ਆਪਣੇ ਕਰੀਬੀ ਦੇ ਨਾਂ ਕਰਵਾਇਆ ਗਿਆ ਹੈ। ਇਥੇ ਇੱਕ ਅਡੀਸ਼ਨਲ ਸੈਸ਼ਨ ਜੱਜ ਦੇ ਨਾਂ 'ਤੇ ਬੇਨਾਮੀ ਜਾਇਦਾਦ ਦੀ ਜਾਣਕਾਰੀ ਵੀ ਸਾਹਮਣੇ ਆਈ ਹੈ। ਜਿਸ ਦੀ ਕੀਮਤ ਕਰੋੜਾਂ ਵਿੱਚ ਦੱਸੀ ਜਾ ਰਹੀ ਹੈ।। ਇੱਕ ਹੋਰ ਨਿਆਇਕ ਅਧਿਕਾਰੀ ਦੀ ਵੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਏਜੰਸੀ ਦਾ ਮੰਨਣਾ ਹੈ ਕਿ ਰਿਮਾਂਡ ਵਿੱਚ ਪੁੱਛਗਿੱਛ ਨਾਲ ਕਈ ਹੋਰ ਨਾਵਾਂ ਦਾ ਪਰਦਾਫਾਸ਼ ਹੋ ਸਕਦਾ ਹੈ। ਜਿਸ ਨਾਲ ਇਸ ਪੂਰੇ ਭਰਿਸ਼ਟਾਚਾਰ ਨੈਟਵਰਕ ਦੀਆਂ ਜੜ੍ਹਾਂ ਸਾਹਮਣੇ ਆਉਣੀਆਂ ਹਨ।

ਸੀਬੀਆਈ ਨੇ ਅਦਾਲਤ ਵਿੱਚ ਕ੍ਰਿਸ਼ਨੂ ਦਲਾਲ ਦਾ ਰਿਮਾਂਡ ਮੰਗਣ ਵੇਲੇ ਤਿੰਨ ਪੰਨਿਆਂ ਦਾ ਜਿਹੜਾ ਪੇਪਰ ਪੇਸ਼ ਕੀਤਾ ਸੀ, ਉਸ ਤੋਂ ਪਤਾ ਲੱਗਾ ਹੈ ਕਿ ਅਫਸਰਾਂ ਅਤੇ ਕ੍ਰਿਸ਼ਨੂ ਦਾ ਨੈਟਵਰਕ ਪੂਰੀ ਤਰ੍ਹਾਂ ਮਜ਼ਬੂਤ ਹੋ ਚੁੱਕਾ ਸੀ। ਸਰਕਾਰੀ ਫਾਇਦਾ ਚੁੱਕਣ ਲਈ ਇਹ ਤੰਤਰ ਚੱਲ ਰਿਹਾ ਹੈ। ਇਹ ਵੀ ਗੱਲ ਸਪੱਸ਼ਟ ਹੋ ਗਈ ਹੈ ਕਿ ਕ੍ਰਿਸ਼ਨੂੰ ਦਲਾਲ ਦੇ ਤੌਰ 'ਤੇ ਕੰਮ ਕਰ ਰਿਹਾ ਸੀ। ਉਸ ਦੇ ਜਿਹੜੇ ਫੋਨ ਜਾਂ ਡਾਇਰੀ ਫੜੀ ਗਈ ਹੈ ਉਸ ਵਿੱਚ ਅਦਾਇਗੀ ਅਤੇ ਰੈਫਰੈਂਸ ਅੰਕਿਤ ਹਨ, ਜਿਸ ਦੀ ਜਾਂਚ ਹੁਣ ਸੀਬੀਆਈ ਰਿਮਾਂਡ ਦੌਰਾਨ ਕਰੇਗੀ। ਸੀਬੀਆਈ ਨੇ ਇਹ ਪਤਾ ਲਾਉਣਾ ਹੈ ਕਿ ਪੈਸਾ ਕਿੱਥੋਂ ਆਇਆ ਅਤੇ ਕਿਸ ਕੋਲ ਗਿਆ।

ਭੁੱਲਰ ਦਾ ਮਾਮਲਾ ਠੰਡਾ ਨਹੀਂ ਪਿਆ ਕਿ ਪੰਜਾਬ ਪੁਲਿਸ ਨੇ ਸਾਲ 2019 ਦੇ ਦਰਜ ਇੱਕ ਝੂਠੇ ਮੁਕੱਦਮੇ ਦੇ ਮਾਮਲੇ ਵਿੱਚ ਸਾਬਕਾ ਏਆਈਜੀ ਰਛਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਨੇ 2019 ਵਿੱਚ ਆਪਣੇ ਹੋਰ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ ਇੱਕ ਵਿਅਕਤੀ ਖਿਲਾਫ 200 ਗਰਾਮ ਨਸ਼ੀਲੇ ਪਦਾਰਥ ਦਾ ਝੂਠਾ ਮੁਕੱਦਮਾ ਦਰਜ ਕੀਤਾ ਸੀ। ਰਛਪਾਲ ਸਿੰਘ ਇਕੱਲਾ ਅਜਿਹਾ ਅਧਿਕਾਰੀ ਨਹੀਂ ਹੈ, ਜਿਸ ਨੇ ਖ਼ਾਕੀ ਵਰਦੀ ਦਾ ਰੋਅਬ ਦਿਖਾ ਕੇ ਪੈਸਾ ਇਕੱਠਾ ਕੀਤਾ ਹੋਵੇ ਜਾਂ ਝੂਠੇ ਕੇਸ ਪਾਏ ਹੋਣ ਜਾਂ ਫਿਰ ਨਸ਼ਿਆਂ ਦੀ ਤਸਕਰੀ ਕੀਤੀ ਹੋਵੇ। ਪੰਜਾਬ ਪੁਲਿਸ ਦਾ ਏਆਈਜੀ ਰਾਜਜੀਤ ਸਿੰਘ ਨਸ਼ਿਆਂ ਦਾ ਵਪਾਰੀ ਰਿਹਾ ਹੈ। ਜਦੋਂ ਪੁਲਿਸ ਨੇ ਨੱਪਣਾ ਚਾਹਿਆ ਤਾਂ ਉਹ ਲੁਕ ਗਿਆ ਅਤੇ ਹਾਲੇ ਤੱਕ ਲੁਕਿਆ ਆ ਰਿਹਾ ਹੈ। ਇੱਥੇ ਹੀ ਬਸ ਨਹੀਂ ਪੰਜਾਬ ਪੁਲਿਸ ਤਾਂ ਝੂਠੇ ਮੁਕਾਬਲੇ ਬਣਾਉਣ ਵਿੱਚ ਵੀ ਮਾਹਿਰ ਹੈ। ਪੰਜਾਬ ਸਰਕਾਰ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲਿਆਂ ਨੂੰ ਨਹੀਂ ਨੱਪ ਸਕੀ ਤਾਂ ਅਦਾਲਤਾਂ ਨੇ ਇਹਨਾਂ ਨੂੰ ਟੰਗਣਾ ਸ਼ੁਰੂ ਕਰ ਦਿੱਤਾ। ਪਿਛਲੇ ਕਈ ਦਿਨਾਂ ਤੋਂ ਅਦਾਲਤਾਂ ਵੱਲੋਂ ਪੁਲਿਸ ਨੂੰ ਟੰਗਣ ਦੇ ਮਾਮਲੇ ਸਾਹਮਣੇ ਆਏ ਹਨ। ਹੋਰ ਤਾਂ ਹੋਰ ਪੰਜਾਬ ਪੁਲਿਸ ਦੇ ਕਈ ਅਫਸਰਾਂ ਨੂੰ ਨਸ਼ਿਆਂ ਦਾ ਵਪਾਰ ਕਰਦਿਆਂ ਨੱਪ ਲਿਆ ਹੈ। ਹੋਰ ਤਾਂ ਹੋਰ ਨਸ਼ਿਆਂ ਦੀ ਵਪਾਰਨ ਥਾਰ ਵਾਲੀ ਬੀਬੀ ਵੀ ਅੰਤ ਨੂੰ ਪੁਲਿਸ ਦੇ ਧੱਕੇ ਚੜ੍ਹ ਗਈ ਸੀ।

ਪੰਜਾਬ ਪੁਲਿਸ ਦੇ ਦੋ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਐਸਐਸ ਵਿਰਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤੇ ਗਏ ਸਨ। ਸੁਮੇਧ ਸੈਣੀ ਦਾ ਤਾਂ ਪੁਲਿਸ ਹਿਰਾਸਤ ਵਿੱਚ ਇੱਕ ਦਿਨ ਇੱਕ ਰਾਤ ਕੱਟ ਕੇ ਸਰ ਗਿਆ ਪਰ ਐਸਐਸ ਵਿਰਕ ਨੂੰ ਲੰਮਾ ਸਮਾਂ ਜੇਲ੍ਹ ਵਿੱਚ ਗੁੜ ਨਾਲ ਚਣੇ ਚਬਣੇ ਪੈ ਗਏ ਸਨ। ਇੱਕ ਹੋਰ ਐਸਐਸਪੀ ਕੁਲਤਾਰ ਸਿੰਘ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਦੀ ਹਵਾ ਖਾ ਚੁੱਕਾ ਹੈ। ਕੁਲਤਾਰ ਸਿੰਘ ਵੱਲੋਂ ਦੱਸੀ ਸੇਵਾ ਪਾਣੀ ਜਦੋਂ ਅੰਮ੍ਰਿਤਸਰ ਦਾ ਪਰਿਵਾਰ ਪੂਰੀ ਨਾ ਕਰ ਸਕਿਆ ਤਾਂ ਇਸ ਨੇ ਡੰਡਾ ਖੜਕਾਉਣਾ ਸ਼ੁਰੂ ਕਰ ਦਿੱਤਾ। ਗਰੀਬ ਪਰਿਵਾਰ ਨੇ ਅੱਕ ਕੇ ਸਮੂਹਿਕ ਆਤਮਹੱਤਿਆ ਕਰ ਲਈ ਸੀ ।

ਇੱਥੇ ਹੀ ਬਸ ਨਹੀਂ ਪੰਜਾਬ ਦੇ ਕਈ ਆਈਏਐਸ ਅਫਸਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾ ਚੁੱਕੇ ਹਨ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸੈਕਟਰੀ ਬਿਕਰਮਜੀਤ ਸਿੰਘ ਨੂੰ ਵੀ ਰਿਸ਼ਵਤ ਖੋਰੀ ਦੇ ਦੋਸ਼ਾਂ ਹੇਠ ਅਦਾਲਤ ਦੀਆਂ ਪੌੜੀਆਂ ਚੜ੍ਹਨਾ ਪੈ ਗਿਆ ਸੀ। ਪਿੱਛੇ ਜਿਹੇ ਪੰਜਾਬ ਦੇ ਇਕ ਆਈਐਸ ਅਫਸਰ ਨੂੰ ਜਦੋਂ ਜੇਲ੍ਹ ਜਾਣਾ ਪਿਆ ਤਾਂ ਪਿੱਛੋਂ ਉਸਦੇ ਆਪਣੇ ਇਕਲੌਤੇ ਬੱਚੇ ਨੇ ਦੁਖੀ ਹੋ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਸੀ। ਤਿੰਨ ਤੋਂ ਚਾਰ ਹੋਰ ਅਜਿਹੇ ਆਈਏਐਸ ਅਧਿਕਾਰੀ ਹਨ ਜਿਨ੍ਹਾਂ ਨੂੰ ਜੇਲ੍ਹ ਦੀ ਹਵਾ ਵੀ ਖਾਣੀ ਪਈ ਹੈ ਅਤੇ ਨੌਕਰੀ ਤੋਂ ਵੀ ਹੱਥ ਧੋਣੇ ਪਏ ਹਨ। ਪੰਜਾਬ ਸਰਕਾਰ ਵੱਲੋਂ ਪੀਸੀਐਸ, ਆਈਏਐਸ ਅਫਸਰਾਂ ਤੇ ਤਹਿਸੀਲਦਾਰਾਂ 'ਤੇ ਸ਼ਿਕੰਜਾ ਕੱਸਿਆ ਗਿਆ ਤਾਂ ਇਹ ਸਰਕਾਰ ਉੱਤੇ ਦਬਾਅ ਪਾ ਕੇ ਬਚਦੇ ਰਹੇ।

ਹਰਚਰਨ ਸਿੰਘ ਭੁੱਲਰ ਦੀ ਗੱਲ ਕਰੀਏ ਤਾਂ ਉਸ ਨੂੰ ਸੀਬੀਆਈ ਵੱਲੋਂ ਰਿਸ਼ਵਤ ਲੈਂਦਿਆਂ ਰੰਗੇ ਹੱਥੀ ਫੜੇ ਜਾਣ ਤੋਂ ਬਾਅਦ ਉਸ ਦੇ ਖਿਲਾਫ਼ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਇੱਕ ਹੋਰ ਕੇਸ ਦਰਜ ਕੀਤਾ ਗਿਆ ਹੈ। ਸੀਬੀਆਈ ਦੀ ਰੇਡ ਵੇਲੇ ਜਿੱਥੇ ਉਸ ਦੇ ਘਰੋਂ ਸਾਢੇ ਸੱਤ ਕਰੋੜ ਰੁਪਏ, ਢਾਈ ਕਿਲੋ ਸੋਨਾ, ਮਹਿੰਗੀ ਸ਼ਰਾਬ, ਮਹਿੰਗੀਆਂ ਕਾਰਾਂ ਅਤੇ ਮਹਿੰਗੀਆਂ ਘੜੀਆਂ ਤੋਂ ਬਿਨਾਂ ਹਥਿਆਰ ਤੱਕ ਬਰਾਮਦ ਹੋਏ ਸਨ। ਸੀਬੀਆਈ ਜਿਉਂ ਜਿਉਂ ਜਾਂਚ ਵਧਾ ਰਹੀ ਹੈ ਤਿਉਂ ਤੋਂ ਪਤਾ ਲੱਗ ਰਿਹਾ ਹੈ ਕਿ ਉਹ ਤਾਂ ਪੌਣੇ ਦੋ ਸੌ ਏਕੜ ਜ਼ਮੀਨ ਦਾ ਮਾਲਕ ਹੈ। ਨੌਕਰੀ ਪੰਜਾਬ ਵਿੱਚ ਡੀਆਈਜੀ ਦੀ ਕਰ ਰਿਹਾ ਸੀ ਜਦਕਿ ਲੰਬੇ ਸਮੇਂ ਤੋਂ ਉਸਦਾ ਦੁਬਈ ਵਿੱਚ ਹੋਟਲਾਂ ਦਾ ਕਾਰੋਬਾਰ ਵੀ ਹੈ। ਉਸ ਦੇ ਦੁਬਈ ਵਿੱਚ ਤਿੰਨ ਹੋਟਲ ਹਨ। ਲੀਜ਼ 'ਤੇ ਲਏ ਇਹਨਾਂ ਹੋਟਲਾਂ ਨੂੰ ਉਸ ਦਾ ਭਤੀਜਾ ਦੇਖ ਰਿਹਾ ਹੈ ਜਿਹੜਾ ਕਿ ਹਰ ਮਹੀਨੇ ਅਲੱਗ ਅਲੱਗ ਤਰੀਕੇ ਨਾਲ ਹੋਟਲਾਂ ਤੋਂ ਹੋਣ ਵਾਲੀ ਕਮਾਈ ਦਾ ਹਿੱਸਾ ਭੇਜਦਾ ਹੈ। ਭੁੱਲਰ ਨੇ ਡੇਢ ਦੋ ਮਹੀਨੇ ਪਹਿਲਾਂ ਬਠਿੰਡਾ ਵਿੱਚ 12 ਏਕੜ ਜ਼ਮੀਨ ਦਾ ਸੌਦਾ ਕੀਤਾ ਸੀ, ਜਿਸ ਦੇ ਲਈ 55 ਲੱਖ ਰੁਪਏ ਦੀ ਕੈਸ਼ ਪੇਮੈਂਟ ਕੀਤੀ ਜਾ ਚੁੱਕੀ ਹੈ। ਉਸ ਵੱਲੋਂ ਜ਼ਮੀਨਾਂ ਦਾ ਕਾਰੋਬਾਰ ਕਰਨ ਲਈ ਰਿਸ਼ਤੇਦਾਰਾਂ ਦੇ ਨਾਂ ਪਾਵਰ ਆਫ ਅਟਾਰਨੀ ਦੇ ਕਾਗਜ਼ਾਤ ਹੱਥ ਲੱਗੇ ਹਨ। ਇੱਥੇ ਹੀ ਬਸ ਨਹੀਂ ਦੁਬਈ ਤੇ ਕੈਨੇਡਾ ਵਿੱਚ ਉਸਦੇ ਫਲੈਟ ਹੀ ਨਹੀਂ ਹਨ ਸਗੋਂ ਉਹ ਤਾਂ ਵਿਲ੍ਹਾ ਦਾ ਵੀ ਮਾਲਕ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਦਾ ਪ੍ਰਣ ਲਿਆ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਾਫ਼ੀ ਹੱਦ ਤੱਕ ਸਫਲਤਾ ਵੀ ਮਿਲੀ ਹੈ। ਜਿਨ੍ਹਾਂ ਦੇ ਖ਼ੂਨ ਵਿੱਚ ਭ੍ਰਿਸ਼ਟਾਚਾਰ ਰਲ ਚੁੱਕਾ ਹੋਵੇ ਭਲਾ ਉਸ ਨੂੰ ਕੋਈ ਸਾਫ਼ ਕਿਵੇਂ ਕਰੇ। ਭ੍ਰਿਸ਼ਟਾਚਾਰੀਆਂ ਦੇ ਖ਼ੂਨ ਨੂੰ ਸਾਫ ਕਰਨ ਲਈ ਸੀਬੀਆਈ ਤੋਂ ਬਿਨਾਂ ਕੋਈ ਗੁਜ਼ਾਰਾ ਨਹੀਂ ਹੈ।

# ਨਵੰਬਰ ਮਹੀਨੇ ਮੁੜ ਕੁਰੇਦੇ ਜਾਂਦੇ ਹਨ ਸਿੱਖਾਂ ਦੇ ਦਹਾਕਿਆਂ ਤੋਂ ਰਿਸਦੇ ਜ਼ਖ਼ਮ



ਬਘੇਲ ਸਿੰਘ ਧਾਲੀਵਾਲ
99142-58142

**ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਉਹਨਾਂ ਦਾ ਮੁੱਦਾ ਹੀ ਖਤਮ ਕਰ ਦਿੱਤਾ। ਕੋਹ ਕੋਹ ਕੇ ਮਾਰਨ ਤੋਂ ਬਾਅਦ ਅਣਪਛਾਤੇ ਕਹਿ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ, ਜਾਂ ਦਰਿਆਵਾਂ ਵਿੱਚ ਰੋੜ ਦਿੱਤਾ ਗਿਆ ਤਾਂ ਕਿ ਅਦਾਲਤੀ ਝੰਜਟ ਤੋਂ ਬਚਿਆ ਜਾ ਸਕੇ। ਕੁੱਝ ਬਚ ਗਏ ਸਿੱਖ ਨੌਜਵਾਨਾਂ ਨੂੰ ਅਦਾਲਤਾਂ ਵੱਲੋਂ ਉਮਰ ਕੈਦ ਅਤੇ ਫਾਂਸੀ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ,ਪਰ ਉਹਨਾਂ ਨੂੰ ਮੌਤ ਦੇ ਖੌਫ਼ ਵਿੱਚ ਪਲ ਪਲ ਮਰਦੇ ਦੇਖਣ ਲਈ 30,30 35,35 ਸਾਲਾਂ ਤੋਂ ਭਾਰਤ ਦਾ ਦੋਹਰੇ ਮਾਪਦੰਡ ਵਾਲਾ ਕਾਨੂੰਨ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਕਰ ਰਿਹਾ ਹੈ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਸਥਾਪਤੀ ਨੇ ਆਪਣੇ ਹਿੱਤਾਂ ਲਈ ਕਿੰਨੀ ਲਚਕੀਲੀ ਬਣਾ ਕੇ ਰੱਖਿਆ ਹੈ ਭਾਰਤੀ ਨਿਆਂ ਪ੍ਰਣਾਲੀ ਨੂੰ, ਜਿਸ ਨੂੰ ਸੱਤਾ ਆਪਣੀ ਮਰਜ਼ੀ ਨਾਲ ਜਿੱਧਰ ਨੂੰ ਦਿਲ ਕਰੇ ਮੋੜ ਸਕਦੀ ਹੈ।**

ਜਦੋਂ ਨਵੰਬਰ ਦੇ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ ਤਾਂ ਸਿੱਖਾਂ ਦੇ 40 ਸਾਲ ਪੁਰਾਣੇ ਜ਼ਖਮ ਮੁੜ ਤਾਜ਼ਾ ਹੋ ਜਾਂਦੇ ਹਨ। ਸਿੱਖਾਂ ਨੂੰ ਉਹ ਖੌਫਨਾਕ ਵਰਤਾਰਾ ਅੱਖਾਂ ਮੂਹਰੇ ਵਾਪਰਦਾ ਦਿਖਾਈ ਦੇਣ ਲੱਗਦਾ ਹੈ, ਜਿਸ ਨੇ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਉਜਾੜਿਆ, ਮਾਰਿਆ, ਧੀਆਂ ਭੈਣਾਂ ਦੀਆਂ ਇੱਜ਼ਤਾਂ ਰੁਲਵਾਈਆਂ, ਗਲਾਂ ਵਿੱਚ ਟਾਇਰ ਪਾ ਪਾ ਕੇ, ਡੀਜ਼ਲ ਪੈਟਰੋਲ ਪਾ ਪਾ ਕੇ ਬੇਰਹਿਮੀ ਨਾਲ ਸਾੜਿਆ, ਘਰ ਬਾਰ ਫੈਕਟਰੀਆਂ ਕੰਮ ਕਾਰ ਸਭ ਤਬਾਹ ਕੀਤੇ ਗਏ। ਇਹ ਭਿਆਨਕ ਮੰਜ਼ਰ ਲਗਾਤਾਰ ਹਫਤਾ ਭਰ ਵਾਪਰਦਾ ਰਿਹਾ ਪਰ ਸਰਕਾਰੀ ਤੰਤਰ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਕਰਨ ਦੀ ਬਜਾਏ ਕਾਤਲਾਂ ਦੇ ਨਾਲ ਖੜ੍ਹਕੇ ਉਹਨਾਂ ਨੂੰ ਉਤਸ਼ਾਹਿਤ ਕਰਦਾ ਰਿਹਾ। ਨਸ਼ੇ 'ਚ ਧੁੱਤ ਉਹਨਾਂ ਭੀੜਾਂ ਨੂੰ ਉਹ ਹਰ ਸਹੂਲਤ ਮੁਹੱਈਆ ਕਰਵਾਉਂਦਾ ਰਿਹਾ, ਜਿਸ ਦੀ ਉਹ ਥੋੜੀ ਬਹੁਤੀ ਵਿੱਚ ਜ਼ਰੂਰਤ ਮਹਿਸੂਸ ਕਰਦੇ ਸਨ। ਇਹ ਕਿੰਨੀ ਹੈਰਾਨ ਕਰਨ ਵਾਲੀ ਸੱਚਾਈ ਹੈ ਕਿ ਭਾਰਤ ਦੀ ਸਰਵ ਉੱਚ ਅਦਾਲਤ ਦੇ ਬਿਲਕੁਲ ਨੱਕ ਹੇਠ ਲਗਾਤਾਰ ਹਫਤਾ ਭਰ ਹੁੰਦੇ ਰਹੇ ਸਿੱਖਾਂ ਦੇ ਕਤਲੇਆਮ ਦੀਆਂ ਚੀਕਾਂ ਹਾਲ ਦੁਹਾਈਆਂ ਕਿਸੇ ਵੀ ਜੱਜ, ਵਕੀਲ ਦੇ ਕੰਨਾਂ ਤੱਕ ਨਹੀਂ ਪਹੁੰਚੀਆਂ ਅਤੇ ਨਾ ਹੀ ਸ਼ਰਾਬੀ ਹੋਏ ਹਜੂਮ ਦੇ ਲਲਕਾਰੇ ਅਦਾਲਤ ਨੂੰ ਸੁਣਾਈ ਦਿੱਤੇ। ਇਹ ਕਿਹੋ ਜਿਹਾ ਲੋਕਤੰਤਰ ਹੈ ਕਿ ਜਿੱਥੇ ਘੱਟ ਗਿਣਤੀਆਂ ਦੇ ਮਾਮਲਿਆਂ ਵਿੱਚ ਕਾਨੂੰਨ ਵੀ ਪੱਖਪਾਤ ਵਾਲਾ ਰਾਹ ਅਖਤਿਆਰ ਕਰਦਾ ਹੈ ਅਤੇ ਅੰਨ੍ਹਾ ਬੋਲਾ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਦਿੱਲੀ ਵਿੱਚ ਹਫਤਾ ਭਰ ਮੱਚਦੇ ਰਹੇ ਕੋਹਰਾਮ ਨੂੰ ਦੇਸ਼ ਦੀ ਸਰਬ ਉੱਚ ਅਦਾਲਤ ਨੇ ਮਹਿਸੂਸ ਹੀ ਨਹੀਂ ਕੀਤਾ। ਕਾਨੂੰਨ ਵੀ ਝੱਟ ਸਮਝ ਜਾਂਦਾ ਹੈ ਕਿ ਘੱਟ ਗਿਣਤੀ ਤਬਕੇ ਦੇ ਲੋਕਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ। ਇਸੇ ਕਰਕੇ ਹੀ ਤਾਂ ਪਿਛਲੇ 41 ਸਾਲਾਂ ਤੋਂ ਸਿੱਖ ਪੀੜਤ ਮਰਦ ਔਰਤਾਂ ਇਨਸਾਫ ਲਈ ਅਦਾਲਤਾਂ ਦੇ ਚੱਕਰ ਕੱਟਦਿਆਂ ਕੱਟਦਿਆਂ ਇਸ ਜਹਾਨ ਤੋਂ ਕੂਚ ਕਰ ਗਏ, ਪਰ ਇਨਸਾਫ ਨੇ ਕੋਈ ਬਾਂਹ ਨਹੀਂ ਫੜਾਈ, ਬਲਕਿ ਕਾਨੂੰਨ ਉਹਨਾਂ ਅਭਾਗੇ ਲੋਕਾਂ ਦਾ ਲਗਾਤਾਰ ਮਜ਼ਾਕ ਉਡਾਉਂਦਾ ਆ ਰਿਹਾ ਹੈ ਜਿਨ੍ਹਾਂ ਨੇ ਨਵੰਬਰ 1984 ਦੇ ਵਿੱਚ ਆਪਣੇ ਹਸਦੇ ਵਸਦੇ ਪਰਿਵਾਰ ਗਵਾਏ ਹਨ, ਆਪਣੇ ਵੱਡੇ ਵੱਡੇ ਕਾਰੋਬਾਰ ਤਬਾਹ ਕਰਵਾਏ ਹਨ, ਸੈਂਕੜੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੇ ਖੁਦ ਸੜਕਾਂ 'ਤੇ ਭੀਖ ਮੰਗਣ ਲਈ ਮਜਬੂਰ ਹੋਏ ਹਨ, ਪਰ ਇਨਸਾਫ ਦੀ ਤੱਕੜੀ ਦਾ ਪਲੜਾ ਹਮੇਸ਼ਾ ਕਾਤਲਾਂ ਦੇ ਪੱਖ ਵਿੱਚ ਹੀ ਝੁੱਕਦਾ ਰਿਹਾ ਹੈ। ਇਹ ਸਿੱਖਾਂ ਨਾਲ ਕੇਹਾ ਕੋਝਾ ਮਜ਼ਾਕ ਹੈ ਕਿ ਦਿੱਲੀ ਦੀਆਂ ਸੜਕਾਂ 'ਤੇ ਹਫਤਾ ਭਰ ਸ਼ਰੇਆਮ ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਸਬੂਤਾਂ ਦੀ ਘਾਟ ਕਾਰਨ ਬਰੀ ਹੁੰਦੇ ਰਹੇ। ਦਿੱਲੀ ਪੁਲਿਸ ਵੱਲੋਂ ਕੁੱਲ ਦਰਜ ਕੀਤੀਆਂ 587 ਐਫ.ਆਈ.ਆਰਾਂ ਵਿੱਚ ਲਗਭਗ 25 ਹਜ਼ਾਰ ਲੋਕ ਦੋਸ਼ੀ ਦਰਜ ਹੋਏ, ਪਰ ਜ਼ਿਆਦਾਤਰ ਨੂੰ ਜਿਵੇਂ ਉੱਪਰ ਲਿਖਿਆ ਜਾ ਚੁੱਕਾ ਹੈ, ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਬਹੁਤ ਸਾਰੇ ਕੇਸ ਤਾਂ ਸਾਲਾਂ ਤੱਕ ਅਦਾਲਤਾਂ ਵਿੱਚ ਚੱਲੇ ਹੀ ਨਹੀਂ। ਇਸ ਤੋਂ ਉਪਰੰਤ ਸਿੱਖਾਂ ਨੂੰ ਜਾਂਚ ਕਮੇਟੀਆਂ ਅਤੇ ਕਮਿਸ਼ਨਾਂ ਦੇ ਦੰਭੀ ਜਾਲ 'ਚ ਉਲਝਾ ਕੇ ਰੱਖਿਆ ਗਿਆ। 1985 ਵਿੱਚ ਰਾਜੀਵ ਗਾਂਧੀ ਸਰਕਾਰ ਨੇ ਜਸਟਿਸ ਰੰਗਨਾਥ ਮਿਸਰਾ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਈ। ਇਸ ਕਮੇਟੀ ਨੇ ਹਿੰਸਾ ਦੀ ਜਾਂਚ ਕੀਤੀ ਪਰ ਕਿਸੇ ਵੱਡੇ ਨੇਤਾ ਖ਼ਿਲਾਫ਼ ਸਿੱਧੀ ਕਾਰਵਾਈ ਦੀ ਸਿਫਾਰਸ਼ ਨਹੀਂ ਕੀਤੀ। ਇਸੇ ਕਰਕੇ ਪੀੜਤ ਪਰਿਵਾਰਾਂ ਨੇ ਇਸ ਕਮੇਟੀ ਨੂੰ "ਇਨਸਾਫ਼ ਤੋਂ ਇਨਕਾਰ" ਦਾ ਪ੍ਰਤੀਕ ਕਿਹਾ। ਇਸ ਤੋਂ ਬਾਅਦ ਜੈਨ-ਬੈਨਰਜੀ ਕਮੇਟੀ ਬਣੀ (1987-1990),ਜਿਸ ਨੇ ਪਹਿਲਾਂ ਬੰਦ ਹੋਏ ਕੁਝ ਕੇਸ ਮੁੜ ਖੋਲ੍ਹਣ ਦੀ ਸਿਫਾਰਸ਼ ਕੀਤੀ। ਕੁਝ ਗ੍ਰਿਫ਼ਤਾਰੀਆਂ ਵੀ ਹੋਈਆਂ, ਪਰ ਅਦਾਲਤੀ ਕਾਰਵਾਈ ਨਾਂ ਬਰਾਬਰ ਹੀ ਰਹੀ। ਫਿਰ ਸੰਨ 2000 ਵਿੱਚ ਅਟਲ ਬਿਹਾਰੀ ਵਾਜਪੇਈ ਸਰਕਾਰ ਵੱਲੋਂ ਜਸਟਿਸ ਜੀ.ਟੀ. ਨਾਨਕੀ ਕਮੇਟੀ (2000-2005) ਬਣਾਈ ਗਈ। ਇਸ ਕਮੇਟੀ ਨੇ 2,733 ਹੱਤਿਆਵਾਂ ਦੀ ਜਾਂਚ ਕੀਤੀ ਅਤੇ ਸੱਜਣ ਕੁਮਾਰ, ਜਗਦੀਸ਼ ਟਾਇਟਲਰ, ਐਚ.ਕੇ.ਐਲ. ਭਗਤ ਵਰਗੇ ਕਾਂਗਰਸੀ ਨੇਤਾਵਾਂ ਖ਼ਿਲਾਫ਼ ਸਿਫਾਰਸ਼ਾਂ ਕੀਤੀਆਂ। ਪਰ ਫਿਰ ਵੀ ਜ਼ਿਆਦਾਤਰ ਦੋਸ਼ੀ ਬਰੀ ਰਹੇ। ਸੰਨ 2015 ਵਿੱਚ ਸਰਬ ਉੱਚਅਦਾਲਤ ਦੇ ਹੁਕਮਾਂ 'ਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਮੁੜ ਗਠਤ ਕੀਤੀ ਗਈ,ਇਸ ਟੀਮ ਨੇ 186 ਪੁਰਾਣੇ ਕੇਸ ਦੁਬਾਰਾ ਖੋਲ੍ਹੇ ਅਤੇ ਚਾਰ ਸੌ ਦੇ ਕਰੀਬ ਗ੍ਰਿਫਤਾਰੀਆਂ ਵੀ ਹੋਈਆਂ,ਪਰੰਤੂ ਸੱਜਣ ਕੁਮਾਰ ਸਮੇਤ ਕੁੱਝ ਕੁ ਨੂੰ ਹੀ ਸਜ਼ਾਵਾਂ ਹੋਈਆਂ। ਪਰੰਤੂ ਇੱਥੇ ਸਵਾਲ ਤਾਂ ਇਹ ਉੱਠਦਾ ਹੈ ਕਿ 25,000 ਨਾਮਜ਼ਦ ਦੋਸ਼ੀਆਂ ਵਿੱਚੋਂ ਸਜ਼ਾਵਾਂ ਕੁੱਝ ਕੁ ਗਿਣਤੀ ਦੇ ਲੋਕਾਂ ਨੂੰ ਹੀ ਕਿਉਂ ? ਉਹ ਵੀ ਤਿੰਨ ਦਹਾਕਿਆਂ ਤੋਂ ਬਾਅਦ। ਕਿਸੇ ਵੀ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਹੋਈ। ਅਦਾਲਤ ਵੱਲੋਂ ਸਿੱਖ ਕਤਲੇਆਮ ਵਿੱਚ ਉਮਰ ਕੈਦ ਨੂੰ ਹੀ ਸਭ ਤੋਂ ਵੱਡੀ ਸਜ਼ਾ ਮੰਨਿਆ ਗਿਆ, ਜਦੋਂਕਿ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਪਾਏ ਗਏ ਸ਼ਹੀਦ ਭਾਈ ਬੇਅੰਤ ਸਿੰਘ ਨੂੰ ਮੌਕੇ 'ਤੇ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਤਵੰਤ ਸਿੰਘ ਜਿਹੜੇ ਮੌਕੇ 'ਤੇ ਗੋਲੀਆਂ ਲੱਗਣ ਦੇ ਬਾਵਜੂਦ ਵੀ ਬਚ ਗਏ ਸਨ, ਉਹਨਾਂ ਨੂੰ ਅਤੇ ਭਾਈ ਕੇਹਰ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ। ਜਿਸ ਦਾ ਕਤਲ ਹੋਇਆ,ਉਸ ਦੇ ਦੋਸ਼ ਵਿੱਚ ਸਿੱਖਾਂ ਨੂੰ ਅਦਾਲਤ ਨੇ ਬਹੁਤ ਸੀਮਤ ਸਮੇਂ ਵਿੱਚ ਹੀ ਫਾਂਸੀ ਦੀ ਸਜ਼ਾ ਸੁਣਾ ਕੇ ਬਹੁਤ ਜਲਦੀ ਸ਼ਹੀਦ ਵੀ ਕਰ ਦਿੱਤਾ, ਪਰ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਗਿਣੀ ਮਿਥੀ ਸਾਜਿਸ਼ ਨਾਲ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਅਦਾਲਤਾਂ ਵੱਲੋਂ ਕੋਈ ਮਿਸਾਲੀ ਸਜ਼ਾ ਨਹੀਂ ਦਿੱਤੀ ਗਈ, ਸਗੋਂ ਜੇ ਕਿਸੇ ਨੂੰ ਸਜ਼ਾ ਸੁਣਾਈ ਵੀ ਹੈ ਤਾਂ ਉਸ ਮੌਕੇ ਜਦੋਂ ਇਨਸਾਫ ਲੈਣ ਵਾਲਾ ਕੋਈ ਟਾਂਵਾਂ ਹੀ ਬਚਿਆ ਹੈ।

ਦੂਜੇ ਪਾਸੇ ਉਹ ਸਿੱਖ ਨੌਜਵਾਨ, ਜਿਨ੍ਹਾਂ ਨੇ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਰੋਸ ਵਜੋਂ ਹਥਿਆਰਬੰਦ ਜੱਦੋ ਜਹਿਦ ਕਰਨ ਦਾ ਅਹਿਦ ਕੀਤਾ ਤਾਂ ਉਸ ਸੰਘਰਸ਼ ਨੂੰ ਬੜੀ ਬੇਰਹਿਮੀ ਦੇ ਨਾਲ ਕੁਚਲ ਦਿੱਤਾ ਗਿਆ। ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਉਹਨਾਂ ਦਾ ਮੁੱਦਾ ਹੀ ਖਤਮ ਕਰ ਦਿੱਤਾ। ਕੋਹ ਕੋਹ ਕੇ ਮਾਰਨ ਤੋਂ ਬਾਅਦ ਅਣਪਛਾਤੇ ਕਹਿ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ, ਜਾਂ ਦਰਿਆਵਾਂ ਵਿੱਚ ਰੋੜ ਦਿੱਤਾ ਗਿਆ ਤਾਂ ਕਿ ਅਦਾਲਤੀ ਝੰਜਟ ਤੋਂ ਬਚਿਆ ਜਾ ਸਕੇ। ਕੁੱਝ ਬਚ ਗਏ ਸਿੱਖ ਨੌਜਵਾਨਾਂ ਨੂੰ ਅਦਾਲਤਾਂ ਵੱਲੋਂ ਉਮਰ ਕੈਦ ਅਤੇ ਫਾਂਸੀ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ,ਪਰ ਉਹਨਾਂ ਨੂੰ ਮੌਤ ਦੇ ਖੌਫ਼ ਵਿੱਚ ਪਲ ਪਲ ਮਰਦੇ ਦੇਖਣ ਲਈ 30,30 35,35 ਸਾਲਾਂ ਤੋਂ ਭਾਰਤ ਦਾ ਦੋਹਰੇ ਮਾਪਦੰਡ ਵਾਲਾ ਕਾਨੂੰਨ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਕਰ ਰਿਹਾ ਹੈ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਸਥਾਪਤੀ ਨੇ ਆਪਣੇ ਹਿੱਤਾਂ ਲਈ ਕਿੰਨੀ ਲਚਕੀਲੀ ਬਣਾ ਕੇ ਰੱਖਿਆ ਹੈ ਭਾਰਤੀ ਨਿਆਂ ਪ੍ਰਣਾਲੀ ਨੂੰ, ਜਿਸ ਨੂੰ ਸੱਤਾ ਆਪਣੀ ਮਰਜ਼ੀ ਨਾਲ ਜਿੱਧਰ ਨੂੰ ਦਿਲ ਕਰੇ ਮੋੜ ਸਕਦੀ ਹੈ। ਘੱਟ ਗਿਣਤੀਆਂ ਦੇ ਮਾਮਲੇ ਵਿੱਚ ਕਿੰਨੀ ਪੱਥਰ ਦਿਲ ਬਣਾ ਦਿੰਦੀ ਹੈ ਕਿ 40,40 ਸਾਲ ਤੱਕ ਸਿੱਖਾਂ ਦੀ ਗੱਲ ਤੱਕ ਸੁਣਨ ਨੂੰ ਵੀ ਤਿਆਰ ਨਹੀਂ ਹੁੰਦੀ। ਇੱਕ ਪਾਸੇ ਬਲਾਤਕਾਰ ਅਤੇ ਕਤਲਾਂ ਦੇ ਦੋਸ਼ੀ ਡੇਰੇਦਾਰਾਂ ਨੂੰ ਸਾਲ ਵਿੱਚ ਦੋ ਦੋ ਤਿੰਨ ਤਿੰਨ ਵਾਰੀ ਪੈਰੋਲ 'ਤੇ ਭੇਜਿਆ ਜਾਂਦਾ ਹੈ, ਉਹਨਾਂ ਦੀ ਖਾਤਰਦਾਰੀ ਦੇ ਇੰਤਜ਼ਾਮ ਕੀਤੇ ਜਾਂਦੇ ਹਨ, ਜਦੋਂ ਕਿ ਆਪਣੇ ਹੱਕਾਂ ਦੀ ਖਾਤਰ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਨੌਜਵਾਨ ਜਿਹੜੇ ਜੇਲ੍ਹਾਂ ਦੇ ਵਿੱਚ ਬੈਠੇ ਹੀ ਉਮਰਾਂ ਗਾਲ ਕੇ ਬੁੱਢੇ ਹੋ ਚੁੱਕੇ ਹਨ, ਉਹਨਾਂ ਨੂੰ ਉਹਨਾਂ ਦੀਆਂ ਆਖਰੀ ਸਾਹਾਂ 'ਤੇ ਪਈਆਂ ਬਜ਼ੁਰਗ ਮਾਵਾਂ ਨਾਲ ਵੀ ਮਿਲਣ ਨਹੀਂ ਦਿੱਤਾ ਜਾਂਦਾ। ਸਵਾਲ ਇਹ ਉੱਠਦਾ ਹੈ ਕਿ ਜੇਕਰ ਸਾਬਕਾ ਪ੍ਰਧਾਨ ਮੰਤਰੀ ਰਜੀਵ ਗਾਂਧੀ ਦੇ ਕਾਤਲ ਰਿਹਾਅ ਹੋ ਸਕਦੇ ਹਨ, ਤਾਂ ਫਿਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿੱਚ ਸਜ਼ਾਵਾਂ ਕੱਟ ਚੁੱਕੇ ਸਿੱਖ ਨੌਜਵਾਨਾਂ ਨੂੰ ਰਿਹਾਈਆਂ ਕਿਉਂ ਨਹੀਂ ? ਜੇਕਰ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲੇ ਬਾਅਦ ਵਿੱਚ ਮੈਂਬਰ ਪਾਰਲੀਮੈਂਟ ਜਾਂ ਵਜ਼ੀਰ ਬਣ ਕੇ ਨਿਵਾਜੇ ਜਾ ਸਕਦੇ ਹਨ ਫਿਰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲਿਆਂ ਨੂੰ ਸਾਰੀ ਉਮਰ ਜਲਾਵਤਨੀ ਹੰਢਾ ਕੇ ਕਿਉਂ ਮਰਨਾ ਪਿਆ ਅਤੇ ਕਿਉਂ ਬਾਕੀ ਦੇ ਸਿੱਖ ਹਾਈਜੈਕਰਾਂ ਨੂੰ ਮੁੜ ਤੋਂ ਅਦਾਲਤਾਂ ਵਿੱਚ ਘਸੀਟਿਆ ਜਾ ਰਿਹਾ ਹੈ ? ਸਿੱਖਾਂ ਤੋਂ ਉਹਨਾਂ ਦੇ ਹੱਕ ਕਿਉਂ ਖੋਹੇ ਗਏ ਹਨ, ਕਿਉਂ ਬੰਦੀ ਸਿੱਖਾਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਆਉਣ ਦੀ ਆਗਿਆ ਨਹੀਂ ਮਿਲ ਰਹੀ? ਕਿਉਂ ਦੇਸ਼ ਦੀ ਸਰਵ ਉੱਚ ਅਦਾਲਤ 45 ਸਾਲ ਬੀਤ ਜਾਣ ਦੇ ਬਾਵਜੂਦ ਵੀ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿੱਚ ਅਸਫਲ ਰਹੀ ਹੈ ? ਅਜਿਹੇ ਅਨੇਕਾਂ ਸਵਾਲ ਸਿੱਖ ਮਨਾਂ ਵਿੱਚ ਹਮੇਸ਼ਾ ਹੀ ਪਣਪਦੇ ਰਹਿੰਦੇ ਹਨ, ਜਿਹੜੇ ਉਹਨਾਂ ਨੂੰ ਇਸ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਪ੍ਰੰਤੂ ਜੂਨ ਅਤੇ ਨਵੰਬਰ ਮਹੀਨੇ ਦੇ ਵਿੱਚ ਇਹ ਜ਼ਖਮ ਮੁੜ ਤੋਂ ਇਸ ਕਰਕੇ ਫਿਰ ਤਾਜ਼ਾ ਹੋ ਜਾਂਦੇ ਹਨ ਕਿਉਂਕਿ ਭਾਰਤੀ ਨਿਜ਼ਾਮ ਘੱਟ ਗਿਣਤੀ ਸਿੱਖ ਕੌਮ ਨੂੰ ਇਨਸਾਫ ਦੇਣ ਦੀ ਬਜਾਏ ਉਹਨਾਂ ਦੇ ਜਜ਼ਬਾਤਾਂ ਦੀ ਖਿਲੀ ਉਡਾਉਂਦਾ ਹੈ। ਭਾਵੇਂ ਰਾਜਨੀਤਕ ਲੋਕਾਂ ਲਈ ਇਹ ਮਹਿਜ਼ ਸਿਆਸੀ ਰੋਟੀਆਂ ਸੇਕਣ ਦਾ, ਕਦੇ ਵੀ ਹੱਲ ਨਾ ਹੋਣ ਵਾਲਾ ਮੁੱਦਾ ਹੈ, ਪਰੰਤੂ ਸਿੱਖਾਂ ਲਈ ਇਹ ਅਜਿਹੀ ਆਤਮਿਕ ਪੀੜਾ ਹੈ, ਜਿਹੜੀ ਰਹਿੰਦੀ ਦੁਨੀਆਂ ਤੱਕ ਸਿੱਖਾਂ ਨੂੰ ਇਸ ਅਣਹੋਣੀ ਦਾ ਅਹਿਸਾਸ ਕਰਵਾਉਂਦੀ ਰਹੇਗੀ।

# ਮਾਝਾ-ਦੁਆਬਾ

ਆਸ ਪਾਸ

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ 4 ਨਵੰਬਰ ਨੂੰ ਪਾਕਿਸਤਾਨ ਜਾਵੇਗਾ ਜਥਾ



ਅੰਮ੍ਰਿਤਸਰ, 31 ਅਕਤੂਬਰ (ਗੁਰਦਿਆਲ ਸਿੰਘ) ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ 1796 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜਥਾ 4 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੋਂ ਪਾਕਿਸਤਾਨ ਲਈ ਰਵਾਨਾ ਕੀਤਾ ਜਾਵੇਗਾ, ਜਿਸ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸੇ ਦੌਰਾਨ ਅੱਜ ਸ਼ਰਧਾਲੂਆਂ ਨੇ ਆਪਣੇ ਵੀਜ਼ਾ ਲੱਗੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਪ੍ਰਾਪਤ ਕੀਤੇ। ਪਾਸਪੋਰਟ ਵੰਡਣ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ 1802 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ ਸਫ਼ਾਰਤਖ਼ਾਨੇ ਨੇ 1796 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ 6 ਸ਼ਰਧਾਲੂਆਂ ਨੂੰ ਦੂਤਾਵਾਸ ਨੇ ਵੀਜ਼ਾ ਨਹੀਂ ਦਿੱਤਾ। ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਗੁਰਿੰਦਰ ਕੌਰ ਕਰ ਰਹੇ ਹਨ, ਜਦਕਿ ਜਥੇ ਦੇ ਡਿਪਟੀ ਲੀਡਰ ਮੈਂਬਰ ਸ. ਗੁਰਮੀਤ ਸਿੰਘ ਬੂਹ ਜਾਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਯਾਤਰਾ ਸ. ਪਲਵਿੰਦਰ ਸਿੰਘ, ਸਾਬਕਾ ਮੀਤ ਸਕੱਤਰ ਸ. ਰਾਮ ਸਿੰਘ ਭਿੰਡਰ ਵੀ ਮੌਜੂਦ ਸਨ।

## ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਗੁਰੂਸਰ ਸਾਹਿਬ ਹੰਢਿਆਇਆ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਰਵਾਨਾ



ਅੰਮ੍ਰਿਤਸਰ, 31 ਅਕਤੂਬਰ (ਗੁਰਦਿਆਲ ਸਿੰਘ):ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ ਹੰਢਿਆਇਆ ਤੋਂ ਆਪਣੇ ਅਗਲੇ ਪੜਾਅ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਲਈ ਰਵਾਨਾ ਹੋਇਆ। ਰਵਾਨਗੀ ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ 'ਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਨਗਰ ਕੀਰਤਨ ਦੀ ਰਵਾਨਗੀ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਨੂੰ ਸਮਰਪਿਤ ਗੁਰੂ ਸਾਹਿਬ ਨਾਲ ਸਬੰਧਤ ਪਾਵਨ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਸਜਾਏ ਨਗਰ ਕੀਰਤਨ ਪ੍ਰਤੀ ਸੰਗਤਾਂ ਦਾ ਉਤਸ਼ਾਹ ਗੁਰੂ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਕਰੀਬ ਢਾਈ ਮਹੀਨਿਆਂ ਤੋਂ ਆਰੰਭ ਹੋਏ ਇਸ ਇਤਿਹਾਸਕ ਨਗਰ ਕੀਰਤਨ ਪ੍ਰਤੀ ਸੰਗਤਾਂ ਦੀ ਸ਼ਰਧਾ ਦਿਨ ਪ੍ਰਤੀ ਦਿਨ ਹੋਰ ਵੱਧ ਰਹੀ ਹੈ। ਦੇਸ਼ ਦੇ 23 ਸੂਬਿਆਂ ਅੰਦਰ ਨਗਰ ਕੀਰਤਨ ਵਿਚ ਸਿੱਖਾਂ ਦੇ ਨਾਲ-ਨਾਲ ਦੂਜੇ ਧਰਮਾਂ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸਤਿਕਾਰ ਭੇਟ ਕੀਤਾ। ਇਸ ਮੌਕੇ ਐਡਵੋਕੇਟ ਧਾਮੀ ਨੇ ਸੰਗਤਾਂ ਨੂੰ 21 ਨਵੰਬਰ ਤੋਂ 29 ਨਵੰਬਰ 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸ਼ਤਾਬਦੀ ਸਮਾਗਮਾਂ 'ਚ ਸ਼ਿਰਕਤ ਕਰਨ ਦੀ ਅਪੀਲ ਵੀ ਕੀਤੀ। ਨਗਰ ਕੀਰਤਨ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਖ਼ਾਲਸਾ, ਮੈਂਬਰ ਬਾਬਾ ਬਲਬੀਰ ਸਿੰਘ ਘੁੰਨਸ, ਬਾਬਾ ਬੂਟਾ ਸਿੰਘ ਗੁਰਥੜੀ, ਜਥੇਦਾਰ ਬਲਦੇਵ ਸਿੰਘ ਚੂੰਘਾਂ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸ. ਦਰਬਾਰਾ ਸਿੰਘ ਗੁਰੂ, ਸ਼੍ਰੋਮਣੀ ਅਕਾਲੀ ਦਲ ਦੇ ਬਰਨਾਲਾ ਦੇ ਹਲਕਾ ਇੰਚਾਰਜ ਸ. ਕੁਲਵੰਤ ਸਿੰਘ ਕੀਤੂ, ਜ਼ਿਲ੍ਹਾ ਪ੍ਰਧਾਨ ਸ. ਸਤਨਾਮ ਸਿੰਘ ਰਾਹੀਂ, ਸ਼੍ਰੋਮਣੀ ਅਕਾਲੀ ਦਲ ਮਹਿਲ ਕਲਾਂ ਦੇ ਇੰਚਾਰਜ ਸ. ਨਾਥ ਸਿੰਘ ਹਮੀਦੀ, ਸਾਬਕਾ ਮੈਂਬਰ ਜਥੇਦਾਰ ਜਰਨੈਲ ਸਿੰਘ ਭੋਤਨਾ, ਸ. ਕੁਲਦੀਪ ਸਿੰਘ ਕਾਲਾ ਢਿੱਲੋਂ ਵਿਧਾਇਕ ਬਰਨਾਲਾ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਪ੍ਰੀਤਪਾਲ ਸਿੰਘ, ਇੰਚਾਰਜ ਸ. ਬਲਜੀਤ ਸਿੰਘ, ਮੀਤ ਮੈਨੇਜਰ ਸ. ਕੁਲਵੰਤ ਸਿੰਘ, ਇੰਚਾਰਜ ਸ. ਭੋਲਾ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਮੈਨੇਜਰ ਸ. ਨਰਿੰਦਰਜੀਤ ਸਿੰਘ, ਸ. ਸੁਰਜੀਤ ਸਿੰਘ, ਸ. ਨਿਰਮਲ ਸਿੰਘ, ਸ. ਹਰਭਵਨ ਸਿੰਘ, ਸ. ਤਰਸੇਮ ਸਿੰਘ, ਸ. ਜਗਦੇਵ ਸਿੰਘ ਤੇ ਸ. ਅਮਰੀਕ ਸਿੰਘ ਆਦਿ ਹਾਜ਼ਰ ਸਨ।

## ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



ਅੰਮ੍ਰਿਤਸਰ, 31 ਅਕਤੂਬਰ-(ਗੁਰਦਿਆਲ ਸਿੰਘ)ਕੌਮੀ ਯੋਧੇ ਸ਼ਹੀਦ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ 'ਚ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖ਼ਾਲਸਾ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਸੰਗਤ ਨਾਲ ਵਿਚਾਰ ਕਰਦਿਆਂ ਗਿਆਨੀ ਬਲਜੀਤ ਸਿੰਘ ਨੇ ਕਿਹਾ ਕਿ ਸਮੇਂ ਦੀ ਭਾਰਤੀ ਹਕੂਮਤ ਵੱਲੋਂ 1984 ਵਿਚ ਸਿੱਖ ਕੌਮ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਹਮਲੇ ਨੂੰ ਸਿੱਖ ਕੌਮ ਕਦੀ ਭੁੱਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਮਗਰੋਂ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਹੈ ਅਤੇ ਹਮੇਸ਼ਾ ਰਹੇਗਾ। ਇਸ ਦੌਰਾਨ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਗੁਰਪ੍ਰੀਤ ਸਿੰਘ ਝੱਬਰ, ਭਾਈ ਮਨਜੀਤ ਸਿੰਘ, ਸਕੱਤਰ ਸ. ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ. ਰਜਿੰਦਰ ਸਿੰਘ ਰੂਬੀ, ਸ. ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ ਤੋਂ ਇਲਾਵਾ ਭਾਈ ਵਰਿਆਮ ਸਿੰਘ ਅਗਵਾਨ, ਭਾਈ ਸਤਵੰਤ ਸਿੰਘ, ਸ. ਸਰਬਜੀਤ ਸਿੰਘ ਐਮਪੀ, ਸ. ਤਰਸੇਮ ਸਿੰਘ, ਸ. ਜਸਕਰਨ ਸਿੰਘ ਕਾਹਨਸਿੰਘਵਾਲਾ ਸਮੇਤ ਹੋਰ ਪਰਿਵਾਰਕ ਮੈਂਬਰ ਮੌਜੂਦ ਸਨ।

## ਖ਼ਾਲਸਾ ਕਾਲਜ ਸੈਨਿਕ ਸਕੂਲ ਨੇ ਰਾਸ਼ਟਰੀ ਏਕਤਾ ਦਿਵਸ 'ਤੇ ਸਾਈਕਲ ਰੈਲੀ ਕੱਢੀ



ਅੰਮ੍ਰਿਤਸਰ, 31 ਅਕਤੂਬਰ(ਬਬਲੂ ਮਹਾਜਨ) : ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਦੇ ਮਕਸਦ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਖ਼ਾਲਸਾ ਕਾਲਜ ਸੈਨਿਕ ਸਕੂਲ (ਖ਼ਾਲਸਾ ਕਾਲਜ ਪਬਲਿਕ ਸਕੂਲ), ਜੀ. ਟੀ. ਰੋਡ ਵੱਲੋਂ ਅੱਜ ਰਾਸ਼ਟਰੀ ਏਕਤਾ ਦਿਵਸ ਦੇ ਸਬੰਧ 'ਚ ਸਾਈਕਲ ਰੈਲੀ ਕੱਢੀ ਗਈ। ਸਕੂਲ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੰਸਥਾ ਤੋਂ ਆਰੰਭ ਹੋ ਕੇ ਵਾਹਘਾ ਸਰਹੱਦ ਤੱਕ ਕੱਢੀ ਗਈ ਉਕਤ ਰੈਲੀ ਨੂੰ ਆਈ. ਟੀ. ਬੀ. ਪੀ. ਬਟਾਲੀਅਨ ਦੇ ਸੀ. ਓ. ਭਰਤ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਪ੍ਰਿੰ: ਸ: ਗਿੱਲ ਨੇ ਏਕਤਾ ਦਿਵਸ ਸਬੰਧੀ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਇਕਜੁਟ ਹੋ ਕੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਕਤ ਰੈਲੀ ਦੌਰਾਨ ਆਈ. ਟੀ. ਬੀ. ਪੀ. ਤੋਂ ਡਿਪਟੀ ਸੀ. ਓ. ਸ: ਗੁਰਮਿੰਦਰ ਸਿੰਘ ਗਿੱਲ ਤੋਂ ਇਲਾਵਾ ਡੇਅ ਬੋਰਡਿੰਗ ਕਲਾਸਾਂ ਦੇ ਲਗਭਗ 70 ਕੈਡਿਟਾਂ ਨੇ ਸਾਈਕਲ ਰੈਲੀ 'ਚ ਸ਼ਿਰਕਤ ਕਰਦਿਆਂ ਵੱਖ-ਵੱਖ ਪੜ੍ਹਾਅ ਤੋਂ ਲੰਘਦੇ ਹੋਏ ਲੋਕਾਂ ਨੂੰ ਮਿਲ ਜੁਲ ਰਹਿਣ ਅਤੇ ਏਕੇ ਦੀ ਤਾਕਤ ਸਬੰਧੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ 'ਰਾਸ਼ਟਰੀ ਏਕਤਾ ਦਿਵਸ' ਦੇ ਸਬੰਧ 'ਚ ਸਕੂਲ ਤੋਂ ਵਾਹਗਾ ਬਾਰਡਰ ਤੱਕ ਕੱਢੀ ਗਈ ਉਕਤ ਸਾਈਕਲ ਰੈਲੀ ਦਾ ਅਟਾਰੀ ਵਿਖੇ ਪੁੱਜਣ 'ਤੇ ਬੀ. ਐੱਸ. ਐੱਫ਼. ਵਾਹਘਾ ਬਾਰਡਰ ਤੋਂ ਡਿਪਟੀ ਸੀ. ਓ. ਸ: ਦਲਬੀਰ ਸਿੰਘ ਵੱਲੋਂ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਿਦਿਆਰਥੀਆਂ ਨੂੰ ਏਕਤਾ ਦਿਵਸ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਸਹੁੰ ਵੀ ਚੁੱਕਾਈ ਗਈ। ਉਨ੍ਹਾਂ ਕਿਹਾ ਕਿ ਉਕਤ ਰੈਲੀ ਦੇ ਆਯੋਜਨ ਦਾ ਮਕਸਦ ਦੇਸ਼ ਦੀ ਏਕਤਾ, ਇਕਸਾਰਤਾ ਅਤੇ ਸੁਰੱਖਿਆ ਨੂੰ ਹੋਰ ਵੀ ਮਜਬੂਤ ਕਰਨਾ ਸੀ। ਇਸ ਦੌਰਾਨ ਵਾਈਸ ਪ੍ਰਿੰਸੀਪਲ ਕਮਲਜੀਤ ਕੌਰ, ਸ: ਨਰਵਿੰਦਰ ਸਿੰਘ, ਸ: ਗੁਰਪ੍ਰੀਤ ਸਿੰਘ, ਸ: ਪਲਵਿੰਦਰ ਸਿੰਘ, ਸ੍ਰੀਮਤੀ ਅਵਨੀਤ ਕੌਰ, ਸ੍ਰੀਮਤੀ ਸੰਦੀਪ ਕੌਰ ਆਦਿ ਅਧਿਆਪਕਾਂ ਤੋਂ ਇਲਾਵਾ ਵੱਡੀ ਗਿਣਤੀ ਵਿਦਿਆਰਥੀ ਹਾਜ਼ਰ ਸਨ।

## ਕੈਬਨਿਟ ਮੰਤਰੀ ਈ.ਟੀ.ਓ. ਨੇ ਜੰਡਿਆਲਾ ਦਾਣਾ ਮੰਡੀ ਵਿਖੇ ਵਿਕਾਸ ਕਾਰਜ਼ਾਂ ਦਾ ਕੀਤਾ ਉਦਘਾਟਨ

### ਕਿਹਾ ਮੰਡੀਆਂ ਵਿੱਚ ਕਿਸਾਨਾਂ ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਨਹੀਂ ਪੇਸ਼ ਆਉਣ ਦਿਆਂਗੇ ਕੋਈ ਮੁਸ਼ਕਿਲ



ਅੰਮ੍ਰਿਤਸਰ, 31 ਅਕਤੂਬਰ (ਬਬਲੂ ਮਹਾਜਨ) ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਪਿੰਡ ਵਾਸੀਆਂ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਨੇ ਅੱਜ ਜੰਡਿਆਲਾ ਮੰਡੀ ਵਿਖੇ 11.70 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ। ਸ: ਈ.ਟੀ.ਓ. ਨੇ ਜੰਡਿਆਲਾ ਦਾਣਾ ਮੰਡੀ ਵਿਖੇ 3 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ 3 ਸਟੀਲ ਕਵਰ ਸ਼ੈਡ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਸ਼ੈਡ 6 ਮਹੀਨਿਆਂ ਵੀ ਬਣ ਕੇ ਤਿਆਰ ਹੋ ਜਾਣਗੇ। ਉਨਾਂ ਦੱਸਿਆ ਕਿ ਇਸ ਸ਼ੈਡ ਦੇ ਬਣਨ ਨਾਲ ਹਲਕੇ ਦੇ ਆਲੇ ਦੁਆਲੇ ਪਿੰਡਾਂ ਦੇ ਕਿਸਾਨਾਂ ਨੂੰ ਕਾਫ਼ੀ ਸਹੂਲਤ ਮਿਲੇਗੀ ਅਤੇ ਉਹ ਆਪਣੀ ਫਸਲ ਇਨਾਂ ਸ਼ੈਡਾਂ ਹੇਠਾਂ ਰੱਖ ਸਕਣਗੇ, ਜਿਸ ਨਾਲ ਕਿ ਮੀਂਹ ਕਣੀ ਤੋਂ ਉਨਾਂ ਦੀ ਫਸਲ ਦਾ ਬਚਾਅ ਹੋਵੇਗਾ। ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਮੰਡੀ ਵਿੱਚ ਇਕ ਸਟੀਲ ਸ਼ੈਡ ਦਾ ਨਿਰਮਾਣ ਕੀਤਾ ਗਿਆ ਸੀ, ਜਿਸ ਤੇ 92 ਲੱਖ ਰੁਪਏ ਦੀ ਲਾਗਤ ਆਈ ਸੀ। ਸ: ਈ.ਟੀ.ਓ ਨੇ ਕਿਹਾ ਕਿ ਸਾਡੀ ਸਰਕਾਰ ਮੰਡੀਆਂ ਵਿੱਚ ਕਿਸਾਨਾਂ ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨ ਨਹੀਂ ਆਉਣ ਦਿੱਤੀ ਜਾਵੇਗੀ। ਇਸ ਉਪਰੰਤ ਸ: ਈ.ਟੀ.ਓ. ਵਲੋਂ ਜੰਡਿਆਲਾ ਗੁਰੂ ਵਿਖੇ ਰੇਲਵੇ ਰੋਡ ਤੇ ਪਨਸਪ ਦੇ ਗੁਦਾਮ ਨੰਬਰ 1, 2,3,4 ਦੀ ਨਵੀਂ ਉਸਾਰੀ ਅਤੇ ਗੁਦਾਮ ਨੰਬਰ 5 ਦੀ ਮੇਜ਼ਰ ਰਿਪੇਅਰ, ਸੜ੍ਹਕ , ਸੀਵਰੇਜ ਅਤੇ ਚਾਰਦਿਵਾਰੀ ਦਾ ਉਦਘਾਟਨ ਵੀ ਕੀਤਾ। ਉਨਾਂ ਦੱਸਿਆ ਕਿ ਇਸ ਕੰਮ ਉੱਤੇ ਤਕਰੀਬਨ 8 ਕਰੋੜ 70 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇਕ ਸਾਲ ਦੇ ਅੰਦਰ ਅੰਦਰ ਇਹ ਕੰਮ ਮੁਕੰਮਲ ਕੀਤਾ ਜਾਵੇਗਾ।ਸ: ਈ.ਟੀ.ਓ. ਨੇ ਪਿਛਲੀਆਂ ਸਰਕਾਰਾਂ ਤੇ ਤੰਜ ਕਸਦਿਆਂ ਕਿਹਾ ਕਿ 1992 ਤੋਂ ਬਾਅਦ ਕਿਸੇ ਵੀ ਸਰਕਾਰ ਨੇ ਇਸ ਮੰਡੀ ਦੀ ਸਾਰ ਨਹੀਂ ਲਈ। ਉਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਤਾਂ ਕੇਵਲ ਹਵਾ ਵਿਚ ਹੀ ਤੀਰ ਮਾਰਦੀਆਂ ਸਨ। ਜਦਕਿ ਮਾਨ ਸਰਕਾਰ ਨੇ ਜਮੀਨੀ ਪੱਧਰ ਤੇ ਹਰੇਕ ਪਿੰਡ ਵਿੱਚ ਪਹੁੰਚ ਕਰਕੇ ਲੋਕਾਂ ਦੇ ਕੰਮ ਕੀਤੇ ਹਨ। ਉਨਾਂ ਕਿਹਾ ਕਿ ਸਾਡੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਅਸੀਂ ਜੋ ਵੀ ਵਿਕਾਸ ਦੀਆਂ ਗਰੰਟੀਆਂ ਦਿੱਤੀਆਂ ਸਨ, ਉਸ ਨੂੰ ਪਹਿਲ ਦੇ ਆਧਾਰ ਤੇ ਪੂਰਾ ਕੀਤਾ ਹੈ। ਉਨਾਂ ਪਿਛਲੀਆਂ ਸਰਕਾਰਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਹਲਕੇ ਦਾ ਵੱਧ ਵਿਕਾਸ ਅਤੇ ਹੁਣ ਤੱਕ ਦੀਆਂ ਸਭ ਤੋਂ ਵੱਧ ਗਰਾਂਟਾਂ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਅਸੀਂ ਆਪਣੇ ਕੰਮਾਂ ਦੇ ਆਧਾਰ ਤੇ ਲੋਕਾਂ ਦੀ ਕਚਿਹਿਰੀ ਵਿੱਚ ਜਾਵਾਂਗੇ ਅਤੇ ਭਾਰੀ ਬਹੁਮਤ ਨਾਲ ਜਿੱਤ ਕੇ ਮੁੜ ਸਰਕਾਰ ਬਣਾਵਾਂਗੇ ਅਤੇ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਕੰਮ ਕਰਾਂਗੇ। ਇਸ ਮੌਕੇ ਸ੍ਰੀ ਸੁਨੀਲ ਪਾਸੀ ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਮੈਡਮ ਸੁਨੈਨਾ ਰੰਧਾਵਾ, ਸੁਰਜੀਤ ਸਿੰਘ ਕੰਗ, ਰਛਪਾਲ ਸਿੰਘ, ਬਲਾਕ ਪ੍ਰਧਾਨ ਸੁਖ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਆੜ੍ਹਤੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

## ਏ.ਐੱਸ.ਐੱਸ.ਆਰ. ਇੰਟਰਨੈਸ਼ਨਲ ਸਕੂਲ ਵਿੱਚ ਮਨਾਇਆ ਗਿਆ ਹੈਲੋਵੀਨ ਦਿਵਸ

ਦੀਨਾਨਗਰ 31 ਅਕਤੂਬਰ (ਡਾ.ਰਮੇਸ਼ ਸਰੰਗਲ ) ਏ. ਐੱਸ. ਐੱਸ. ਆਰ. ਇੰਟਰਨੈਸ਼ਨਲ ਸਕੂਲ, ਦੀਨਾਨਗਰ ਵਿੱਚ ਕੇ. ਜੀ. ਵਰਗ ਦੇ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹੈਲੋਵੀਨ ਦਿਵਸ ਮਨਾਇਆ। ਛੋਟੇ ਛੋਟੇ ਬੱਚਿਆਂ ਨੇ ਹੈਲੋਵੀਨ ਦੇ ਵੱਖ ਵੱਖ ਕਿਰਦਾਰਾਂ ਵਿੱਚ ਤਿਆਰ ਹੋ ਕੇ ਭਾਗ ਲਿਆ ਅਤੇ ਅਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਪ੍ਰੋਗਰਾਮ ਵਿੱਚ ਸਕੂਲ ਦੇ ਵਾਇਸ ਚੇਅਰਮੈਨ ਸ੍ਰੀ ਸੂਰਯ ਠਾਕੁਰ, ਡੀਨ ਬ੍ਰਿਜਾਕਸ਼ਰੀ ਠਾਕੁਰ, ਪ੍ਰਿੰਸੀਪਲ ਮਨਿੰਦਰ ਪਾਲ ਵਿਸ਼ੇਸ਼ ਰੂਪ ਵਿੱਚ ਹਾਜਰ ਸਨ। ਇਸ ਮੌਕੇ ਤੇ ਸ਼੍ਰੀ ਸੂਰਯ ਠਾਕੁਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਨੂੰ ਵੱਖ ਵੱਖ ਸੰਸਕ੍ਰਿਤੀ ਅਤੇ ਉਹਨਾਂ ਦੀਆਂ ਕਦਰਾਂ ਕੀਮਤਾਂ ਨੂੰ ਸਮਝਣ ਦਾ ਅਵਸਰ ਪ੍ਰਧਾਨ ਕਰਦਾ ਹੈ। ਹੈਲੋਵੀਨ ਸਮਾਰੋਹ ਦਾ ਸੰਚਾਲਨ ਖੁਦ ਬ੍ਰਿਜਾਕਸ਼ਰੀ ਠਾਕੁਰ ਨੇ ਕੀਤਾ। ਪ੍ਰੋਗਰਾਮ ਦੀ ਸਫਲਤਾ ਤੇ ਸਕੂਲ ਦੇ ਪ੍ਰਿੰਸੀਪਲ ਮਨਿੰਦਰ ਪਾਲ ਨੇ ਅਧਿਆਪਕਾਂ ਨੂੰ ਉਹਨਾਂ ਦੀ ਮਿਹਨਤ ਅਤੇ ਸਮਰਪਨ ਲਈ ਵਧਾਈ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

## ਗੁਰਿੰਦਰ ਸਿੰਘ ਬਾਵਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ 31 ਅਕਤੂਬਰ (ਬਬਲੂ ਮਹਾਜਨ ) ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮਹਾਰਾਸ਼ਟਰ ਤੋ ਮੈਂਬਰ ਬਾਵਾ ਗੁਰਿੰਦਰ ਸਿੰਘ ਨੇ ਅੱਜ ਸ੍ਰੀ ਦਰਬਾਰ ਵਿਖੇ ਮੱਥਾ ਟੇਕਿਆ ਤੇ ਸਰਬਤ ਦੇ ਭਲੇ ਦੀ ਕਾਮਨਾ ਕੀਤੀ। ਸ੍ਰ ਬਾਵਾ ਦਾ ਸ੍ਰੀ ਦਰਬਾਰ ਸਾਹਿਬ ਪਹੁੰਚਣ ਤੇ ਸ੍ਰੀ ਦਰਬਾਰ ਸਾਹਿਬ ਦੇ ਰਿਹਾਇਸ਼ ਮੈਨੇਜਰ ਗੁਰਪ੍ਰੀਤ ਸਿੰਘ ਸੂਚਨਾ ਅਧਿਕਾਰੀ ਸ੍ਰ ਅੰਮ੍ਰਿਤਪਲ ਸਿੰਘ ਨੇ ਸਵਾਗਤ ਕੀਤਾ।ਇਸ ਮੌਕੇ ਤੇ ਪੱਤਰਕਾਰਾਂ ਨਾਲ ਗਲ ਕਰਦਿਆਂ ਸ੍ਰ ਬਾਵਾ ਨੇ ਕਿਹਾ ਕਿ ਪੰਜਾਬ ਤੋ ਬਾਹਰ ਬੈਠੇ ਹਰ ਸਿੱਖ ਦਾ ਦਿਲ ਪੰਜਾਬ ਲਈ ਧੜਕਦਾ ਹੈ। ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਅਸੀ ਬਾਹਰ ਬੈਠੇ ਹਰ ਸਮੇ ਕਰਦੇ ਹਾਂ।ਮਹਾਰਾਸ਼ਟਰ ਦੇ ਸਿੱਖਾਂ ਨੇ ਇਕ ਸਾਂਝਾ ਪਲੇਟਫਾਰਮ ਖ਼ਾਲਸਾ ਯੂਨਿਟੀ ਕਾਇਮ ਕੀਤਾ ਹੈ ਤੇ ਅਸੀ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ ਮਾਨਸ ਕੀ ਜਾਤਿ ਸਭੈ ਏਕੇ ਪਹਿਚਾਨਬੋ ਦੇ ਅਨੁਸਾਰ ਲੋੜਵੰਦਾਂ ਦੀ ਮਦਦ ਕਰ ਰਹੇ ਹਾਂ। ਉਨਾਂ ਅਗੇ ਕਿਹਾ ਕਿ ਅਸੀ ਮੁਬੰਈ ਦੇ ਸ੍ਰੀ ਗੁਰੂ ਨਾਨਕ ਖ਼ਾਲਸਾ ਕਾਲਜ ਵਿਖੇ ਚਾਰ ਸਹਿਬਜਾਦੇ ਸੀਟੀ ਸਕੈਨ ਸੈਟਰ ਖੋਹਲਿਆ ਹੈ ਜਿਥੇ ਜਰੂਰਤਮੰਦਾਂ ਦਾ ਇਲਆਜ ਮਾਮੂਲੀ ਰਾਸ਼ੀ ਲੈ ਕੇ ਕੀਤਾ ਜਾਂਦਾ ਹੈ। ਹੁਣ ਅਸੀ ਉਲਹਾਸਨਗਰ ਅਤੇ ਤਖਤ ਸ੍ਰੀ ਪਟਨਾਂ ਸਾਹਿਬ ਵਿਖੇ ਵੀ ਅਜਿਹਾ ਹੀ ਸੈਟਰ ਖੋਲਣ ਜਾ ਰਹੇ ਹਾਂ। ਉਨਾਂ ਕਿਹਾ ਕਿ ਉਨਾਂ ਦੀ ਜਿੰਦਗੀ ਦਾ ਮਕਸਦ ਹੀ ਮਨੁਖਤਾ ਦੀ ਸੇਵਾ ਹੈ।ਉਹ 3 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਜਰਨਲ ਇਜਲਾਸ ਵਿਚ ਭਾਗ ਲੈਣ ਲਈ ਆਏ ਹਨ। ਇਸ ਮੌਕੇ ਤੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਜਤਿੰਦਰਪਾਲ ਸਿੰਘ,ਸਤਨਾਮ ਸਿੰਘ ਤੇ ਤੇਜਿੰਦਰ ਸਿੰਘ ਨੇ ਸ੍ਰ ਬਾਵਾ ਨੂੰ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਬੀਬੀ ਪਰਮਜੀਤ ਕੌਰ ਪਿੰਕੀ ਭੈਣ ਜੀ, ਅਤੇ ਸਮਾਜ ਸੇਵੀ ਡਾ ਹਰਮੀਤ ਸਿੰਘ ਸਲੂਜਾ ਵੀ ਹਾਜਰ ਸਨ।

## ਨਾਸ਼ਪਤੀ ਪ੍ਰਫੁੱਲਿਤ ਕਰਨ ਲਈ ਜਨਰਲ ਇਜਲਾਸ 6 ਨਵੰਬਰ ਨੂੰ



ਅੰਮ੍ਰਿਤਸਰ, 31 ਅਕਤੂਬਰ (ਬਬਲੂ ਮਹਾਜਨ)ਬਾਗਬਾਨੀ ਵਿਭਾਗ ਪੰਜਾਬ ਅਧੀਨ ਨਾਸ਼ਪਤੀ ਅਸਟੇਟ ਅੰਮ੍ਰਿਤਸਰ (ਵੇਰਕਾ ਬਾਈਪਾਸ) ਵਿਖੇ 06 ਨਵੰਬਰ 2025 ਨੂੰ ਸਵੇਰੇ 10.00 ਵਜੇ ਨਾਸ਼ਪਤੀ ਨੂੰ ਪ੍ਰਫੂਲਿਤ ਕਰਨ ਲਈ ਟੈਕਨੀਕਲ ਸ਼ੈਸ਼ਨ ਅਤੇ ਜਨਰਲ ਇਜਲਾਸ ਕੀਤਾ ਜਾ ਰਿਹਾ ਹੈ। ਤਜਿੰਦਰ ਸਿੰਘ ਸੰਧੂ , ਡਿਪਟੀ ਡਾਇਰੈਕਟਰ ਬਾਗਬਾਨੀ-ਕਮ-ਸੀ.ਈ.ਓ. ਪੀਅਰ ਅਸਟੇਟ ਵੱਲੋਂ ਇਸ ਜਨਰਲ ਇਜਲਾਸ ਵਿੱਚ ਭਾਗ ਲੈਣ ਲਈ ਜਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਨਾਸ਼ਪਤੀ ਦੇ ਸਮੂਹ ਬਾਗਬਾਨਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ। ਉਹਨਾਂ ਦੱਸਿਆ ਕਿ ਤਕਨੀਕੀ ਸ਼ੈਸ਼ਨ ਵਿੱਚ ਨਾਖ ਨਾਲ ਸਬੰਧਿਤ ਵੱਖ-ਵੱਖ ਮਾਹਿਰਾਂ ਵੱਲੋਂ ਗਿਆਨ ਦਿੱਤਾ ਜਾਵੇਗਾ ਅਤੇ ਬਾਗਬਾਨੀ ਕਿੱਤੇ ਨਾਲ ਸਬੰਧਿਤ ਵਿਭਾਗ ਦੀਆਂ ਚੱਲ ਰਹੀ ਐਮ.ਆਈ.ਡੀ.ਐਚ. ਸਕੀਮਾਂ ਅਧੀਨ ਜਾਰੀ ਗਾਈਡਲਾਇੰਨਸ ਬਾਰੇ ਜਿਵੇਂ ਕਿ:-ਨਵਾਂ ਬਾਗ ਲਗਾਉਣ ਲਈ 50 ਹਜਾਰ ਰੁਪੈ ਪ੍ਰਤੀ ਹੈਕ., ਪੁਰਾਣੇ ਬਾਗਾਂ ਨੂੰ ਮੁੜ ਸੁਰਜੀਤ ਕਰਨ ਲਈ 20 ਹਜਾਰ ਰੁਪੈ ਪ੍ਰਤੀ ਹੈਕ., ਫੁੱਲਾ ਦੀ ਕਾਸ਼ਤ ਲਈ 20 ਹਜਾਰ ਰੁਪੈ ਪ੍ਰਤੀ ਹੈਕ., ਸ਼ੇਡਨੈਟ ਹਾਊਸ ਲਈ 14,20,000 /-ਰੁਪੈ ਪ੍ਰਤੀ ਏਕੜ, ਵਰਮੀਕੰਪੋਸਟ ਯੂਨਿਟ ਲਈ 50 ਹਜਾਰ ਰੁਪੈ, ਖੁੰਬਾ ਦੀ ਪੈਦਾਵਾਰ ਅਤੇ ਕੰਪੋਸਟ ਬਣਾਉਣ ਲਈ 12 ਲੱਖ ਰੁਪੈ ਪ੍ਰਤੀ ਯੂਨਿਟ ਆਦਿ ਸਕੀਮਾਂ ਅਤੇ ਪੀਅਰ ਅਸਟੇਟ ਦੀਆਂ ਗਤੀਵਿਧੀਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ ।

## ਨਿਗਮ ਦੇ ਸਿਹਤ ਵਿਭਾਗ ਦੀ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਅਤੇ ਗੰਦਗੀ ਫੈਲਾਉਣ ਵਾਲਿਆਂ ਨੂੰ ਚੇਤਾਵਨੀ,

ਅੰਮ੍ਰਿਤਸਰ,31 ਅਕਤੂਬਰ (ਗੁਰਦਿਆਲ ਸਿੰਘ)ਨਗਰ ਨਿਗਮ ਅੰਮ੍ਰਿਤਸਰ ਦੇ ਸਿਹਤ ਵਿਭਾਗ ਵਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਣਾਈ ਰਖਣ ਲਈ ਅਦਾਰਿਆਂ , ਦੁਕਾਨਾਂ ਅਤੇ ਰੇਹੜੀ ਫੜੀ ਵਾਲਿਆਂ ਵਲੋਂ ਗੰਦਗੀ ਫੈਲਾਉਣ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਕਰਨ ਵਿਰੁੱਧ ਕਾਰਵਾਈਆਂ ਕੀਤੀਆ ਜਾ ਰਹੀਆਂ ਹਨ ਅਤੇ ਨਿਗਮ ਦੀਆਂ ਵੱਖ-2 ਟੀਮਾਂ ਵਲੋਂ ਆਪਣੇ ਆਪਣੇ ਜੋਨਾਂ ਅਧੀਨ ਇਲਾਕਿਆਂ ਵਿੱਚ ਦੁਕਾਨਾਂ ਅਤੇ ਰੇਹੜੀ ਫੜੀ ਵਾਲਿਆਂ ਨੂੰ ਇਸ ਸਬੰਧੀ ਚੇਤਾਵਨੀ ਦਿੱਤੀ ਗਈ ਅਤੇ ਕਈ ਥਾਵਾਂ ਤੇ ਚਲਾਨ ਨੋਟਿਸ ਵੀ ਦਿਤੇ ਗਏ ਹਨ। ਇਸ ਕਾਰਵਾਈ ਵਿੱਚ ਅਸਟੇਟ ਵਿਭਾਗ ਦੀ ਟੀਮ ਵੀ ਨਾਲ ਸ਼ਾਮਲ ਹੈ ਜਿਸ ਦਾ ਮੁੱਖ ਮੰਤਵ ਪਹਿਲੀ ਅਤੇ ਦੂਜੀ ਚੇਤਾਵਨੀ ਤੋ ਬਾਅਦ ਡਿਫਾਲਟਰਾਂ ਵਿਰੁੱਧ ਵਿਭਾਗੀ ਸੰਯੁਕਤ ਕਾਰਵਾਈ ਕਰਨਾ ਹੈ । ਸਿਹਤ ਅਫਸਰ ਡਾ. ਕਿਰਨ , ਡਾ. ਯੋਗੇਸ਼ ਅਰੋੜਾ ਡਾ. ਰਮਾ ਦੇ ਦਿਸ਼ਾ ਨਿਰਦੇਸ਼ਾ ਤੇ ਪੂਰਬੀ, ਕੇਂਦਰੀ, ਉਤਰੀ ਅਤੇ ਪੱਛਮੀ ਜੋਨ ਦੇ ਵੱਖ-2 ਇਲਾਕਿਆਂ ਵਿੱਚ ਸੈਨੇਟਰੀ ਇੰਸਪੈਕਟਰਾਂ ਵਲੋਂ ਦੁਕਾਨਦਾਰਾ ਅਤੇ ਰੇਹੜੀ ਫੜੀ ਵਾਲਿਆਂ ਨੂੰ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਆਪਣੀ ਦੁਕਾਨਾਂ ਅਤੇ ਰੇਹੜੀਆਂ ਦਾ ਕੂੜਾ ਡਸਟਬੀਨ ਲਗਾ ਕੇ ਉਹਨਾਂ ਵਿੱਚ ਸੁਟਣ ਲਈ ਸੁਝਾਵ ਦਿੱਤਾ ਗਿਆ ਅਤੇ ਨਾਲ ਹੀ ਇਹ ਵੀ ਚੇਤਾਵਨੀ ਦਿੱਤੀ ਗਈ ਕਿ ਅਜਿਹਾ ਨਾ ਕਰਨ ਦੀ ਸੁਰਤ ਵਿੱਚ ਸਿਹਤ ਵਿਭਾਗ ਅਤੇ ਅਸਟੇਟ ਵਿਭਾਗ ਵਲੋਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ । ਸਿਹਤ ਅਧਿਕਾਰੀਆਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਨਿਗਮ ਸਫਾਈ ਨੂੰ ਲੈ ਕੇ ਬਹੁਤ ਸੰਜੀਦਾ ਹੈ ਕਿਉਂ ਜੋ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ 350 ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਨਗਰ ਨਿਗਮ ਵਲੋਂ ਇੰਤਜਾਮ ਕੀਤੇ ਜਾ ਰਹੇ ਹਨ ਜਿਸ ਵਿੱਚ ਸ਼ਹਿਰ ਦੀ ਸਫਾਈ ਵਿਵਸਥਾ ਮੁੱਖ ਹੈ ਇਸ ਤੋ ਇਲਾਵਾਂ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਤੇ ਪੂਰਨ ਪਾਬੰਦੀ ਦੇ ਬਾਵਜੂਦ ਉਸ ਦੀ ਵਰਤੋਂ ਬੰਦ ਨਹੀ ਹੋ ਰਹੀ ਜਿਸ ਲਈ ਸਿਹਤ ਵਿਭਾਗ ਆਉਣ ਵਾਲੇ ਸਮੇਂ ਵਿੱਚ ਸਖਤ ਕਾਰਵਾਈਆ ਆਰੰਭਣ ਜਾ ਰਿਹਾ ਹੈ ਜਿਸ ਵਿੱਚ ਪਲਾਸਟਿਕ ਦਾ ਸਮਾਨ ਜਬਤ ਕਰਨ ਦੇ ਨਾਲ-2 ਭਾਰੀ ਜੁਰਮਾਨੇ ਦਾ ਵੀ ਪ੍ਰਾਵਧਾਨ ਹੈ ਇਸ ਲਈ ਕਿਸੇ ਵੀ ਕਾਰਵਾਈ ਤੋ ਬਚਣ ਲਈ ਸੜਕਾਂ ਤੇ ਗੰਦਗੀ ਨਾ ਫੈਲਾਈ ਜਾਵੇ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਤੁਰੰਤ ਬੰਦ ਕੀਤੀ ਜਾਵੇ ।

## ਹੜ੍ਹ ਪੀੜ੍ਹਤ ਕਿਸਾਨਾਂ ਦੀਆਂ ਜ਼ਮੀਨਾਂ ਸੰਵਾਰਨ ਵਿਚ ਜੁੱਟੀ ਸੰਪ੍ਰਦਾਇ ਕਾਰ ਸੇਵਾ ਸਰਹਾਲੀ ਸਾਹਿਬ



ਚੋਹਲਾ ਸਾਹਿਬ, 31 ਅਕਤੂਬਰ ( ਭਗਤ ਸਿੰਘ ਸੰਧੂ ) ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੇ ਕਿਸਾਨਾਂ ਦਾ ਸਹਾਰਾ ਬਣਦਿਆਂ ਵੱਖ-ਵੱਖ ਜਥੇਬੰਦੀਆਂ ਸੰਪਰਦਾਵਾਂ ਅਤੇ ਪਰਉਪਕਾਰੀ ਸ਼ਖ਼ਸ਼ੀਅਤਾਂ ਸੇਵਾ ਵਿੱਚ ਲੱਗੀਆਂ ਹੋਈਆਂ ਹਨ ਅਤੇ ਵੱਖ-ਵੱਖ ਰੂਪਾਂ ਵਿੱਚ ਹੜ੍ਹ ਪੀੜਤਾਂ ਦੇ ਦੁੱਖ ਵੰਡਾਉਣ ਲਈ ਸੇਵਾਵਾਂ ਕਰ ਰਹੀਆਂ ਹਨ। ਇਹਨਾਂ ਸੇਵਾਵਾਂ ਵਿੱਚ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਵਿਸ਼ੇਸ਼ ਰਾਹਤ ਕਾਰਜ ਕੀਤੇ ਜਾ ਰਹੇ ਹਨ। ਜ਼ਿਲ੍ਹਾ ਤਰਨ ਤਾਰਨ ਦੀ ਪੱਟੀ ਤਹਿਸੀਲ ਵਿੱਚ ਪੈਂਦੇ ਪਿੰਡ ਕੋਟ ਬੁੱਢਾ ਨੇੜੇ ਹੜਾਂ ਦੇ ਪਾਣੀ ਕਾਰਨ ਬਹੁਤ ਸਾਰੇ ਕਿਸਾਨਾਂ ਦੀ ਵਾਹੀਯੋਗ ਜ਼ਮੀਨ ਨੁਕਸਾਨੀ ਗਈ ਸੀ, ਜਿਸ ਨੂੰ ਮੁੜ ਜਿਸ ਨੂੰ ਮੁੜ ਖੇਤੀਯੋਗ ਬਣਾਉਣ ਲਈ ਅੱਜ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਵੱਲੋਂ ਜ਼ਮੀਨ ਪੱਧਰਾ ਕਰਕੇ ਅਤੇ ਕਣਕ ਬੀਜਣ ਦੀਆਂ ਸੇਵਾਵਾਂ ਆਰੰਭ ਕੀਤੀਆਂ ਗਈਆਂ ਤਾਂ ਜੋ ਹੜ੍ਹ ਪੀੜਤ ਕਿਸਾਨਾਂ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕੇ। ਸੰਪਰਦਾਇ ਵੱਲੋਂ ਕੀਤੇ ਜਾ ਰਹੇ ਇਸ ਸੇਵਾ ਕਾਰਜ ਨੂੰ ਵੱਖ-ਵੱਖ ਹਲਕਿਆਂ ਵਿੱਚ ਬਹੁਤ ਸਲਾਹਿਆ ਜਾ ਰਿਹਾ ਹੈ। ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਹਰਪਾਲ ਸਿੰਘ ਸਰਪੰਚ ਬੰਗਲਾਰਾਏ ਨੇ ਦੱਸਿਆ ਕਿ ਬਾਬਾ ਜੀ ਦੀ ਪ੍ਰੇਰਨਾ ਸਦਕਾ ਬਹੁਤ ਸਾਰੇ ਨੌਜਵਾਨ ਆਪਣੇ ਟਰੈਕਟਰਾਂ ਸਮੇਤ ਸੇਵਾ ਕਰਨ ਲਈ ਪਹੁੰਚ ਰਹੇ ਹਨ ਅਤੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੇਵਾ ਕਰ ਰਹੇ ਹਨ। ਇਸ ਮੌਕੇ ਭੁਪਿੰਦਰ ਸਿੰਘ ਭਾਉਵਾਲ (ਜੇਸੀਬੀ ਵਾਲੇ), ਜਗਦੀਪ ਸਿੰਘ ਕੋਟ ਬੁੱਢਾ, ਡਾ. ਸੁਖਵਿੰਦਰ ਸਿੰਘ ਦੂਬਲੀ, ਗੁਰਬੀਰ ਸਿੰਘ ਭਾਉਵਾਲ ( ਡੇਅਰੀ ਵਾਲੇ ), ਠੇਕੇਦਾਰ ਮਨਪ੍ਰੀਤ ਸਿੰਘ ਸਭਰਾ, ਅੰਗਰੇਜ ਸਿੰਘ ਭੰਗਾਲਾ ਅਤੇ ਹੋਰ ਗੁਰਸਿੱਖ ਹਾਜ਼ਰ ਸਨ। ਇਸ ਤੋਂ ਇਲਾਵਾ ਸੰਪਰਦਾਇ ਵੱਲੋਂ ਰਮਦਾਸ ਇਲਾਕੇ ਵਿੱਚ ਲੋੜਵੰਦ ਕਿਸਾਨਾਂ ਨੂੰ ਕਣਕ ਦਾ ਬੀਜ ਅਤੇ ਡੀ.ਏ.ਪੀ. ਖਾਦ ਵੰਡੀ ਜਾ ਰਹੀ। ਬਾਬਾ ਜੀ ਵੱਲੋਂ ਜਥੇਦਾਰਾਂ ਦੀਆਂ ਡਿਊਟੀਆਂ ਲਗਾ ਕੇ ਪਹਿਲਾਂ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਲੋੜਵੰਦ ਕਿਸਾਨਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਹੁਣ ਲਗਾਤਾਰ ਕਿਸਾਨਾਂ ਨੂੰ ਬੀਜ ਅਤੇ ਖਾਦ ਦੀ ਸੇਵਾ ਪਹੁੰਚਾਈ ਜਾ ਰਹੀ ਹੈ।

## ਭਾਈ ਦਿਲਬਾਗ ਸਿੰਘ ਨੂੰ ਦਿੱਤੀ ਨਿੱਘੀ ਵਿਦਾਇਗੀ



ਅੰਮ੍ਰਿਤਸਰ, 31 ਅਕਤੂਬਰ ( ਬਬਲੂ ਮਹਾਜਨ) ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਇਮਾਰਤੀ ਵਿਭਾਗ ਵਿਚ ਬਤੌਰ ਫਿਟਰ 18 ਸਾਲ ਦੀ ਲੰਮੀ ਸਰਵਿਸ ਤੋਂ ਬਾਅਦ ਭਾਈ ਦਿਲਬਾਗ ਸਿੰਘ ਬਲ ਦੇ ਸੇਵਾ ਮੁਕਤ ਹੋਏ ਭਾਈ ਗੁਰਦਾਸ ਹਾਲ ਪੁਜਣ ਤੇ ਨਿਗੀ ਵਿਦਾਗੀ ਦਿਤੀ ਗਈ। ਭਾਈ ਦਿਲਬਾਗ ਸਿੰਘ ਬਲ ਨੂੰ ਸਮੂਹ ਸਟਾਫ ਨੂੰ ਉਨ੍ਹਾਂ ਦੀਆ ਸੇਵਾਵਾਂ ਨੂੰ ਦੇਖਦਿਆ ਸਮੂਹ ਸਟਾਫ ਵੱਲੋ ਸ੍ਰੀ ਸਾਹਿਬ ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇ ਹੋਰਨਾ ਤੋ ਇਲਾਵਾ ਭਾਈ ਗੁਰਦਾਸ ਹਾਲ ਦੇ ਇਨਚਾਰਜ ਸ. ਹਰਜੀਤ ਸਿੰਘ ਸੋਹੀ, ਸਤਨਾਮ ਸਿੰਘ ਕੋਟ ਖਾਲਸਾ, ਸੁਪਰਵਾਇਜਰ ਇਮਾਰਤੀ ਵਿਭਾਗ, ਸਰਵਨ ਸਿੰਘ ਇਨਚਾਰਜ ਇਮਾਰਤੀ ਵਿਭਾਗ, ਜਸਪਾਲ ਸਿੰਘ ਸੁਪਰਵਾਇਜਰ ਕੁਦਰਤੀ ਆਫਤਾਂ, ਹਰਭਾਗ ਸਿੰਘ ਪੰਜਵੜ ਰਿਕਾਡ ਕੀਪਰ, ਮਨਦੀਪ ਸਿੰਘ ਸਟੋਰ ਕੀਪਰ, ਸੁਰਿੰਦਰ ਸਿੰਘ ਕਲਾਨੌਰ ਆਦਿ ਹਾਜਰ ਸਨ।

### ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੀ ਸ਼ੁਰੂਆਤ

## ਜ਼ਿਲ੍ਹਾ ਸਿੱਖਿਆ ਅ.ਫਸਰ ਨੇ ਮਾਰਚ ਪਾਸਟ ਨੂੰ ਸਲਾਮੀ ਦੇਣ ਉਪਰੰਤ ਕੀਤਾ ਰਸਮੀਂ ਉਦਘਾਟਨ



ਅੰਮ੍ਰਿਤਸਰ, 31 ਅਕਤੂਬਰ (ਗੁਰਦਿਆਲ ਸਿੰਘ()- ਸਥਾਨਕ ਸ਼੍ਰੀ ਗੁਰੁ ਨਾਨਕ ਖੇਡ ਸਟੇਡੀਅਮ ਵਿਖੇ 45ਵੀਆਂ ਤਿੰਨ ਰੋਜਾ ਜ਼ਿਲਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੀ ਸ਼ੁਰੂਆਤ ਹੋਈ ,ਜਿਸਦਾ ਰਸਮੀ ਉਦਘਾਟਨ ਮੁੱਖ ਮਹਿਮਾਨ ਵੱਜੋਂ ਪੁੱਜੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਅੰਮ੍ਰਿਤਸਰ ਸ.ਕੰਵਲਜੀਤ ਸਿੰਘ ਸੰਧੂ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਇੰਦੂ ਬਾਲਾ ਮੰਗੋਤਰਾ ਵੱਲੋਂ ਹਵਾ ਵਿੱਚ ਗੁਬਾਰੇ ਛੱਡ ਕੇ ਕੀਤਾ ਗਿਆ।ਇਸ ਤੋਂ ਪਹਿਲਾਂ ਖੇਡ ਮੈਦਾਨ ਵੱਖ-ਵੱਖ ਬਲਾਕਾਂ ਤੋਂ ਪਹੁੰਚੇ ਖਿਡਾਰੀਆਂ ਨੇ ਸ਼ਾਨਦਾਰ ਮਾਰਚ ਪਾਸਟ ਵਿੱਚ ਹਿੱਸਾ ਲਿਆ। ਇਸ ਦੌਰਾਨ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਕੰਵਲਜੀਤ ਸਿੰਘ ਸੰਧੂ ਨੇ ਸਮੁੱਚੇ ਖੇਡ ਪ੍ਰਬੰਧਕਾਂ, ਅਧਿਆਪਕਾਂ ਤੇ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਆਪ ਸਭ ਦੇ ਵੱਡੇ ਸਹਿਯੋਗ ਸਦਕਾ ਹੀ ਅਜਿਹਾ ਖੇਡ ਪ੍ਰਬੰਧ ਸੰਭਵ ਹੋਇਆ ਹੈ। ਉਨ੍ਹਾਂ ਖਿਡਾਰੀਆਂ ਨੂੰ ਆਪਣੀ ਖੇਡ ਪੂਰੀ ਇਮਾਨਦਾਰੀ ਅਤੇ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਸਾਨੂੰ ਆਪਣੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਾਮਯਾਬ ਹੋਣ ਲਈ ਪੂਰੀ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਖਿਡਾਰੀਆਂ ਨੂੰ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਨ੍ਹਾਂ ਖੇਡਾਂ ਦੇ ਇੰਚਾਰਜ਼ ਬਲਾਕ ਸਿੱਖਿਆ ਅ.ਫਸਰ ਗੁਰਦੇਵ ਸਿੰਘ ਤੋਂ ਇਲਾਵਾ ਬਲਜੀਤ ਸਿੰਘ,ਰਣਜੀਤ ਸਿੰਘ, ਸ਼੍ਰੀ ਯਸ਼ਪਾਲ,ਦਲਜੀਤ ਸਿੰਘ ਆਦਿ ਦੀ ਦੇਖ-ਰੇਖ ਚ ਅੱਜ ਪਹਿਲੇ ਦਿਨ ਹੋਏ ਰੱਸਾ ਕੱਸੀ ਦੇ ਮੁਕਾਬਲਿਆਂ ਚ ਬਲਾਕ ਜੰਡਿਆਲਾ ਗੁਰੂ ਨੇ ਪਹਿਲਾ,ਅੰਮ੍ਰਿਤਸਰ-1 ਨੇ ਦੂਜਾ ਤੇ ਚੌਗਾਵਾਂ-2 ਨੇ ਤੀਸਰਾ, ਹੈਂਡ ਬਾਲ ਮੁਕਾਬਲੇ (ਲੜਕੇ) ਚ ਬਲਾਕ ਮਜੀਠਾ ਨੇ ਪਹਿਲਾ, ਅੰਮ੍ਰਿਤਸਰ-1 ਨੇ ਦੂਜਾ ਅਤੇ ਲੜਕੀਆਂ ਦੇ ਮੁਕਾਬਲਿਆਂ ਚ ਜੰਡਿਆਲਾ ਗੁਰੂ ਨੇ ਪਹਿਲਾ, ਅੰਮ੍ਰਿਤਸਰ-1 ਨੇ ਦੂਸਰਾ,ਲੰਮੀ ਛਾਲ (ਲੜਕੇ) ਮਜੀਠਾ ਨੇ ਪਹਿਲਾ, ਅੰਮ੍ਰਿਤਸਰ-1 ਨੇ ਦੂਸਰਾ ਜਦ ਕਿ ਲੜਕੀਆਂ ਦੇ ਮੁਕਾਬਲਿਆਂ ਚ ਚੌਗਾਵਾਂ-2 ਨੇ ਪਹਿਲਾ ਤੇ ਰਈਆ-2 ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਲੜਕੀਆਂ ਦੇ ਬੈਡਮਿੰਟਨ ਮੁਕਾਬਲਿਆਂ ਚ ਅੰਮ੍ਰਿਤਸਰ-2 ਨੇ ਪਹਿਲਾ, ਜੰਡਿਆਲਾ ਗੁਰੂ ਨੇ ਦੂਸਰਾ ਜਦ ਕਿ ਲੜਕਿਆਂ ਦੇ ਮੁਕਾਬਲਿਆਂ ਚ ਅੰਮ੍ਰਿਤਸਰ-2 ਨੇ ਪਹਿਲਾ,ਅੰਮ੍ਰਿਤਸਰ-1 ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਦੌੜਾਂ ਦੇ ਵੱਖ- ਵੱਖ ਵਰਗਾਂ ਦੇ ਮੁਕਾਬਲਿਆਂ ਵਿਚ ਵੀ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਆਪਣੇ ਸਕੂਲਾਂ ਦਾ ਨਾਂ ਰੌਸ਼ਨ ਕੀਤਾ ਹੈ। ਇਸ ਦੌਰਾਨ ਬਲਕਾਰ ਸਿੰਘ, ਹਰਸ਼ਰਨਜੀਤ ਕੌਰ,ਕਰਮਬੀਰ ਕੌਰ,ਨਿਸ਼ਾਨ ਸਿੰਘ,ਦਿਲਬਾਗ ਸਿੰਘ ਜ਼ਿਲ੍ਹਾ ਮੀਡੀਆ ਇੰਚਾਰਜ਼ ਪਰਮਿੰਦਰ ਸਰਪੰਚ,ਮਨਪ੍ਰੀਤ ਸੰਧੂ,ਬਲਜੀਤ ਸਿੰਘ ਮੱਲੀ,ਦਵਿੰਦਰ ਮਗੋਤਰਾ,ਮੁਨੀਸ਼ ਕੁਮਾਰ ਮੇਘ,ਰਜਿੰਦਰ ਸਿੰਘ,ਸੰਦੀਪ ਸਿਆਲ,ਮਨਪ੍ਰੀਤ ਕੌਰ,ਬਿਕਰਮਜੀਤ ਸਿੰਘ ਬੂਆ ਨੰਗਲੀ,ਹਰਜੀਤ ਸਿੰਘ ਰਾਜਾਸਾਂਸੀ,ਤਜਿੰਦਰਪਾਲ ਮਾਨ,ਗੁਰਸੇਵਕ ਸਿੰਘ ਭੰਗਾਲੀ, ਸਤਬੀਰ ਸਿੰਘ ਖੈਰਾਬਾਦ,ਯਾਦਮਨਿੰਦਰ ਸਿੰਘ ਧਾਰੀਵਾਲ,ਕੰਵਰ ਸਿਰਤਾਜ ਸਿੰਘ,ਵਰਿੰਦਰ ਸਿੰਘ ਸੈਂਸਰਾ, ਮਨਜੀਤ ਸਿੰਘ,ਗੁਰਿੰਦਰ ਸਿੰਘ ਘੁੱਕੇਵਾਲੀ,ਕੋਚ ਅਵਤਾਰ ਸਿੰਘ ਖਿਲਚੀਆਂ,ਮਲਕੀਅਤ ਭੁੱਲਰ,ਸੰਦੀਪ ਕੰਗ,ਸੁਖਪ੍ਰੀਤ ਸਮੇਤ ਹੋਰ ਅਧਿਆਪਕ ਤੇ ਖੇਡ ਪ੍ਰਬੰਧਕ ਹਾਜ਼ਰ ਸਨ।

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦੋ ਰੋਜ਼ਾ ਵਿਸ਼ੇਸ਼ ਰਾਗ ਕੀਰਤਨ ਦਰਬਾਰ ਕਰਵਾਇਆ



ਲੁਧਿਆਣਾ, 31 ਅਕਤੂਬਰ (ਰਵਿੰਦਰ ਸਿੰਘ ਨਿੱਝਰ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦੀਹਾੜੇ ਨੂੰ ਸਮਰਪਿਤ ਸਿੱਖ ਸਕੂਲ ਆਫ਼ ਮਿਊਜ਼ਿਕ ਲੁਧਿਆਣਾ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ੧ਐਕਸਟੈਨਸ਼ਨ ਵਿਖੇ ਆਯੋਜਿਤ ਕੀਤੇ ਗਏ ਤੰਤੀ ਸਾਜਾਂ ਦੇ ਨਾਲ ਦੋ ਰੋਜ਼ਾ ਵਿਸ਼ੇਸ਼ ਰਾਗ ਕੀਰਤਨ ਦਰਬਾਰ ਅੰਦਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਮੱਕੜ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗੁਰਮਤਿ ਸੰਗੀਤ ਕਲਾ ਅਤੇ ਵਿਰਾਸਤੀ ਤੰਤੀ ਸਾਜ਼ਾਂ ਦੇ ਰਾਹੀਂ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਕੀਰਤਨ ਕਰਨ ਦੀ ਪੱਧਤੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰਮਤਿ ਸੰਗੀਤ ਕਲਾ ਨੂੰ ਸੰਸਾਰ ਪੱਧਰ 'ਤੇ ਹੋਰ ਉਤਸ਼ਾਹਿਤ ਕਰਨ ਦੀ ਵੱਡੀ ਲੋੜ ਹੈ।ਉਨ੍ਹਾਂ ਨੇ ਕਿਹਾ ਕਿ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਦੀਹਾੜੇ ਨੂੰ ਸਮਰਪਿਤ ਸਿੱਖ ਸਕੂਲ ਆਫ਼ ਮਊਜ਼ਿਕ ਲੁਧਿਆਣਾ ਵੱਲੋ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਆਯੋਜਿਤ ਕੀਤਾ ਗਿਆ ਦੋ ਰੋਜ਼ਾ ਵਿਸ਼ੇਸ਼ ਰਾਗ ਕੀਰਤਨ ਦਰਬਾਰ ਆਪਣੇ ਵਿੱਚ ਇੱਕ ਵਿਲੱਖਣ ਤੇ ਮਿਸਾਲੀ ਕਾਰਜ ਹੈ, ਜਿਸ ਦੇ ਲਈ ਮੈਂ ਪ੍ਰੋ. ਗੁਰਸ਼ਰਨ ਸਿੰਘ ਜਵੱਦੀ ਤੇ ਗਿਆਨੀ ਦਵਿੰਦਰਪਾਲ ਸਿੰਘ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ,ਜਿਨ੍ਹਾਂ ਨੇ ਤੰਤੀ ਸਾਜਾਂ ਰਾਹੀਂ ਨਿਰਧਾਰਤ ਰਾਗ ਵਿੱਚ ਕੀਰਤਨ ਦਰਬਾਰ ਕਰਵਾਉਣ ਵਿੱਚ ਆਪਣੀ ਮੋਹਰੀ ਸੇਵਾ ਨਿਭਾਈ।

ਇਸ ਤੋਂ ਪਹਿਲਾਂ ਆਯੋਜਿਤ ਕੀਤੇ ਗਏ ਵਿਸੇਸ਼ ਰਾਗ ਕੀਰਤਨ ਦਰਬਾਰ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਪਪਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗੁਰਚੇਤ ਸਿੰਘ ਬਰਨਾਲਾ, ਭਾਈ ਜਸਪ੍ਰੀਤ ਸਿੰਘ ਲੁਧਿਆਣਾ, ਭਾਈ ਗੁਰਸ਼ਰਨ ਸਿੰਘ ਜਵੱਦੀ, ਕਾਕਾ ਗੁਰਨੀਸ਼ ਸਿੰਘ ਦੇ ਕੀਰਤਨੀ ਜੱਥਿਆਂ ਸਮੇਤ ਸਿੱਖ ਸਕੂਲ ਆਫ਼ ਮਿਊਜ਼ਿਕ ਦੇ ਵਿਦਿਆਰਥੀਆਂ ਦੇ ਕੀਰਤਨੀ ਜੱਥੇ ਨੇ ਆਪਣੀ ਹਾਜ਼ਰੀਆਂ ਭਰਕੇ ਤੰਤ ਸਾਜਾਂ ਰਾਹੀਂ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁੱਗਧ ਕੀਤਾ। ਸਟੇਜ ਸੈਕਟਰੀ ਦੀ ਸੇਵਾ ਗਿਆਨੀ ਦਵਿੰਦਰਪਾਲ ਸਿੰਘ ਤੇ ਤੇਜਿੰਦਰਪਾਲ ਸਿੰਘ ਨੇ ਨਿਭਾਈ। ਇਸ ਮੌਕੇ ਮਹਿੰਦਰ ਸਿੰਘ ਡੰਗ, ਅਤੱਰ ਸਿੰਘ ਮਕੱੜ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਅਰੋੜਾ,ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ ਆਦਿ ਵੀ ਹਾਜ਼ਰ ਸਨ।

# ਸੰਜੇ ਗੋਇਲ ਵੱਲੋਂ ਸਟਿਲਟ ਪਾਰਕਿੰਗ ਦੀ ਇਜਾਜ਼ਤ ਦੇਣ ਦੇ ਫ਼ੈਸਲੇ ਦਾ ਸਵਾਗਤ



ਲੁਧਿਆਣਾ, 31 ਅਕਤੂਬਰ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਨਵੀਆਂ ਰਿਹਾਇਸ਼ੀ ਇਮਾਰਤਾਂ ਵਿੱਚ ਸਟਿਲਟ ਪਾਰਕਿੰਗ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਇੱਕ ਸਰਾਹਣਯੋਗ ਕਦਮ ਹੈ ਪਰ ਇਸ ਦਾ ਪੂਰੀ ਤਰ੍ਹਾਂ ਲਾਗੂ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਰਿਹਾਇਸ਼ੀ ਇਲਾਕਿਆਂ ਵਿੱਚ ਪਾਰਕਿੰਗ ਦੀ ਸਮੱਸਿਆ ਗੰਭੀਰ ਰੂਪ ਧਾਰ ਚੁੱਕੀ ਹੈ। ਬੁੱਧਵਾਰ ਨੂੰ ਇੱਥੇ ਜਾਰੀ ਇੱਕ ਬਿਆਨ ਵਿੱਚ ਮਸ਼ਹੂਰ ਆਰਕੀਟੈਕਟ ਅਤੇ ਲੁਧਿਆਣਾ ਸਮਾਰਟ ਸਿਟੀ ਲਿਮਿਟੇਡ ਦੇ ਸਾਬਕਾ ਡਾਇਰੈਕਟਰ ਸੰਜੇ ਗੋਇਲ ਨੇ ਕਿਹਾ ਕਿ ਇਸ ਪ੍ਰਾਵਧਾਨ ਨਾਲ ਰਹਿਣ ਵਾਲੇ ਲੋਕ ਜ਼ਰੂਰਤ ਪੈਣ 'ਤੇ ਪੌੜੀਆਂ ਦੇ ਬਲਾਕ ਨਾਲ ਲਿਫ਼ਟ ਵੀ ਆਸਾਨੀ ਨਾਲ ਲਗਾ ਸਕਦੇ ਹਨ ਅਤੇ ਬਾਕੀ ਭੂਤਲ ਖੇਤਰ ਦਾ ਉਪਯੋਗ ਪਾਰਕਿੰਗ ਲਈ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ, ਨਹੀਂ ਤਾਂ ਸੜਕਾਂ ਤੇ ਵਾਹਨ ਖੜੇ ਰਹਿੰਦੇ ਹਨ ਅਤੇ ਕਈ ਥਾਵਾਂ 'ਤੇ ਤਾਂ ਸੜਕ ਦੀ ਜਗ੍ਹਾ ਵੀ ਕਾਫ਼ੀ ਨਹੀਂ ਰਹਿੰਦੀ। ਗੋਇਲ ਨੇ ਜ਼ੋਰ ਦੇ ਕੇ ਕਿਹਾ ਕਿ ਘਰਾਂ ਦੇ ਅੰਦਰ ਪਾਰਕਿੰਗ ਨਾ ਸਿਰਫ਼ ਵਾਹਨਾਂ ਦੀ ਸੁਰੱਖਿਆ ਯਕੀਨੀ ਕਰੇਗੀ ਸਗੋਂ ਸ਼ਹਿਰ ਦੀਆਂ ਸੜਕਾਂ ਤੇ ਭੀੜ ਨੂੰ ਵੀ ਘਟਾਏਗੀ। ਉਹਨਾਂ ਅੱਗੇ ਕਿਹਾ ਕਿ ਹਾਲਾਂਕਿ ਸਰਕਾਰ ਵੱਲੋਂ ਆਰਕੀਟੈਕਟਸ ਨੂੰ ਸੈਲਫ-ਸਰਟੀਫਿਕੇਸ਼ਨ ਦੀ ਇਜਾਜ਼ਤ ਦੇਣਾ ਇੱਕ ਵਧੀਆ ਕਦਮ ਹੈ, ਪਰ ਬਿਲਡਿੰਗ ਮਾਲਕਾਂ ਨੂੰ ਕਨਸਟ੍ਰਕਸ਼ਨ ਬਾਇਲਾਜ਼ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਸ਼ਹਿਰਾਂ ਨੂੰ ਹੋਰ ਰਹਿਣਯੋਗ ਅਤੇ ਸੁਚੱਜਾ ਬਣਾਇਆ ਜਾ ਸਕੇ।

# ਗੁ: ਸ੍ਰੀ ਗੁਰੂ ਸਿੰਘ ਸਭਾ ਦੁੱਗਰੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ 31 ਅਕਤੂਬਰ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ । ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗਗਨਦੀਪ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨੂੰ ਆਸਾ ਜੀ ਦੀ ਵਾਰ ਦੇ ਕੀਰਤਨ ਸ੍ਰਵਨ ਕਰਵਾਏ ਅਤੇ ਗੁਰੂ ਜਸ ਨਾਲ ਜੋੜਿਆ । ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਸੋਦਰ ਰਹਿਰਾਸ ਦੀ ਚੌਕੀ ਤੋਂ ਬਾਅਦ ਭਾਈ ਸਤਿੰਦਰ ਸਿੰਘ ਸਾਰੰਗ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਅਤੇ ਗੁਰੂ ਜਸ ਨਾਲ ਜੋੜਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਡਾਕਟਰ ਪ੍ਰੇਮ ਸਿੰਘ ਚਾਵਲਾ ਅਤੇ ਵਰਿੰਦਰ ਮੋਹਨ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਤਿੰਦਰ ਸਿੰਘ ਸਾਰੰਗ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਇਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ ।ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਸੀਨੀਅਰ ਮੈਂਬਰ ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਜਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਹਰਨੇਕ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਕਰਮ ਸਿੰਘ, ਤਜਿੰਦਰ ਸਿੰਘ ਹਾਜ਼ਰ ਸਨ ।

# ਸ਼ਿਵਾਲਿਕ ਮਾਡਲ ਸਕੂਲ ਨੇ ਰੰਗੀਨ ਹੈਲੋਵੀਨ ਜਸ਼ਨ ਮਨਾਇਆ



ਜਗਰਾਉਂ, 31 ਅਕਤੂਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਅੱਜ ਸ਼ਿਵਾਲਿਕ ਮਾਡਲ ਸਕੂਲ ਦੇ ਵਿਹੜੇ ਵਿੱਚ ਇੱਕ ਸ਼ਾਨਦਾਰ ਹੈਲੋਵੀਨ ਜਸ਼ਨ ਮਨਾਇਆ ਗਿਆ, ਜਿਸ ਵਿੱਚ ਐਲਕੇਜੀ, ਯੂਕੇਜੀ ਅਤੇ ਪਹਿਲੀਆਂ ਕਲਾਸਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਦੋਂ ਕਿ ਪਲੇਵੇਅ ਅਤੇ ਨਰਸਰੀ ਦੇ ਬੱਚਿਆਂ ਨੂੰ ਇਸ ਜਸ਼ਨ ਦੀਆਂ ਗਤੀਵਿਧੀਆਂ ਦਿਖਾਈਆਂ ਗਈਆਂ। ਇਸ ਜਸ਼ਨ ਵਿੱਚ, ਸਾਰੇ ਵਿਦਿਆਰਥੀਆਂ ਨੂੰ ਹੈਲੋਵੀਨ ਗਤੀਵਿਧੀਆਂ ਨਾਲ ਜਾਣੂ ਕਰਵਾਇਆ ਗਿਆ। ਛੋਟੇ ਵਿਦਿਆਰਥੀ ਆਕਰਸ਼ਕ ਪੁਸ਼ਾਕਾਂ ਵਿੱਚ ਸਜੇ ਹੋਏ ਸਨ ਅਤੇ ਇਸ ਜਸ਼ਨ ਦਾ ਬਹੁਤ ਆਨੰਦ ਮਾਣਿਆ। ਇਸ ਜਸ਼ਨ ਨੇ ਵਿਦਿਆਰਥੀਆਂ ਨੂੰ ਇੱਕ ਨਵਾਂ ਅਤੇ ਦਿਲਚਸਪ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਜਸ਼ਨ ਵਿੱਚ, ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ, ਉਪ ਪ੍ਰਧਾਨ ਇਸ਼ਿਤਾ ਗੁਪਤਾ ਅਤੇ ਕਲਾਸਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਸ ਜਸ਼ਨ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ।

# ਕੋਟਨੀਸ ਐਕਿਊਪੰਕਚਰ ਹਸਪਤਾਲ ਵੱਲੋਂ ਕੈਂਸਰ ਅਤੇ ਐਚ.ਆਈ.ਵੀ. ਖ਼ਿਲਾਫ਼ ਕੈਂਪ



ਲੁਧਿਆਣਾ 31 ਅਕਤੂਬਰ (ਕਰਨੈਲ ਸਿੰਘ ਐੱਮ ਏ): ਡਾ. ਡੀ. ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ, ਸਲੇਮ ਟਾਬਰੀ ਵੱਲੋਂ ਪਿੰਕ ਅਕਤੂਬਰ ਮੁਹਿੰਮ 2025 ਦੇ ਤਹਿਤ ਕੈਂਸਰ ਅਤੇ ਐਚ.ਆਈ.ਵੀ./ਏਡਜ਼ ਖ਼ਿਲਾਫ਼ ਇੱਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਲੋਕਾਂ, ਖਾਸ ਕਰਕੇ ਮਹਿਲਾਵਾਂ ਨੂੰ ਇਨ੍ਹਾਂ ਗੰਭੀਰ ਬਿਮਾਰੀਆਂ ਪ੍ਰਤੀ ਜਾਗਰੂਕ ਕਰਨਾ ਸੀ। ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਦੱਸਿਆ ਕਿ ਭਾਰਤ ਵਿੱਚ ਹਰ ਸਾਲ ਲਗਭਗ 14 ਲੱਖ ਤੋਂ ਵੱਧ ਨਵੇਂ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕਰੀਬ 28% ਮਾਮਲੇ ਮਹਿਲਾਵਾਂ ਵਿੱਚ ਬ੍ਰੈਸਟ ਕੈਂਸਰ ਦੇ ਹੁੰਦੇ ਹਨ। ਪੰਜਾਬ ਵਿੱਚ 2024 ਵਿੱਚ ਹੀ 42,288 ਬ੍ਰੈਸਟ ਕੈਂਸਰ ਦੇ ਮਾਮਲੇ ਦਰਜ ਕੀਤੇ ਗਏ ਸਨ, ਜੋ 2021 ਨਾਲੋਂ 7% ਵੱਧ ਹਨ, ਅਤੇ ਅੰਦਾਜ਼ਾ ਹੈ ਕਿ 2025 ਤੱਕ ਇਹ ਗਿਣਤੀ 44,000 ਤੋਂ ਵੱਧ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਕੈਂਸਰ ਦੇ ਮੁੱਖ ਕਾਰਨਾਂ ਵਿੱਚ ਅਸਿਹਤਮੰਦ ਖਾਣਾ, ਧੂੰਮਰਪਾਨ, ਸ਼ਰਾਬ ਦਾ ਸੇਵਨ, ਸ਼ਰੀਰਕ ਗਤੀਵਿਧੀ ਦੀ ਘਾਟ, ਪ੍ਰਦੂਸ਼ਣ ਅਤੇ ਜੈਨੇਟਿਕ ਕਾਰਕ ਸ਼ਾਮਲ ਹਨ। ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਮਹਿਲਾਵਾਂ ਸਿਹਤਮੰਦ ਜੀਵਨਸ਼ੈਲੀ ਅਪਣਾ ਕੇ ਕੈਂਸਰ ਤੋਂ ਬਚਾਅ ਕਰ ਸਕਦੀਆਂ ਹਨ। ਇਸ ਵਿੱਚ ਧੂੰਮਰਪਾਨ ਤੋਂ ਬਚਣਾ, ਸੰਤੁਲਿਤ ਖੁਰਾਕ, ਨਿਯਮਿਤ ਵਿਆਯਾਮ, ਧੁੱਪ ਤੋਂ ਤਵਚਾ ਦੀ ਰੱਖਿਆ ਅਤੇ ਐਚਪੀਵੀ (HPV) ਵੈਕਸੀਨ ਲਗਵਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜੇਕਰ ਕੈਂਸਰ ਦੀ ਸ਼ੁਰੂਆਤੀ ਪਛਾਣ ਹੋ ਜਾਵੇ ਤਾਂ ਇਲਾਜ ਦੀ ਸਫਲਤਾ ਦਰ 90% ਤੱਕ ਹੁੰਦੀ ਹੈ, ਇਸ ਲਈ ਨਿਯਮਿਤ ਸਿਹਤ ਜਾਂਚ, ਮੈਮੋਗ੍ਰਾਫੀ ਅਤੇ ਕੈਂਸਰ ਸਕ੍ਰੀਨਿੰਗ ਬਹੁਤ ਜ਼ਰੂਰੀ ਹੈ। ਇਸ ਮੌਕੇ ਡਾ: ਰਘੁਵੀਰ ਸਿੰਘ ਅਤੇ ਡਾ: ਬਲਜਿੰਦਰ ਸਿੰਘ ਢਿੱਲੋਂ ਨੇ ਮਹਿਲਾਵਾਂ ਨੂੰ ਬ੍ਰੈਸਟ ਕੈਂਸਰ ਦੇ ਲੱਛਣਾਂ ਜਿਵੇਂ ਕਿ ਛਾਤੀ ਵਿੱਚ ਗਾਂਠ, ਦਰਦ, ਤਵਚਾ ਵਿੱਚ ਬਦਲਾਅ ਜਾਂ ਰਸਾਅ ਆਦਿ ਦੇ ਪ੍ਰਤੀ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਜਾਗਰੂਕਤਾ ਅਤੇ ਸਮੇਂ 'ਤੇ ਜਾਂਚ ਨਾਲ ਇਸ ਬਿਮਾਰੀ ਨੂੰ ਸ਼ੁਰੂਆਤੀ ਹਾਲਤ ਵਿੱਚ ਹੀ ਰੋਕਿਆ ਜਾ ਸਕਦਾ ਹੈ। ਪ੍ਰੋਗਰਾਮ ਵਿੱਚ ਗਗਨ ਭਾਟੀਆ, ਮਨੀਸ਼ਾ, ਮਹੇਸ਼, ਵੈਸ਼ਾਲੀ, ਮੀਨੂ, ਰਿਤੂ ਅਤੇ ਹੋਰ ਸਟਾਫ ਮੈਂਬਰ ਅਤੇ ਸਥਾਨਕ ਨਿਵਾਸੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ ਅਤੇ ਸਭ ਨੇ ਸਮਾਜ ਵਿੱਚ ਕੈਂਸਰ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ।

# ਅਸਲੇ ਦੀ ਨੋਕ 'ਤੇ ਜੀਜੇ ਕੋਲੋਂ ਨਗਦੀ ਲਿਜਾਣ ਵਾਲੇ ਸਾਲੇ ਅਤੇ ਉਸਦੇ ਸਾਥੀਆਂ ਖ਼ਿਲਾਫ਼ ਕੇਸ ਦਰਜ

ਮੁੱਲਾਂਪੁਰ ਦਾਖਾ, 31 ਅਕਤੂਰ(ਦਵਿੰਦਰ ਸਿੰਘ ਲੰਮੇਂ) :ਭੈਣ ਦੇ ਘਰ ਦਾਖਲ ਹੋਕੇ ਪਿਸਟਲ (ਅਸਲੇ) ਦੀ ਨੋਕ 'ਤੇ ਜੀਜੇ ਕੋਲੋਂ ਨਗਦੀ ਲਿਜਾਣ ਦੇ ਦੋਸ਼ ਤਹਿਤ ਥਾਣਾ ਦਾਖਾ ਦੀ ਪੁਲਿਸ ਨੇ 12 ਵਿਅਕਤੀਆਂ ਖਿਲਾਫ ਕੇਸ ਦਰਜ ਕਰਨ ਉਪਰੰਤ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਬਾਕੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ.ਸੁਰਿੰਦਰ ਸਿੰਘ ਅਨੁਸਾਰ ਨਰਿੰਦਰ ਸਿੰਘ ਪੁੱਤਰ ਰਾਜਇੰਦਰਸਿੰਘ ਵਾਸੀ ਪਿੰਡ ਬੜੈਚ ਨੇ ਦਰਜ ਕਰਵਾਏ ਬਿਆਨਾਂ ਵਿੱਚ ਦੱਸਿਆ ਕਿ 26 ਅਕਤੂਬਰ 2025 ਦੇਰ ਸ਼ਾਮ ਨੂੰ ਮੇਰਾ ਸਾਲਾ ਜਸਵੀਰ ਸਿੰਘ ਤਿੰਨ ਗੱਡੀਆਂ ਸਕਾਰਪੀਓ ਰੰਗ ਕਾਲਾ , ਵੈਂਗਨਰ ਅਤੇ ਅਲਟੋ ਕਾਰਵਿੱਚ ਸਵਾਰ ਹੋ ਕੇ ਆਇਆ, ਜਿਸ ਵਿੱਚ 10-12 ਬੰਦੇ ਸਵਾਰ ਸਨ, ਜਿਸਨੇ ਕਰੀਬ 5/6 ਵਿਅਕਤੀ ਘਰ ਦੇ ਬਾਹਰ ਖੜੇ ਕਰ ਦਿੱਤੇ ਅਤੇ 5/6 ਵਿਅਕਕਤੀਆਂ ਨੂੰ ਆਪਣੇ ਨਾਲ ਲੈ ਕੇ ਘਰ ਅੰਦਰ ਜਬਰਦਸਤੀ ਦਾਖਲ ਹੋਗਿਆ। ਉਸ ਸਮੇਂ ਮੈਂ ਆਪਣੇ ਕਮਰੇ ਵਿੱਚ ਬੈਠਾ ਟੀ.ਵੀ ਦੇਖ ਰਿਹਾ ਸੀਅਤੇ ਮੇਰੀ ਪਤਨੀ ਸਵਰਨਜੀਤ ਕੌਰ ਘਰ ਦੇ ਕੰਮ ਕਾਰ ਕਰ ਰਹੀ ਸੀ। ਫਿਰ ਮੇਰਾ ਸਾਲਾ ਜਸਵੀਰ ਸਿੰਘ ਮੇਰੇ ਕੋਲ ਆਇਆ, ਜਿਸਦੇ ਹੱਥ ਵਿੱਚ ਪਿਸਟਲ ਫੜਿਆ ਹੋਇਆ ਅਤੇ ਬਾਕੀ ਵਿਅਕਤੀਆਂ ਕੋਲ ਵੀ ਮਾਰੂ ਹਥਿਆਰ ਬੇਸਬਾਲ ਅਤੇ ਡਾਂਗਾਂ ਫੜੀਆਂ ਹੋਈਆਂ ਸਨ,ਜਿਸਨੇ ਆਉਂਦਿਆਂ ਦੀ ਪਿਸਟਲ ਸਿੱਧਾ ਮੇਰੀ ਛਾਤੀ 'ਤੇ ਤਾਣ ਲਿਆ ਅਤੇ 10 ਲੱਖ ਰੁਪਏ ਦੀ ਮੰਗ ਕਰਨ ਲੱਗਾ, ਜਿਸਨੂੰ ਮੈਂ ਕਿਹਾ ਕਿ ਮੇਰੇ ਕੋਲ ਤਾਂ ਇੰਨੇ ਪੈਸੇ ਨਹੀ ਹਨ,ਜੋ ਕਹਿਣ ਲੱਗਾ ਜਿੱਥੋਂ ਮਰਜੀ ਦੇ ਮੈਨੂੰ ਪੈਸੇ ਚਾਹੀਦੇ ਹਨ ਨਹੀਂ ਤਾਂ ਮੈਂ ਤੇਰਾ ਜਾਨੀ ਨੁਕਸਾਨ ਕਰਾਂਗਾ। ਫਿਰ ਮੈਨੂੰ ਡਰਾ ਧਮਕਾ ਕੇ ਮੇਰੇ ਘਰ ਦੇ ਦਰਾਜ ਵਿੱਚ ਪਏ 50 ਹਜਾਰ ਰੁਪਏ ਜਬਰਦਸਤੀ ਚੁੱਕ ਕੇ ਲੈ ਗਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦਾ ਹੋਇਆ ਅਤੇ ਇਹ ਕਹਿੰਦਾ ਹੋਇਆ ਆਪਣੇ ਸਾਥੀਆਂ ਨਾਲ ਘਰੋਂ ਚਲਾ ਗਿਆ ਕਿ ਪੈਸਿਆਂ ਦਾ ਇੰਤਜ਼ਾਮ ਕਰਕੇ ਰੱਖੀ ਮੈਂ ਦੁਬਾਰਾ ਫਿਰ ਆਵਾਂਗਾ। ਉਸਨੇ ਦੱਸਿਆ ਕਿ ਮੇਰਾ ਸਾਲਾ ਜਸਵੀਰ ਸਿੰਘ ਆਪਣੇ ਸਾਥੀਆਂ ਨਾਲ ਸਾਡੇ ਘਰ ਅੱਗੇ ਦੁਬਾਰਾ ਗੇੜੇ ਕੱਢ ਰਿਹਾ ਹੈ, ਜਿਹੜਾ ਮੇਰਾ ਜਾਨੀ ਮਾਲੀ ਨੁਕਸਾਨਕਰ ਸਕਦਾ ਹਨ। ਦਾਖਾ ਪੁਲਿਸ ਨੇ ਬਿਆਨਾ ਦੇ ਆਧਾਰ 'ਤੇ ਕਾਰਾਵੀ ਕਰਦਿਆਂ ਕੱਥਿਤ ਦੋਸ਼ੀਆਂ ਜਸਵੀਰ ਸਿੰਘ ਪੁੱਤਰ ਭਜਨ ਸਿੰਘ ਵਾਸੀ ਪਿੰਡ ਸਹਿਜਾਦ ਥਾਣਾ ਜੋਧਾਂ, ਵੀਰਪਾਲ ਸਿੰਘ ਉਰਫ ਪਾਲ ਪੁੱਤਰ ਸਿੰਗਾਰਾ ਸਿੰਘ, ਜੁਗਰਾਜ ਸਿੰਘ ਉਰਫ ਲਾਲਾ ਪੁੱਤਰ ਜਗਦੀਪ ਸਿੰਘ, ਮਨਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ, ਅਮਨਿੰਦਰ ਸਿੰਘ ਵਾਸੀਆਨ ਪਿੰਡ ਮਨਸੂਰਾਂ ਥਾਣਾ ਜੋਧਾਂ ਅਤੇ ਕੁਲਵਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਰਾਜਗੜ ਥਾਣਾ ਸੁਧਾਰ ਅਤੇ ਇਹਨਾ ਦੇ ਨਾਲ ਆਏ 5/6 ਅਣਪਛਾਤੇ ਸਾਥੀਆਂ ਖਿਲਾਫ ਕੇਸ ਦਰਜ ਕਰਨ ਉਪਰੰਤ ਮਨਪ੍ਰੀਤ ਸਿੰਘ ਅਤੇ ਕੁਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀ ਕੱਥਿਤ ਦੋਸ਼ੀਆਂ ਦੀ ਭਾਲ ਜਾਰੀ ਹੈ ।

# 3 ਨਵੰਬਰ ਨੂੰ ਦੇਸ਼ ਦੇ ਨੌਜਵਾਨ ਸ਼ਹੀਦਾਂ ਦੀ ਧਰਤੀ ਸਰਾਭਾ ਤੋਂ ਨਵੀਂ ਸੇਧ ਲੈਣ ਆਉਣਗੇ : ਕਾਮਰੇਡ ਸੇਖੋਂ

ਮੁੱਲਾਂਪੁਰ ਦਾਖਾ , 31 ਅਕਤੂਬਰ (ਦਵਿੰਦਰ ਸਿੰਘ ਲੰਮੇ) : ਦੇਸ਼ ਨੂੰ ਆਜ਼ਾਦ ਕਰਾਉਣ ਲਈ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਾਰਤ ਦੀ ਜੋ ਜੱਥੇਬੰਦੀ ਨੌਜਵਾਨ ਭਾਰਤ ਸਭਾ ਦਾ ਸ਼ਤਾਬਦੀ ਸਮਾਰੋਹ ਅਤੇ ਭਾਰਤ ਦੀ ਜਨਵਾਦੀ ਨੌਜਵਾਨ ਸਭਾ (ਡੀ ਵਾਈ ਐਫ ਆਈ) ਦਾ 46ਵਾਂ ਸਥਾਪਨਾ ਦਿਵਸ ਮਨਾਉਣ ਲਈ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦਾਂ ਦੇ ਜੱਦੀ ਪਿੰਡ ਸਰਾਭਾ ਦੀ ਮਹਾਨ ਧਰਤੀ 'ਤੇ 3 ਨਵੰਬਰ ਨੂੰ ਹੋਣ ਵਾਲੇ ਇਤਿਹਾਸਕ ਇਕੱਠ ਵਿੱਚ ਪੰਜਾਬ ਤੋਂ ਇਲਾਵਾ ਦੇਸ਼ ਦੇ ਨੌਜਵਾਨ ਨਵੀਂ ਸੇਧ ਲੈ ਕੇ ਜਾਣਗੇ ਅਤੇ ਦੇਸ਼ ਦੇ ਨੌਜਵਾਨਾਂ ਨੂੰ ਸ਼ਹੀਦਾਂ ਵੱਲੋਂ ਦਿੱਤੇ ਸੰਦੇਸ਼ ਨਾਲ ਜੁੜਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤ ਦੀ ਜਨਵਾਦੀ ਨੌਜਵਾਨ ਸਭਾ ਡੀ ਵਾਈ ਐਫ਼ ਆਈ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਨੌਜਵਾਨ ਭਾਰਤ ਸਭਾ ਸ਼ਤਾਬਦੀ ਸਮਾਰੋਹ ਸਵਾਗਤੀ ਕਮੇਟੀ ਦੇ ਚੇਅਰਮੈਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ 'ਸ਼ਤਾਬਦੀ ਸਮਾਰੋਹ'ਸਵਾਗਤੀ ਕਮੇਟੀ ਵੱਲੋਂ 3 ਨਵੰਬਰ ਦੇ ਪ੍ਰੋਗਰਾਮ ਸੰਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ ਅਤੇ ਕੰਮ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਅੱਜ ਦੀ ਇਸ ਮੀਟਿੰਗ ਵਿੱਚ ਸਵਾਗਤੀ ਕਮੇਟੀ ਦੇ ਕਾਰਜਕਾਰੀ ਚੇਅਰਮੈਨ ਹਰਨੇਕ ਸਿੰਘ ਸਰਾਭਾ, ਸਤਿਨਾਮ ਸਿੰਘ ਬੜੈਚ, ਸੁਖਵਿੰਦਰ ਸਿੰਘ ਨਾਗੀ, ਬਲਜੀਤ ਸਿੰਘ ਸਾਹੀ, ਡਾਕਟਰ ਗੁਰਵਿੰਦਰ ਸਿੰਘ, ਬਲਜੀਤ ਸਿੰਘ ਗਰੇਵਾਲ, ਸੁਖਵੀਰ ਸਿੰਘ ਢੰਡਾ, ਬਲਦੇਵ ਸਿੰਘ ਲਤਾਲਾ, ਕਰਮਿੰਦਰ ਸਿੰਘ ਸਰਾਭਾ, ਪਿਆਰਾ ਸਿੰਘ ਸਰਾਭਾ, ਰਾਮ ਆਸਰਾ ਸਰਾਭਾ, ਲਖਵਿੰਦਰ ਸਿੰਘ ਸਰਾਭਾ, ਰਜਿੰਦਰ ਸਿੰਘ ਸਰਾਭਾ, ਪ੍ਰਕਾਸ਼ ਸਿੰਘ ਸਰਾਭਾ, ਬੂਟਾ ਸਿੰਘ ਸਰਾਭਾ ਤੇ ਕੁਲਜੀਤ ਸਿੰਘ ਸਰਾਭਾ ਸਵਾਗਤੀ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ ।

# ਕੈਂਸਰ ਸਰਵਾਈਵਰ ਹਿਨਾ ਖ਼ਾਨ ਤੇ ਸੀਮਾ ਬਾਂਸਲ ਨੇ ਸਵੈ-ਪਛਾਣ ਤੇ ਤਣਾਅ ਸਾਂਝਾ ਕੀਤਾ



ਲੁਧਿਆਣਾ, 31 ਅਕਤੂਬਰ (ਵਿਸ਼ਾਲ ਸ਼ਰਮਾ) : ਛਾਤੀ ਦੇ ਕੈਂਸਰ ਬਾਰੇ ਜਾਗਰੂਕਤਾ ਫੈਲਾਉਣ ਅਤੇ ਮੁਫ਼ਤ ਡਾਕਟਰੀ ਜਾਂਚ ਪ੍ਰਦਾਨ ਕਰਨ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ, ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਅਗਵਾਈ ਵਾਲੇ ਕ੍ਰਿਸ਼ਨਾ ਪ੍ਰਾਣ ਬ੍ਰੈਸਟ ਕੈਂਸਰ ਚੈਰੀਟੇਬਲ ਟਰੱਸਟ ਨੇ ਅੱਜ ਇੱਥੇ ਗੁਰੂ ਨਾਨਕ ਭਵਨ ਵਿਖੇ ਇੱਕ ਸਾਲਾਨਾ ਛਾਤੀ ਦੇ ਕੈਂਸਰ ਜਾਗਰੂਕਤਾ ਪ੍ਰੋਗਰਾਮ, ਯੂਨਾਈਟ ਫਾਰ ਪਿੰਕਟੋਬਰ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਮਸ਼ਹੂਰ ਟੀਵੀ ਅਤੇ ਫਿਲਮ ਭਾਰਤੀ ਅਦਾਕਾਰਾ ਹਿਨਾ ਖਾਨ ਅਤੇ ਪੰਜਾਬ ਵਿਕਾਸ ਕਮਿਸ਼ਨ ਦੀ ਵਾਈਸ-ਚੇਅਰਪਰਸਨ ਸੀਮਾ ਬਾਂਸਲ, ਦੋਵੇਂ ਛਾਤੀ ਦੇ ਕੈਂਸਰ ਸਰਵਾਈਵਰ, ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਆਪਣੀਆਂ ਡੂੰਘੀਆਂ ਨਿੱਜੀ ਯਾਤਰਾਵਾਂ ਸਾਂਝੀਆਂ ਕੀਤੀਆਂ। ਸੈਸ਼ਨ ਦਾ ਸੰਚਾਲਨ ਨੋਮਿਤਾ ਖੰਨਾ ਅਤੇ ਸ਼ਵੇਤਾ ਜਿੰਦਲ ਦੁਆਰਾ ਕੀਤਾ ਗਿਆ। ਇੱਕ ਦਿਲਚਸਪ ਗੱਲਬਾਤ ਦੌਰਾਨ, ਹਿਨਾ ਖਾਨ, ਜਿਸਨੂੰ 2024 ਵਿੱਚ ਸਟੇਜ-ਥ੍ਰੀ ਬ੍ਰੈਸਟ ਕੈਂਸਰ ਦਾ ਪਤਾ ਲੱਗਿਆ ਸੀ, ਨੇ ਮੰਤਰੀ ਸੰਜੀਵ ਅਰੋੜਾ ਦਾ ਕੈਂਸਰ ਜਾਗਰੂਕਤਾ, ਖਾਸ ਕਰਕੇ ਬ੍ਰੈਸਟ ਕੈਂਸਰ ਦੇ ਸੰਦੇਸ਼ ਨੂੰ ਵਧਾਉਣ ਲਈ ਸੱਦਾ ਦੇਣ ਲਈ ਧੰਨਵਾਦ ਕੀਤਾ। ਉਸਨੇ ਬਿਮਾਰੀ ਨਾਲ ਆਪਣੀ ਲੜਾਈ ਅਤੇ ਉਹ ਕਿਵੇਂ ਮਜ਼ਬੂਤ, ਵਧੇਰੇ ਲਚਕੀਲੇ ਅਤੇ ਸਸ਼ਕਤ ਬਣ ਕੇ ਉਭਰੀ, ਬਾਰੇ ਦੱਸਿਆ।

ਖਾਨ ਨੇ ਦਰਸ਼ਕਾਂ ਨੂੰ ਸੁਚੇਤ ਰਹਿਣ ਅਤੇ ਆਪਣੇ ਸਰੀਰ ਦੇ ਸੰਕੇਤਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਉਸਨੇ ਸਵੈ-ਪਤਾ ਲਗਾਉਣ ਦੀ ਜ਼ੋਰਦਾਰ ਵਕਾਲਤ ਕੀਤੀ, ਕੈਂਸਰ ਦੇ ਆਲੇ-ਦੁਆਲੇ ਗੱਲਬਾਤ ਨੂੰ ਆਮ ਬਣਾਉਣ ਅਤੇ ਬਿਨਾਂ ਕਿਸੇ ਡਰ ਦੇ ਇਸਦਾ ਸਾਹਮਣਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਹਰ ਪੰਦਰਵਾੜੇ ਸਵੈ-ਜਾਂਚ ਕਰੋ, ਉਸਨੇ ਸਲਾਹ ਦਿੱਤੀ। ਕੋਈ ਵੀ ਅਸਾਧਾਰਨ ਤਬਦੀਲੀਆਂ, ਗੰਢਾਂ, ਚਮੜੀ ਦੇ ਡਿੰਪਲਿੰਗ, ਜਾਂ ਡਿਸਚਾਰਜ ਲਈ ਤੁਰੰਤ ਡਾਕਟਰੀ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਖਾਨ ਨੇ ਆਪਣਾ ਜੀਵਨ ਦਰਸ਼ਨ ਵੀ ਸਾਂਝਾ ਕੀਤਾ: ਵਰਤਮਾਨ ਵਿੱਚ ਜੀਓ। ਭੂਤਕਾਲ ਤੇ ਨਾ ਸੋਚੋ ਜਾਂ ਭਵਿੱਖ ਤੋਂ ਨਾ ਡਰੋ। ਇੱਛਾ ਸ਼ਕਤੀ ਅਤੇ ਸਕਾਰਾਤਮਕਤਾ ਨਾਲ ਚੁਣੌਤੀਆਂ ਦਾ ਸਾਹਮਣਾ ਕਰੋ। ਸੀਮਾ ਬਾਂਸਲ ਨੇ ਸਾਂਝਾ ਕੀਤਾ ਕਿ ਜਲਦੀ ਪਤਾ ਲਗਾਉਣਾ ਸਫਲ ਇਲਾਜ ਦੀ ਨੀਂਹ ਹੈ। ਉਸਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੈਮੋਗ੍ਰਾਮ ਵਰਗੇ ਸਰਲ, ਪਹੁੰਚਯੋਗ ਟੈਸਟ ਸ਼ੁਰੂਆਤੀ ਪੜਾਅ ਤੇ ਕੈਂਸਰ ਨੂੰ ਨਕਾਰ ਸਕਦੇ ਹਨ, ਜਿਸ ਨਾਲ ਬਚਾਅ ਦਰਾਂ ਵਿੱਚ ਕਾਫ਼ੀ ਸੁਧਾਰ ਹੁੰਦਾ ਹੈ। ਛਾਤੀ ਦੇ ਕੈਂਸਰ ਦਾ ਜਲਦੀ ਪਤਾ ਲੱਗਣ ਤੇ ਬਹੁਤ ਇਲਾਜਯੋਗ ਹੈ ਉਸਨੇ ਜ਼ੋਰ ਦੇ ਕੇ ਕਿਹਾ, ਵਧੇਰੇ ਜਨਤਕ ਸਿੱਖਿਆ ਅਤੇ ਬਿਮਾਰੀ ਦੇ ਨਿੰਦਣ ਦੀ ਮੰਗ ਕੀਤੀ। ਆਪਣੇ ਭਾਵਨਾਤਮਕ ਭਾਸ਼ਣ ਵਿੱਚ, ਮੰਤਰੀ ਸੰਜੀਵ ਅਰੋੜਾ ਨੇ ਅਕਤੂਬਰ ਦੇ ਵਿਸ਼ਵਵਿਆਪੀ ਮਹੱਤਵ ਨੂੰ ਗੁਲਾਬੀ ਮਹੀਨੇ ਵਜੋਂ ਰੇਖਾਂਕਿਤ ਕੀਤਾ ਜੋ ਕਿ 1985 ਤੋਂ ਦੁਨੀਆ ਭਰ ਵਿੱਚ ਛਾਤੀ ਦੇ ਕੈਂਸਰ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਮਨਾਇਆ ਜਾਂਦਾ ਹੈ। ਉਸਨੇ ਹਿਨਾ ਖਾਨ ਅਤੇ ਸੀਮਾ ਬਾਂਸਲ ਦਾ ਇਸ ਮਹੱਤਵਪੂਰਨ ਕਾਰਨ ਲਈ ਆਪਣੀ ਆਵਾਜ਼ ਦੇਣ ਲਈ ਦਿਲੋਂ ਧੰਨਵਾਦ ਕੀਤਾ। ਅਰੋੜਾ ਨੇ ਕਿਹਾ, ਸਵੈ-ਪੜਤਾਲ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ ਜੋ ਸਾਡੇ ਕੋਲ ਛਾਤੀ ਦੇ ਕੈਂਸਰ ਦੀ ਮੌਤ ਦਰ ਨੂੰ ਘਟਾਉਣ ਲਈ ਹੈ। ਇਹ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ, ਜਾਨਾਂ ਬਚਾਉਂਦਾ ਹੈ, ਅਤੇ ਬਚਣ ਦੀ ਦਰ ਨੂੰ ਨਾਟਕੀ ਢੰਗ ਨਾਲ ਵਧਾਉਂਦਾ ਹੈ। ਕਦੇ ਵੀ ਲੱਛਣਾਂ ਨੂੰ ਨਜ਼ਰਅੰਦਾਜ਼ ਜਾਂ ਘੱਟ ਨਾ ਸਮਝੋ ਜਲਦੀ ਕਾਰਵਾਈ ਹੀ ਸਭ ਕੁਝ ਹੈ। ਭਾਵਨਾ ਨਾਲ ਭਰੇ ਹੋਏ, ਅਰੋੜਾ ਨੇ ਆਪਣੇ ਸਵਰਗਵਾਸੀ ਮਾਪਿਆਂ, ਕ੍ਰਿਸ਼ਨਾ ਅਤੇ ਪ੍ਰਾਣ ਅਰੋੜਾ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਨ੍ਹਾਂ ਦੇ ਨਾਮ ਤੇ ਟਰੱਸਟ ਦਾ ਨਾਮ ਰੱਖਿਆ ਗਿਆ ਸੀ। ਆਪਣੀਆਂ ਅੱਖਾਂ ਵਿੱਚ ਹੰਝੂਆਂ ਨਾਲ, ਉਸਨੇ ਸਾਂਝਾ ਕੀਤਾ: ਜੇ ਮੇਰੀ ਮਾਂ ਦਾ ਪਹਿਲਾਂ ਪਤਾ ਲੱਗ ਜਾਂਦਾ, ਤਾਂ ਉਨ੍ਹਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਇਸ ਮੌਕੇ, ਰਾਜ ਸਭਾ ਮੈਂਬਰ ਰਜਿੰਦਰ ਗੁਪਤਾ, ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ, ਨਗਰ ਨਿਗਮ ਕਮਿਸ਼ਨਰ ਅਦਿੱਤਿਆ ਡੱਚਲਵਾਲ, ਗਲਾਡਾ ਦੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਜੀਤ ਬੈਂਸ, ਸਹਾਇਕ ਕਮਿਸ਼ਨਰਾਂ ਡਾ.ਪ੍ਰਗਤੀ ਰਾਣੀ, ਪਾਇਲ ਗੋਇਲ, ਐਸ.ਡੀ.ਐਮ ਜਸਲੀਨ ਕੌਰ ਭੁੱਲਰ, ਸਿਵਲ ਸਰਜਨ ਡਾ: ਰਮਨਦੀਪ ਕੌਰ, ਪ੍ਰਸਿੱਧ ਉਦਯੋਗਪਤੀ ਪਦਮਾ ਗਮੀਤ ਥਾਪਰਨਾ, ਏ.ਜੀ.ਪੀ.ਆਰ.ਐਸ.ਰਜਨੀ ਗੁਪਤਾ, ਮਧੂ ਗੁਪਤਾ, ਸੰਜਨਾ, ਇਸ਼ਿਤਾ ਆਦਿ ਹਾਜ਼ਰ ਸਨ।

# ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ ਦੀ ਪੰਜਾਬੀ ਵਿਰੋਧੀ ਕਾਰਵਾਈ ਦੀ ਨਿੰਦਾ

ਲੁਧਿਆਣਾ, 31 ਅਕਤੂਬਰ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਗੁਰੂ ਰਵੀਦਾਸ ਅਯੂਰਵੈਦਿਕ ਯੂਨੀਵਰਸਿਟੀ ਪੰਜਾਬ (ਹੁਸ਼ਿਆਰਪੁਰ) ਵੱਲੋਂ ਟੇਢੇ ਢੰਗ ਨਾਲ ਮਾਤ ਭਾਸ਼ਾ ਪੰਜਾਬੀ ਵਿਰੋਧੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਧਿਆਨ ਵਿੱਚ ਲਿਆਂਦਾ ਕਿ ਅਸਿਸਟੈਂਟ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ ਅਤੇ ਪ੍ਰੋਫ਼ੈਸਰ ਦੀਆਂ 38 ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤਾ ਗਿਆ ਜਿਨ੍ਹਾਂ ਨੂੰ ਭਰਨ ਲਈ 1 ਨਵੰਬਰ, 2025 ਤੱਕ ਅਰਜ਼ੀਆਂ ਮੰਗੀਆਂ ਗਈਆਂ ਹਨ।ਇਨ੍ਹਾਂ ਅਸਾਮੀਆਂ ਲਈ ਪੰਜਾਬੀ ਨੂੰ ਟੇਢੇ ਢੰਗ ਨਾਲ ਖ਼ਤਮ ਕਰ ਦਿੱਤਾ ਗਿਆ ਹੈ।ਸ਼ਰਤਾਂ ਅਤੇ ਨਿਯਮਾਂ ਦੇ ਕਾਲਮ ਨੰ: 8 ਵਿਚ ਸਪੱਸ਼ਟ ਲਿਖਿਆ ਹੈ ਕਿ ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਕੀਤਾ ਹੋਵੇ।ਜੇ ਵਿਗਿਆਪਨ ਦੇਣ ਦੀ ਤਾਰੀਖ਼ ਤੱਕ ਉਮੀਦਵਾਰ ਨੇ ਪੰਜਾਬੀ ਭਾਸ਼ਾ ਦਾ ਪੇਪਰ ਪਾਸ ਨਹੀਂ ਕੀਤਾ ਤਾਂ ਉਹ ਅਸਾਮੀ ਉਪਰ ਨਿਯੁਕਤ ਹੋਣ ਉਪਰੰਤ ਤਿੰਨ ਸਾਲਾਂ ਦੇ ਵਿੱਚ ਪੰਜਾਬੀ ਦਾ ਪੇਪਰ ਪਾਸ ਕਰ ਸਕਦਾ ਹੈ।ਇਹ ਪੰਜਾਬ ਸਰਕਾਰ ਦੇ ਨੇਮਾਂ ਦੀ ਸਰਾਸਰ ਉਲੰਘਣਾ ਹੈ। ਉਮੀਦਵਾਰ ਵਿਗਿਆਪਨ ਵੇਲੇ ਤੱਕ ਪੰਜਾਬੀ ਭਾਸ਼ਾ ਦੇ ਇਮਤਿਹਾਨ ਵਿੱਚੋਂ ਪਾਸ ਹੋਣਾ ਚਾਹੀਦਾ ਹੈ ਨ ਕਿ ਨਿਯੁਕਤੀ ਬਾਅਦ ਉਹ ਪੇਪਰ ਪਾਸ ਕਰੇ।ਇਹ ਅਸਿੱਧੇ ਢੰਗ ਨਾਲ ਪੰਜਾਬੀ ਭਾਸ਼ਾ ਨਾਲ ਅਨਿਆਂ ਹੈ।ਇਹ ਯੂਨੀਵਰਸਿਟੀ ਪੰਜਾਬ ਦੀ ਯੂਨੀਵਰਸਿਟੀ ਹੈ, ਇਸ ਵਿੱਚ ਪੰਜਾਬ ਦੇ ਨੇਮਾਂ ਦੀ ਉਲੰਘਣਾ ਨਹੀਂ ਹੋ ਸਕਦੀ।ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਇਸ ਸੰਬੰਧੀ ਉਪ ਕੁਲਪਤੀ ਗੁਰੂ ਰਵੀਦਾਸ ਅਯੁਰਵੈਦਿਕ ਯੂਨੀਵਰਸਿਟੀ, ਪੰਜਾਬ, ਸਿੱਖਿਆ ਅਤੇ ਭਾਸ਼ਾ ਮੰਤਰੀ, ਪੰਜਾਬ ਸਕੱਤਰ, ਉੱਚ ਸਿੱਖਿਆ, ਪੰਜਾਬ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਹੈ ਕਿ ਇਸ ਕੁਤਾਹੀ ਨੂੰ ਸੋਧਿਆ ਜਾਵੇ।ਨਹੀਂ ਤੇ ਫਿਰ ਰੋਸ ਤੇ ਸੰਘਰਸ਼ ਦਾ ਰਸਤਾ ਅਪਣਾਉਣਾ ਅਕਾਡਮੀ ਦੀ ਮਜਬੂਰੀ ਹੋਵੇਗੀ।

# ਹੈਲੋਵੀਨ ਗਤੀਵਿਧੀ ਵਿੱਚ ਨੰਨੇ-ਮੁੰਨੇ ਕਲਾਕਾਰਾਂ ਨੇ ਦਿਖਾਇਆ ਦੁਗਣਾ ਜੋਸ਼



ਲੁਧਿਆਣਾ, 31 ਅਕਤੂਬਰ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਵਿਖੇ ਨੰਨੇ-ਮੁੰਨੇ ਕਲਾਕਾਰਾਂ ਨੇ ਹੈਲੋਵੀਨ ਥੀਮ 'ਤੇ ਸੁੰਦਰ ਪਹਿਰਾਵੇ ਪਹਿਨ ਕੇ ਇਸ ਗਤੀਵਿਧੀ ਵਿੱਚ ਦੁਗਣੇ ਜੋਸ਼ ਨਾਲ਼ ਹਿੱਸਾ ਲਿਆ। ਇਸ ਦੌਰਾਨ ਬੱਚਿਆਂ ਨੇ ਹੈਲੋਵੀਨ ਰੈਂਪ-ਵਾਲਕ ਵੀ ਕੀਤੀ। ਇਸ ਦੇ ਨਾਲ਼ ਹੀ ਕਈ ਦਿਲਚਸਪ ਖੇਡਾਂ ਜਿਵੇਂ: ਜ਼ੋਬੀ ਆਈਬਾੱਲ ਵਿਚ ਇਸ ਹੱਟ ਰਿੰਗ ਅਤੇ ਪੰਪਕਿਨ ਬਾੱਲ ਵੀ ਖੇਡੀਆਂ ਗਈਆਂ। ਇਸ ਦੌਰਾਨ ਬੱਚਿਆਂ ਨੇ ਡਰਾਉਣਾ ਹੈਲੋਵੀਨ ਡਾਂਸ ਕਰਕੇ ਖੂਬ ਲੁਤਫ਼ ਉਠਾਇਆ। ਇਸ ਦੌਰਾਨ ਜ਼ੋਬੀ ਡਾਂਸ, ਹੌਨਟੱਡ ਹਾਊਸ, ਸਪੂਕੀ ਟ੍ਰੀਟ, ਹੈਲੋਵੀਨ ਸੈਲਫ਼ੀ ਕਾਰਨਰ ਅਤੇ ਹੈਲੋਵੀਨ ਰੈਂਪ ਵਾਕ ਗਤੀਵਿਧੀਆਂ ਮੁੱਖ ਖਿੱਚ ਦਾ ਕੇਂਦਰ ਰਹੀਆਂ।ਸਕੂਲ ਦੇ ਚੇਅਰਪਸਨ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਨੇ ਛੋਟੇ ਬੱਚਿਆਂ ਦੁਆਰਾ ਕੀਤੀ ਗਈ ਇਸ ਗਤੀਵਿਧੀ ਦੀ ਖ਼ੂਬ ਸ਼ਲਾਘਾ ਕੀਤੀ। ਉਹਨਾਂ ਨਾਲ਼ ਹੀ ਸਾਰੇ ਬੱਚਿਆਂ ਨੂੰ ਇੰਝ ਹੀ ਹਰ ਗਤੀਵਿਧੀ ਵਿੱਚ ਭਾਗ ਲੈਣ ਲਈ ਵੀ ਪ੍ਰੇਰਿਆ। ਇਸ ਦੇ ਨਾਲ਼ ਹੀ ਡਾਇਰੈਕਟਰਜ਼ ਮਨਦੀਪ ਵਾਲੀਆ, ਸ੍ਰੀਮਤੀ ਕਮਲਪ੍ਰੀਤ ਕੌਰ, ਡਿਪਟੀ ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਵੀ ਸਾਰੇ ਬੱਚਿਆਂ ਨੂੰ ਹੈਲੋਵੀਨ ਗਤੀਵਿਧੀ ਵਿੱਚ ਭਾਗ ਲੈਣ 'ਤੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਨਾਲ਼ ਹੀ ਇਹ ਵੀ ਕਿਹਾ ਕਿ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਦੀ ਅੰਦਰੂਨੀ ਪ੍ਰਤਿਭਾ ਨੂੰ ਨਿਖਾਰਦੀਆਂ ਹਨ, ਸੋ ਸਾਰੇ ਬੱਚਿਆਂ ਨੂੰ ਆਪਣੀ ਅੰਦਰਲੀ ਕਲਾ ਦੀ ਪਰਖ ਕਰਦੇ ਹੋਏ ਸਕੂਲ ਵਿੱਚ ਹੁੰਦੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।

# ਗ਼ਦਰੀ ਬਾਬਿਆਂ ਦੇ ਵਿਚਾਰਾਂ ਦਾ ਪਸਾਰਾ ਕਰਨ ਹਿੱਤ ਸਾਂਝਾ ਇਕੱਠ 16 ਨੂੰ



ਲੁਧਿਆਣਾ , 31 ਅਕਤੂਬਰ (ਰਵਿੰਦਰ ਸਿੰਘ ਨਿੱਝਰ) : ਮੌਜੂਦਾ ਰਾਜ ਕਰਤਾ ਸ਼੍ਰੇਣੀ ਵੱਲੋਂ ਦੇਸ਼ ਵਿੱਚ ਫ਼ਿਰਕਾਪ੍ਰਸਤੀ ਅਤੇ ਨਫ਼ਰਤੀ ਰਾਜਨੀਤੀ ਰਾਹੀਂ ਆਪਣੇ ਭ੍ਰਿਸ਼ਟ ਰਾਜ ਦੀ ਉਮਰ ਲੰਮੀ ਕਰਨ ਦੇ ਮਨਸੂਬਿਆਂ ਬਾਰੇ ਲੋਕ ਚੇਤਨਾ ਰਾਹੀਂ, ਗਦਰੀ ਬਾਬਿਆਂ ਦੀ ਵਿਚਾਰਧਾਰਾ ਦਾ ਪਸਾਰਾ ਕਰਨਾ ਸਮੇਂ ਦੀ ਲੋੜ ਹੈ। ਇਸ ਨੂੰ ਅੱਗੇ ਵਧਾਉਣ ਲਈ 'ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਸੁਨੇਤ' (ਲੁਧਿਆਣਾ) ਵੱਲੋਂ ਇੱਕ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਟਰੱਸਟ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਅਤੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਕਿਹਾ ਕਿ ਸਿਆਸਤਦਾਨਾਂ ਨੇ ਦੇਸ਼ ਦੇ ਹਾਲਾਤ ਅਜਿਹੇ ਬਣਾ ਦਿੱਤੇ ਹਨ ਕਿ ਲੋਕਾਂ ਦੀ ਹਰ ਸਿਆਸੀ ਪਾਰਟੀ ਵਿੱਚ ਬੇ-ਭਰੋਸਗੀ ਪੈਦਾ ਹੋ ਗਈ ਹੈ । ਉਹਨਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੇ ਇਹ ਗੱਲ ਜ਼ੋਰ ਨਾਲ ਆਖੀ ਸੀ ਕਿ ਆਜ਼ਾਦੀ ਲਈ ਚੱਲ ਰਹੀਆਂ ਵੱਖ ਵੱਖ ਲਹਿਰਾਂ ਵਿੱਚੋਂ ਗਦਰ ਪਾਰਟੀ ਦਾ ਇੱਕ ਵਿਲੱਖਣ ਥਾਂ ਹੈ, ਕਿਉਂਕਿ ਉਸ ਕੋਲ ਅੰਗਰੇਜ਼ ਰਾਜ ਖਤਮ ਕਰਕੇ ਆਜ਼ਾਦ ਭਾਰਤ ਲਈ ਇੱਕ ਸਪਸਟ ਸਮਝ ਸੀ। ਉਸ ਪਾਰਟੀ ਵਿੱਚ ਹਿੰਦੂ,ਸਿੱਖ, ਮੁਸਲਮਾਨ ਆਦਿ ਸਾਰੇ ਉਹ ਲੋਕ ਸਨ, ਜਿਹੜੇ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਲੈ ਵੱਖ ਵੱਖ ਦੇਸ਼ਾਂ ਵਿੱਚ ਗਏ ਸਨ। ਪਰ ਜਦੋਂ ਉਹਨਾਂ ਉੱਥੇ ਵੇਖਿਆ ਕਿ ਮਿਹਨਤ ਨੂੰ ਫਲ ਵੀ ਫਿਰ ਹੀ ਲੱਗੇਗਾ ਜੇ ਭਾਰਤ ਦਾ ਪ੍ਰਬੰਧ ਵੀ ਮਿਹਨਤੀ ਲੋਕਾਂ ਦੇ ਹੱਥ ਵਿੱਚ ਹੋਵੇ । ਇਸ ਆਦਰਸ਼ ਨੇ ਹੀ ਉਹਨਾਂ ਨੂੰ ਵੱਡੀਆਂ ਕੁਰਬਾਨੀਆਂ ਕਰਨ ਲਈ ਪ੍ਰੇਰਿਆ ਜਿਸ ਨੂੰ ਪੂਰਾ ਕਰਨ ਲਈ ਉਹਨਾਂ ਇਕੱਠੇ ਹੋ ਕੇ ਗਦਰ ਪਾਰਟੀ ਰਾਹੀਂ ਅੰਗਰੇਜ਼ਾਂ ਖ਼ਿਲਾਫ਼ ਸੰਘਰਸ਼ ਵਿੱਢਿਆ , ਪਰ ਅੰਗਰੇਜ਼ ਪਿੱਠੂਆਂ ਦੀਆਂ ਗਦਾਰੀਆਂ ਕਾਰਣ ਸਫ਼ਲ ਨਾ ਹੋ ਸਕੇ ।ਉਹਨਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਉਪਰੰਤ ਬਰਾਬਰੀ, ਇਨਸਾਫ , ਭਾਈਚਾਰਕ ਸਾਂਝ ਵਾਲਾ ਰਾਜ ਪ੍ਰਬੰਧ ਉਸਾਰਨ ਦਾ ਜੋ ਨਕਸ਼ਾ ਤਹਿ ਕੀਤਾ ਸੀ, ਉਸਨੂੰ ਲੋਕ ਚੇਤਨਾ ਦਾ ਹਿੱਸਾ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਮੰਤਵ ਦੇ ਪਸਾਰੇ ਲਈ 'ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਸੁਨੇਤ' ਨੇ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੇ ਗਦਰੀ ਬਾਬਿਆਂ ਦੇ ਪਿੰਡਾਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਬੀੜਾ ਚੁੱਕਿਆ ਹੈ।ਇਸ ਸਬੰਧੀ ਇਸ ਟਰੱਸਟ ਦੀ ਟੀਮ ਜਿਸ ਵਿੱਚ ਉਪਰੋਕਤ ਆਗੂਆਂ ਸਮੇਤ ਬਲਵਿੰਦਰ ਸਿੰਘ ਅਤੇ ਪ੍ਰਿੰਸੀਪਲ ਅਜਮੇਰ ਦਾਖਾ ਸ਼ਾਮਲ ਸਨ, ਵੱਲੋਂ ਕੁੱਝ ਗਦਰੀ ਬਾਬਿਆਂ ਦੇ ਪਿੰਡਾਂ ਵਿੱਚ ਉਹਨਾਂ ਦੀ ਯਾਦ ਵਿੱਚ ਬਣੀਆਂ ਕਮੇਟੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ, ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ । ਗੁਜਰਵਾਲ, ਹਲਵਾਰਾ ਲਲਤੋਂ, ਲੀਲ, ਬੁਰਜ ਲਿੱਟਾਂ ਆਦਿ ਪਿੰਡਾਂ ਨੂੰ ਇਹ ਸੰਦੇਸ਼ ਪਹੁੰਚਾਇਆ ਜਾ ਚੁੱਕਾ ਹੈ ਅਤੇ ਬਾਕੀਆਂ ਨਾਲ ਸੰਪਰਕ ਬਣਾਏ ਜਾ ਰਹੇ ਹਨ। ਇਹਨਾਂ ਪਿੰਡਾਂ ਵਿਖੇ ਮਾ ਬਲਵਿੰਦਰ ਸਿੰਘ ,ਬਲਰਾਜ ਸਿੰਘ, ਮਾ ਜਸਦੇਵ ਲਲਤੋਂ, ਇਤਿਹਾਸਕਾਰ ਮਾ ਅਵਤਾਰ ਸਿੰਘ ਧਾਲੀਵਾਲ ਬੁਰਜ ਲਿੱਟਾਂ ,ਸ੍ਰੀ ਢਿੱਲੋਂ ਅਤੇ ਸੁਖਵਿੰਦਰ ਲੀਲ ਸਮੇਤ ਕਿਰਪਾਲ ਸਿੰਘ ਪਾਲੀ ਵੱਲੋਂ ਇਸ ਮੁਹਿੰਮ ਨੂੰ ਸਹਿਯੋਗ ਲਈ ਚੰਗਾ ਹੁੰਗਾਰਾ ਦਿੱਤਾ ।ਮਾ ਅਵਤਾਰ ਸਿੰਘ ਧਾਲੀਵਾਲ ਵੱਲੋਂ ਆਪਣੇ ਪਿੰਡ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੀ ਕਿਤਾਬ 'ਸਾਡਾ ਪਿੰਡ ਬੁਰਜ ਲਿੱਟਾਂ' ਇਸ ਮੌਕੇ ਉਹਨਾਂ ਟੀਮ ਨੂੰ ਭੇਂਟ ਕੀਤੀ ਜਿਸ ਵਿੱਚ ਹੋਰ ਆਜ਼ਾਦੀ ਘੁਲਾਟੀਆਂ ਦੇ ਹਵਾਲੇ ਵੀ ਦਰਜ ਹਨ । ਗਦਰੀ ਬਾਬਾ ਭਾਨ ਸਿੰਘ ਯਾਦਗਾਰ ਟੀਮ ਵੱਲੋਂ ਵੀ ਦੋ ਮਹੱਤਵ ਪੂਰਨ ਕਿਤਾਬਾਂ 'ਦਾਸਤਾਨ-ਏ ਗਦਰੀ ਸ਼ਹੀਦ ਬਾਬਾ ਭਾਨ ਸਿੰਘ (ਪਿੰਡ ਸੁਨੇਤ ਤੋਂ ਕਾਲ਼ੇ ਪਾਣੀਆਂ ਤੱਕ) ਅਤੇ ਜਸਵੰਤ ਜ਼ੀਰਖ ਦੀ ਲਿਖੀ 'ਮੌਜੂਦਾ ਸਮੇਂ ਦਾ ਸੱਚ' ਅਵਤਾਰ ਸਿੰਘ ਧਾਲੀਵਾਲ ਨੂੰ ਭੇਂਟ ਕੀਤੀਆਂ। ਯਾਦ ਰਹੇ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਇੱਕ ਦਰਜ਼ਣ ਤੋਂ ਵੱਧ ਪਿੰਡ ਗਦਰੀ ਬਾਬਿਆਂ ਨਾਲ ਸਬੰਧਤ ਹਨ ਜਿਹਨਾਂ ਨੂੰ ਇੱਕ ਵਿਸ਼ੇਸ਼ ਪੱਤਰ ਰਾਹੀਂ ਮਿਤੀ 16 ਨਵੰਬਰ ਨੂੰ ਆਪਣੇ ਸੁਝਾਅ ਅਤੇ ਤਜਰਬੇ ਸਾਂਝੇ ਕਰਨ ਲਈ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਹੋ ਰਹੇ ਇਕੱਠ ਵਿੱਚ ਸ਼ਾਮਲ ਹੋਣ ਦੀ ਅਪੀਲ ਵੀ ਜਾਰੀ ਕੀਤੀ ਜਾ ਰਹੀ ਹੈ।ਇਹ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਵੀ ਹੈ।

# ਸੀ.ਟੀ.ਯੂ. ਨੇ ਮਨਾਇਆ ਹੈਲੋਵੀਨ ਬੈਸ਼

ਲੁਧਿਆਣਾ, 31 ਅਕਤੂਬਰ (ਵਿਸ਼ਾਲ ਸ਼ਰਮਾ) : ਸੀ.ਟੀ. ਯੂਨੀਵਰਸਿਟੀ ਦਾ ਕੈਂਪਸ ਉਸ ਦਿਨ ਇੱਕ ਡਰਾਉਣੀ ਅਤੇ ਰੋਮਾਂਚਕ ਦੁਨੀਆ ਵਿੱਚ ਬਦਲ ਗਿਆ, ਜਦੋਂ ਡਿਵਿਜ਼ਨ ਆਫ ਸਟੂਡੈਂਟ ਵੈਲਫੇਅਰ (DSW) ਨੇ ਸਕੂਲ ਆਫ ਡਿਜ਼ਾਈਨ ਐਂਡ ਇਨੋਵੇਸ਼ਨ ਦੇ ਸਹਿਯੋਗ ਨਾਲ ਸੀਟੀਯੂ ਹੈਲੋਵੀਨ ਬੈਸ਼ 2025 ਦਾ ਆਯੋਜਨ ਕੀਤਾ।

ਇਹ ਸਮਾਗਮ ਵਿਦਿਆਰਥੀਆਂ ਦੀ ਕਲਪਨਾਸ਼ਕਤੀ, ਰਚਨਾਤਮਕਤਾ ਅਤੇ ਕੈਂਪਸ ਸਪਿਰਿਟ ਨੂੰ ਮਨਾਉਣ ਲਈ ਕਰਵਾਇਆ ਗਿਆ ਸੀ। ਇਸ ਸਮਾਗਮ ਦੀਆਂ ਮੁੱਖ ਝਲਕਾਂ ਸਨ ਜ਼ੌਂਬੀ ਵਾਕ, ਫੇਸ ਪੇਂਟਿੰਗ ਮੁਕਾਬਲਾ, ਕੱਦੂ ਨੱਕਾਸ਼ੀ (ਪੰਪਕਿਨ ਕਾਰਵਿੰਗ) ਮੁਕਾਬਲਾ ਅਤੇ ਦ ਡਾਰਕ ਫਰੇਮ ਦਾ ਸ਼ੁਭਾਰੰਭ ਇੱਕ ਡਰਾਉਣਾ ਫੋਟੋ ਬੂਥ ਜੋ ਵਿਦਿਆਰਥੀਆਂ ਵਿੱਚ ਕਾਫ਼ੀ ਪ੍ਰਸਿੱਧ ਰਿਹਾ, ਜਿੱਥੇ ਸਭ ਨੇ ਮਸਤੀ ਅਤੇ ਡਰ ਨਾਲ ਭਰੇ ਪਲ ਕੈਮਰੇ 'ਚ ਕੈਦ ਕੀਤੇ। ਦਿਨ ਭਰ ਚੱਲੇ ਇਸ ਜਸ਼ਨ ਦਾ ਸਮਾਪਨ ਹਾਸਟਲਰਾਂ ਲਈ ਹੋਰਰ ਮੂਵੀ ਨਾਈਟ ਨਾਲ ਹੋਇਆ ਜਿਸ ਵਿੱਚ ਡਰ, ਹਾਸੇ ਅਤੇ ਯਾਦਾਂ ਨਾਲ ਭਰੀ ਸ਼ਾਮ ਦੇਖਣ ਨੂੰ ਮਿਲੀ। ਸੀ.ਟੀ. ਯੂਨੀਵਰਸਿਟੀ ਦੀ ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਹੈਲੋਵੀਨ ਬੈਸ਼ ਨੇ ਸਾਡੇ ਵਿਦਿਆਰਥੀਆਂ ਦੀ ਪ੍ਰਤਿਭਾ, ਰਚਨਾਤਮਕਤਾ ਅਤੇ ਏਕਤਾ ਨੂੰ ਬਹੁਤ ਸੁੰਦਰ ਢੰਗ ਨਾਲ ਦਰਸਾਇਆ ਹੈ। ਅਜਿਹੇ ਸਮਾਗਮ ਨਾ ਸਿਰਫ਼ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਵਧਾਉਂਦੇ ਹਨ, ਸਗੋਂ ਆਪਸੀ ਸਹਿਯੋਗ ਅਤੇ ਇਕ-ਦੂਜੇ ਨਾਲ ਜੁੜਾਅ ਵੀ ਮਜ਼ਬੂਤ ਕਰਦੇ ਹਨ। ਵਿਭਾਗ ਦੇ ਡਾਇਰੈਕਟਰ ਇੰਜੀਨੀਅਰ ਦਵਿੰਦਰ ਸਿੰਘ ਨੇ ਕਿਹਾ ਇਹ ਪ੍ਰੋਗਰਾਮ ਵਿਦਿਆਰਥੀਆਂ ਦੀ ਕਲਪਨਾਸ਼ਕਤੀ ਅਤੇ ਟੀਮਵਰਕ ਦਾ ਸ਼ਾਨਦਾਰ ਉਦਾਹਰਣ ਸੀ। ਡੀਐਸਡਬਲਿਊ ਅਤੇ ਸਕੂਲ ਆਫ ਡਿਜ਼ਾਈਨ ਐਂਡ ਇਨੋਵੇਸ਼ਨ ਦੇ ਸਹਿਯੋਗ ਨਾਲ ਇਹ ਸਮਾਗਮ ਬਹੁਤ ਹੀ ਕਾਮਯਾਬ ਅਤੇ ਯਾਦਗਾਰ ਬਣਿਆ। ਸੀਟੀਯੂ ਹੈਲੋਵੀਨ ਬੈਸ਼ 2025 ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਸੀ.ਟੀ. ਯੂਨੀਵਰਸਿਟੀ ਸਿਰਫ਼ ਸਿੱਖਿਆ ਦਾ ਕੇਂਦਰ ਨਹੀਂ, ਸਗੋਂ ਰਚਨਾਤਮਕਤਾ, ਨਵੀਨਤਾ ਅਤੇ ਉਤਸਵ ਦਾ ਪ੍ਰਤੀਕ ਹੈ ਜਿੱਥੇ ਸਿੱਖਣ ਦੇ ਨਾਲ ਖੁਸ਼ੀਆਂ, ਮਸਤੀ ਅਤੇ ਸ੍ਰਿਜਨਾਤਮਕਤਾ ਵੀ ਇਕੱਠੇ ਚੱਲਦੇ ਹਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਸਬੰਧੀ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ

### ☛ ਗੁ. ਭੋਰਾ ਸਾਹਿਬ ਤੇ ਗੁ. ਸੀਸਗੰਜ ਸਾਹਿਬ ਵਿਖੇ 23 ਤੋਂ 29 ਨਵੰਬਰ ਤੱਕ ਹੋਣਗੇ ਸਮਾਗਮ

ਸ੍ਰੀ ਅਨੰਦਪੁਰ ਸਾਹਿਬ, 31 ਅਕਤੂਬਰ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਾ ਭੋਰਾ ਸਾਹਿਬ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ 23 ਨਵੰਬਰ ਤੋਂ 29 ਨਵੰਬਰ ਤੱਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਹੋਣਗੇ, ਜਿਸ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ। ਇਹਨਾਂ ਤਿਆਰੀਆਂ ਦੇ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸਮਾਗਮ ਗੁਰਦੁਆਰਾ ਭੋਰਾ ਸਾਹਿਬ ਤੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹੋਣਗੇ ਅਤੇ ਇੱਥੇ ਰੰਗ ਰੋਗਨ ਅਤੇ ਨਵੀਨੀਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਨ੍ਹਾਂ ਨੇ ਦੱਸਿਆ ਕਿ ਗੁਰਦੁਆਰਾ ਭੋਰਾ ਸਾਹਿਬ ਤੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਰੰਗ ਤੇ ਨਵੀਨੀਕਰਨ ਦੀ ਸੇਵਾ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ ਸੰਤ ਬਾਬਾ ਸੁੱਚਾ ਸਿੰਘ ਅਤੇ ਬਾਬਾ ਸਤਨਾਮ ਸਿੰਘ ਜੀ ਵੱਲੋਂ ਕਰਵਾਈ ਜਾ ਰਹੀ ਹੈ।ਉਨ੍ਹਾਂ ਨੇ ਕਰਵਾਏ ਜਾਣ ਵਾਲੇ ਸਮਾਗਮਾਂ ਦੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਦਿਵਸ ਸਬੰਧੀ 21 ਨਵੰਬਰ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 23 ਨਵੰਬਰ ਨੂੰ ਪਾਏ ਜਾਣਗੇ, ਉਪਰੰਤ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ, 23 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 25 ਨਵੰਬਰ ਨੂੰ ਪਾਏ ਜਾਣਗੇ ਉਪਰੰਤ ਗੁਰਮਤ ਸਮਾਗਮ ਹੋਵੇਗਾ ਤੇ ਕਿ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹੀ 29 ਨਵੰਬਰ ਨੂੰ ਸੀਸ ਸਸਕਾਰ ਦਿਵਸ ਮਨਾਇਆ ਜਾਵੇਗਾ। ਇਹਨਾਂ ਸਮਾਗਮਾਂ ਦੌਰਾਨ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਤੇ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ, ਇਹਨਾਂ ਦਿਨਾਂ ਵਿੱਚ ਲਗਾਤਾਰ ਧਾਰਮਿਕ ਸਮਾਗਮ ਚਲਦੇ ਰਹਿਣਗੇ। ਉਹਨਾਂ ਨੇ ਕਿਹਾ ਕਿ ਇਹਨਾਂ ਸਮਾਗਮਾਂ ਦੇ ਵਿੱਚ ਸ਼ਾਮਿਲ ਹੋ ਰਹੀ ਸੰਗਤ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਿਹਾਇਸ਼, ਲੰਗਰਾਂ ਤੇ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਹਨਾਂ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਸਮਾਗਮਾਂ ਦੇ ਵਿੱਚ ਵੱਧ ਚੜ ਕੇ ਹਿੱਸਾ ਲੈਣ।

# ਸ੍ਰੀ ਨਨਕਾਣਾ ਸਾਹਿਬ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਜ਼ੋਰਾਂ 'ਤੇ

ਅੰਮ੍ਰਿਤਸਰ, 31 ਅਕਤੂਬਰ (ਚ.ਨ.ਸ.): ਪਾਕਿਸਤਾਨ ਸਥਿਤ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ 5 ਨਵੰਬਰ ਨੂੰ ਮਨਾਏ ਜਾ ਰਹੇ 556ਵੇਂ ਪ੍ਰਕਾਸ਼ ਪੁਰਬ ਸਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਬਾਹਰ ਰੰਗ ਬਿਰੰਗੀਆਂ ਲਾਈਟਾਂ ਤੇ ਲੇਜ਼ਰ ਰੋਸ਼ਨੀਆਂ ਨਾਲ ਦਿਲ ਖਿਚਵੀਂ ਸਜਾਵਟ ਕੀਤੀ ਜਾ ਰਹੀ ਹੈ। ਇਸ ਮੌਕੇ ਪੁਲਿਸ ਕਰਮਚਾਰੀਆਂ, ਰੇਂਜਰਸ, ਫੌਜ ਦੇ ਨਾਲ ਨਾਲ ਸਧਾਰਨ ਕੱਪੜਿਆਂ 'ਚ ਸੁਰੱਖਿਆ ਤੇ ਖੁਫੀਆ ਏਜੰਸੀਆਂ ਦੇ ਲੋਕਾਂ ਸਮੇਤ ਵਿਸ਼ੇਸ਼ ਬਲਾਂ ਦੀਆਂ ਕੁਝ ਕੰਪਨੀਆਂ ਵੀ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਤੇ ਸੀਸੀਟੀਵੀ ਕੈਮਰੇ ਤੇ ਮੈਟਲ ਡਿਟੈਕਟਰ ਵੀ ਲਗਾਏ ਜਾ ਰਹੇ ਹਨ। 3,4 ਤੇ 5 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਸ਼ਹਿਰ ਦੇ ਸਾਰੇ ਵਿਦਿਅਕ ਅਦਾਰੇ ਵੀ ਬੰਦ ਰਹਿਣਗੇ। ਇਸਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਦੇ ਸਥਾਨਕ ਗੁਰਦੁਆਰਿਆਂ ਦੇ ਆਸਪਾਸ ਮੀਟ ਤੇ ਨਸ਼ੀਲੇ ਪਦਾਰਥਾਂ ਦੀਆਂ ਦੁਕਾਨਾਂ ਵੀ ਬੰਦ ਰਹਿਣਗੀਆਂ। ਘੱਟ ਗਿਣਤੀ ਮਾਮਲਿਆਂ ਬਾਰੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪ੍ਰਕਾਸ਼ ਪੁਰਬ ਸਮਾਗਮ 4 ਤੋਂ 13 ਨਵੰਬਰ ਤਕ ਜਾਰੀ ਰਹਿਣਗੇ, ਜਦੋਂ ਕਿ ਮੁੱਖ ਸਮਾਗਮ 5 ਨਵੰਬਰ ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਵੇਗਾ। ਉਪਰੰਤ 6 ਨਵੰਬਰ ਨੂੰ ਭਾਰਤੀ ਸਿੱਖ ਜੱਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਲਈ ਰਵਾਨਾ ਕੀਤਾ ਜਾਵੇਗਾ, ਜੋ ਕਿ ਰਸਤੇ 'ਚ ਗੁਰਦੁਆਰਾ ਸ੍ਰੀ ਸੱਚਾ ਸੌਦਾ ਫਾਰੂਖਾਬਾਦ ,8 ਨਵੰਬਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, 10 ਨਵੰਬਰ ਨੂੰ ਏਮਨਾਬਾਦ ਵਿਚਲੇ ਇਤਿਹਾਸਕ ਗੁਰਦੁਆਰਿਆਂ, 11 ਨਵੰਬਰ ਨੂੰ ਲਾਹੌਰ 'ਚ ਗੁਰਦੁਆਰਾ ਡੇਰਾ ਸਾਹਿਬ ਤੇ ਹੋਰਨਾਂ ਗੁਰਦੁਆਰਿਆਂ ਦੇ ਦਰਸ਼ਨ ਕਰਨਗੇ।

# ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਗੈਰ-ਪ੍ਰਵਾਸੀ ਕਾਮਿਆਂ ਲਈ ਬਦਲੇ ਵਰਕ ਪਰਮਿਟ ਦੇ ਨਿਯਮ



ਵਾਸ਼ਿੰਗਟਨ, 31 ਅਕਤੂਬਰ (ਚ.ਨ.ਸ.): ਅਮਰੀਕਾ 'ਚ ਲੱਖਾਂ ਭਾਰਤੀਆਂ ਦੀ ਨੌਕਰੀ 'ਤੇ ਖ਼ਤਰਾ ਮੰਡਰਾਉਣ ਲੱਗਾ ਹੈ ਕਿਉਂਕਿ ਟਰੰਪ ਪ੍ਰਸ਼ਾਸਨ ਨੇ ਵਰਕ ਪਰਮਿਟ ਦੇ ਨਿਯਮ ਬਦਲ ਦਿੱਤੇ ਹਨ। ਸਰਕਾਰ ਨੇ ਵਿਦੇਸ਼ੀ ਗੈਰ-ਪ੍ਰਵਾਸੀ ਕਾਮਿਆਂ ਲਈ ਵਰਕ ਪਰਮਿਟ ਦੇ ਆਪਣੇ-ਆਪ ਵਿਸਥਾਰ ਨੂੰ ਖ਼ਤਮ ਕਰ ਦਿੱਤਾ ਹੈ।ਨਵੇਂ ਐਚ-1ਬੀ ਵੀਜ਼ੇ 'ਤੇ ਇਕ ਲੱਖ ਡਾਲਰ ਫੀਸ ਲਗਾਏ ਜਾਣ ਤੋਂ ਬਾਅਦ ਇਹ ਨਵਾਂ ਕਦਮ ਚੁੱਕਿਆ ਗਿਆ ਹੈ।ਵਰਕ ਪਰਮਿਟ ਨਿਯਮ 'ਚ ਇਸ ਤਬਦੀਲੀ ਨਾਲ ਭਾਰਤੀਆਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ਮੁਤਾਬਕ, 2022 ਤੱਕ ਅਮਰੀਕਾ 'ਚ ਲਗਭਗ 48 ਲੱਖ ਭਾਰਤੀ ਅਮਰੀਕੀ ਰਹਿੰਦੇ ਸਨ।ਇਨ੍ਹਾਂ 'ਚ 66 ਫ਼ੀਸਦੀ ਭਾਰਤੀ ਅਮਰੀਕੀ ਪਰਵਾਸੀ ਹਨ, ਜਦਕਿ 34 ਫ਼ੀਸਦੀ ਅਮਰੀਕਾ 'ਚ ਜਨਮੇ ਹਨ।ਅਮਰੀਕੀ ਨਾਗਰਿਕਤਾ ਤੇ ਇਮੀਗ੍ਰੇਸ਼ਨ ਸੇਵਾ (ਯੂਐਸਸੀਆਈਐਸ) ਦੇ ਡਾਇਰੈਕਟਰ ਜੋਸਫ ਏਡਲੋ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਵਿਦੇਸ਼ੀਆਂ ਦੀ ਸਖ਼ਤ ਜਾਂਚ-ਪੜਤਾਲ 'ਤੇ ਨਵੇਂ ਸਿਰੇ ਤੋਂ ਜ਼ੋਰ ਦੇ ਰਿਹਾ ਹੈ ਤੇ ਪਿਛਲੀ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਨੂੰ ਖ਼ਤਮ ਕਰ ਰਿਹਾ ਹੈ, ਜਿਨ੍ਹਾਂ 'ਚ ਅਮਰੀਕੀਆਂ ਦੀ ਸੁਰੱਖਿਆ ਤੇ ਸਰਪ੍ਰਸਤੀ ਤੋਂ ਜ਼ਿਆਦਾ ਵਿਦੇਸ਼ੀਆਂ ਦੀ ਸਹੂਲਤ ਨੂੰ ਤਰਜੀਹ ਦਿੱਤੀ ਜਾਂਦੀ ਸੀ।ਉਨ੍ਹਾਂ ਨੇ ਕਿਹਾ ਕਿ ਕਿਸੇ ਵਿਦੇਸ਼ੀ ਨੂੰ ਰੁਜ਼ਗਾਰ ਅਧਿਕਾਰ ਜਾਂ ਦਸਤਾਵੇਜ਼ਾਂ ਦਾ ਸਮਾਂ ਵਧਾਉਣ ਤੋਂ ਪਹਿਲਾਂ ਵਾਜਬ ਜਾਂਚ-ਪੜਤਾਲ ਯਕੀਨੀ ਬਣਾਉਣਾ ਇਕ ਵਿਵਹਾਰਕ ਉਪਾਅ ਹੈ।ਸਾਰੇ ਵਿਦੇਸ਼ੀਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਮਰੀਕਾ 'ਚ ਕੰਮ ਕਰਨਾ ਇਕ ਵਿਸ਼ੇਸ਼ ਅਧਿਕਾਰ ਹੈ, ਅਧਿਕਾਰ ਨਹੀਂ।" ਟਰੰਪ ਪ੍ਰਸ਼ਾਸਨ ਨੇ ਸਾਬਕਾ ਰਾਸ਼ਟਰਪਤੀ ਜੋ ਬਾਇਡਨ ਦੇ ਸ਼ਾਸਨ ਦੇ ਇਕ ਨੀਤੀਗਤ ਫ਼ੈਸਲੇ ਨੂੰ ਵਾਪਸ ਲੈਂਦੇ ਹੋਏ ਰੁਟ ਵਰਕ ਪਰਮਿਟ ਦੇ ਵਿਸਥਾਰ ਦੀ ਮੰਗ ਕਰਨ ਵਾਲੇ ਵਿਦੇਸ਼ੀ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਲਈ ਪੁਨਰ-ਮੁਲਾਂਕਣ ਜ਼ਰੂਰੀ ਕਰ ਦਿੱਤਾ ਹੈ। ਕੁਝ ਵਰਗਾਂ ਦੇ ਵਿਦੇਸ਼ੀ ਕਾਮਿਆਂ ਲਈ ਰੁਜ਼ਗਾਰ ਅਧਿਕਾਰ ਦਸਤਾਵੇਜ਼ (ਈਏਡੀ) ਦੀ ਜਾਇਜ਼ਤਾ ਨੂੰ ਆਪਣੇ ਆਪ ਵਧਾਉਣ ਦੀ ਰਵਾਇਤ ਨੂੰ ਖ਼ਤਮ ਕਰਨ ਵਾਲੇ ਨਵੇਂ ਨਿਯਮ ਵੀਰਵਾਰ ਤੋਂ ਲਾਗੂ ਹੋ ਗਏ। ਗ੍ਰਹਿ ਸੁਰੱਖਿਆ ਵਿਭਾਗ ਨੇ ਵੀਰਵਾਰ ਨੂੰ ਨਵੀਨੀਕਰਨ ਅਰਜ਼ੀਆਂ ਦਾਖ਼ਲ ਕਰਨ ਵਾਲੇ ਵਿਦੇਸ਼ੀਆਂ ਲਈ ਈਏਡੀ ਦਾ ਸਮਾਂ ਆਪਣੇ-ਆਪ ਵਧਾਉਣ ਦੀ ਵਿਵਸਥਾ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ। ਵਿਭਾਗ ਨੇ ਕਿਹਾ ਕਿ ਇਸ ਕਦਮ ਦਾ ਟੀਚਾ ਵਿਦੇਸ਼ੀਆਂ ਦੇ ਰੁਜ਼ਗਾਰ ਅਧਿਕਾਰ ਦੀ ਜਾਇਜ਼ਤਾ ਵਧਾਉਣ ਤੋਂ ਪਹਿਲਾਂ ਉਨ੍ਹਾਂ ਦੀ ਵਾਜਬ ਜਾਂਚ-ਪੜਤਾਲ ਕਰਨਾ ਹੈ।

# 'ਵੋਟ ਚੋਰ ਗੱਦੀ ਛੋੜ' ਮੁਹਿੰਮ ਤਹਿਤ ਬਲਾਕ ਪ੍ਰਧਾਨ ਜਗਵੀਰ ਸਲਾਣਾ ਨੂੰ ਸੌਂਪੇ ਫ਼ਾਰਮ



ਅਮਲੋਹ, 31 ਅਕਤੂਬਰ (ਜਸਵੰਤ ਸਿੰਘ): 'ਵੋਟ ਚੋਰ ਗੱਦੀ ਛੋੜ' ਮੁਹਿੰਮ ਨੂੰ ਪਿੰਡਾਂ ਤੇ ਸ਼ਹਿਰਾਂ 'ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਗੱਲ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ ਨੇ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਵਲੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਚ ਜਮ੍ਹਾਂ ਕਰਵਾਉਣ ਉਪਰੰਤ ਕਹੀ। ਉਨ੍ਹਾਂ ਦੱਸਿਆ ਕਿ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਵਿੱਚ ਚਲਾਈ 'ਵੋਟ ਚੋਰ ਗੱਦੀ ਛੋੜ' ਮੁਹਿੰਮ ਅਧੀਨ ਹਲਕਾ ਅਮਲੋਹ ਵੱਲੋਂ ਕਾਂਗਰਸ ਕਮੇਟੀ ਦਫ਼ਤਰ ਚੰਡੀਗੜ੍ਹ ਵਿਖੇ ਦੂਜੀ ਵਾਰ ਫ਼ਿਰ 10 ਹਜ਼ਾਰ ਫਾਰਮ ਭਰ ਕੇ ਜਮ੍ਹਾਂ ਕਰਵਾਏ ਗਏ ਹਨ। ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਕਾਰਜਕਾਰੀ ਪ੍ਰਧਾਨ ਅਰਵਿੰਦ ਸਿੰਗਲਾ, ਰਣਜੀਤ ਸਿੰਘ ਅੰਬੇਮਾਜਰਾ, ਗੁਰਬਚਨ ਸਿੰਘ ਕਾਹਨਪੁਰਾ, ਲਵਪ੍ਰੀਤ ਸਿੰਘ ਭੱਟੀ ਕਾਹਨਪੁਰਾ, ਵਿਨੋ ਸ਼ਰਮਾ, ਕਮਲਜੀਤ ਸੋਮਾ ਜੱਸੜਾਂ, ਨਵਜੀਤ ਸਿੱਧੂ, ਲਵਪ੍ਰੀਤ ਕਾਹਨਪੁਰਾ ਯੂਥ ਪ੍ਰਧਾਨ ਅਤੇ ਅਮਲੋਹ ਦਫਤਰ ਇੰਚਾਰਜ ਮਨਪ੍ਰੀਤ ਸਿੰਘ ਮਿੰਟਾ ਆਦਿ ਮੌਜੂਦ ਸਨ। ਇਹ ਵੀ ਦੱਸਣਯੋਗ ਹੈ ਕਿ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਰਹਿਨੁਮਾਈ ਹੇਠ ਹਲਕਾ ਅਮਲੋਹ ਵੱਲੋਂ 20 ਹਜ਼ਾਰ ਫ਼ਾਰਮ ਜਮ੍ਹਾਂ ਕਰਵਾਏ ਗਏ ਹਨ।

# ਮਹਿਲਾ ਅੱਤਵਾਦੀਆਂ ਦੀ ਵੱਖਰੀ ਜਮਾਤ ਬਣਾਈ ਜੈਸ਼ ਪ੍ਰਮੁੱਖ ਨੇ

ਅੰਮ੍ਰਿਤਸਰ, 31 ਅਕਤੂਬਰ (ਚ.ਨ.ਸ): ਅੱਤਵਾਦੀ ਸਮੂਹ ਜੈਸ਼-ਏ-ਮੁਹੰਮਦ ਦੇ ਪ੍ਰਮੁੱਖ ਮੌਲਾਨਾ ਮਸੂਦ ਅਜ਼ਹਰ ਨੇ ਮਹਿਲਾ ਅੱਤਵਾਦੀਆਂ ਦੀ ਇਕ ਵੱਖਰੀ ਬ੍ਰਿਗੇਡ ਬਣਾਈ ਹੈ, ਜਿਸ ਦਾ ਨਾਂਅ 'ਜਮਾਤ-ਉਲ-ਮੋਮਿਨਤ' ਰੱਖਿਆ ਗਿਆ ਹੈ। ਇਸ ਨਵੀਂ ਬਣੀ ਮਹਿਲਾ ਅੱਤਵਾਦੀ ਬ੍ਰਿਗੇਡ ਨੂੰ ਉਸ ਨੇ ਗਲੋਬਲ ਜਿਹਾਦ ਦੀ ਅਪੀਲ ਕੀਤੀ ਹੈ। ਲਹਿੰਦੇ ਪੰਜਾਬ ਦੇ ਬਹਾਵਲਪੁਰ ਸ਼ਹਿਰ ਦੇ ਮਰਕਜ਼ ਉਸਮਾਨ-ਓ-ਅਲੀ ਵਿਖੇ ਹਾਲ ਹੀ 'ਚ ਦਿੱਤੇ ਭਾਸ਼ਣ 'ਚ ਮਸੂਦ ਅਜ਼ਹਰ ਨੇ ਨਵੇਂ ਮਹਿਲਾ ਵਿੰਗ ਦੀ ਸਿਖਲਾਈ ਅਤੇ ਤਾਇਨਾਤੀ ਦੇ ਵੇਰਵੇ ਸਾਂਝੇ ਕੀਤੇ। ਇਸ ਬਾਰੇ ਉਸਨੇ 21 ਮਿੰਟ ਦਾ ਇਕ ਆਡੀਓ ਕਲਿੱਪ ਵੀ ਜਾਰੀ ਕੀਤਾ। ਭਾਰਤੀ ਸੰਸਦ 'ਤੇ ਹੋਏ ਹਮਲੇ ਦੇ ਸਾਜ਼ਿਸ਼ਕਾਰ ਮਸੂਦ ਅਜ਼ਹਰ ਪਠਾਨਕੋਟ, ਅਯੁੱਧਿਆ 'ਚ ਰਾਮ ਜਨਮ ਭੂਮੀ, ਪੁਲਵਾਮਾ 'ਚ ਸੀ.ਆਰ.ਪੀ.ਐਫ. ਜਵਾਨਾਂ ਸਮੇਤ ਭਾਰਤ 'ਚ ਹੋਏ ਵੱਖ ਵੱਖ ਅੱਤਵਾਦੀ ਹਮਲਿਆਂ ਦੀ ਯੋਜਨਾ 'ਚ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਉਹ ਉੜੀ ਹਮਲੇ ਅਤੇ ਅਫ਼ਗਾਨਿਸਤਾਨ ਦੇ ਮਜ਼ਾਰ ਏ ਸ਼ਰੀਫ 'ਚ ਭਾਰਤੀ ਕੌਂਸਲੇਟ 'ਤੇ ਹੋਏ ਹਮਲੇ ਲਈ ਜ਼ਿੰਮੇਵਾਰ ਹੈ।ਆਪਣੇ ਸੰਬੋਧਨ 'ਚ ਮਸੂਦ ਅਜ਼ਹਰ ਨੇ ਕਿਹਾ ਕਿ ਜੈਸ਼ ਦੇ ਪੁਰਸ਼ ਮੁਜਾਹਦੀਨ ਮਹਿਲਾ ਵਿੰਗ ਦੇ ਨਾਲ ਖੜ੍ਹੇ ਹੋਣਗੇ, ਜੋ ਦੁਨੀਆ ਭਰ 'ਚ ਇਸਲਾਮ ਫੈਲਾਉਣ ਲਈ ਕੰਮ ਕਰਨਗੇ। ਉਸਨੇ ਮਹਿਲਾ ਅੱਤਵਾਦੀਆਂ ਲਈ ਇਕ ਨਵਾਂ ਸਿਖਲਾਈ ਕੋਰਸ ਦੌਰਾ-ਏ- ਤਸਕੀਆ' ਵੀ ਸ਼ੁਰੂ ਕਰਨ ਦਾ ਐਲਾਨ ਕੀਤਾ। ਉਸਨੇ ਕਿਹਾ ਕਿ ਪਹਿਲੇ ਪੜਾਅ ਨੂੰ ਪੂਰਾ ਕਰਨ ਵਾਲੀਆਂ ਔਰਤਾਂ ਦੂਜੇ ਪੜਾਅ 'ਦੌਰਾ ਆਯਤ-ਉਲ-ਨਿਸਾ' ਚ ਜਾਣਗੀਆਂ, ਜਿਥੇ ਉਨ੍ਹਾਂ ਨੂੰ ਸਿਖਾਇਆ ਜਾਵੇਗਾ ਕਿ ਇਸਲਾਮੀ ਗ੍ਰੰਥ ਔਰਤਾਂ ਨੂੰ ਜਿਹਾਦ ਕਰਨ ਦਾ ਹੁਕਮ ਕਿਵੇਂ ਦਿੰਦੇ ਹਨ। ਉਸਨੇ ਇਹ ਵੀ ਐਲਾਨ ਕੀਤਾ ਕਿ ਜੈਸ਼ ਦੀ ਮਹਿਲਾ ਬ੍ਰਿਗੇਡ ਜਮਾਤ-ਉਲ-ਮੋਮਿਨਤ ਦੀਆਂ ਸ਼ਾਖਾਵਾਂ ਪਾਕਿ ਦੇ ਹਰ ਜ਼ਿਲ੍ਹੇ 'ਚ ਸਥਾਪਤ ਕੀਤੀਆਂ ਜਾਣਗੀਆਂ। ਇਨ੍ਹਾਂ ਦੀ ਅਗਵਾਈ ਅਤੇ ਔਰਤਾਂ ਦੀ ਭਰਤੀ ਦੀ ਨਿਗਰਾਨੀ ਜ਼ਿਲ੍ਹਾ ਮੁਤੰਜ਼ੀਮਾ ਕਰੇਗੀ। ਉਕਤ ਤੋਂ ਇਲਾਵਾ 8 ਨਵੰਬਰ ਤੋਂ ਸ਼ੁਰੂ ਹੋਣ ਵਾਲੇ ਇਸ ਕੋਰਸ 'ਚ ਰੋਜ਼ਾਨਾ 40 ਮਿੰਟ ਦੀਆਂ ਆਨਲਾਈਨ ਕਲਾਸਾਂ ਵੀ ਸ਼ਾਮਲ ਹੋਣਗੀਆਂ। ਇਹ ਕਲਾਸਾਂ ਮਸੂਦ ਅਜ਼ਹਰ ਦੀਆਂ ਭੈਣਾਂ ਸਾਦੀਆ ਅਜ਼ਹਰ ਅਤੇ ਸਮਾਇਰਾ ਅਜ਼ਹਰ ਦੁਆਰਾ ਚਲਾਈਆਂ ਜਾਣਗੀਆਂ। ਇਸ ਕੋਰਸ ਲਈ ਹਰ ਔਰਤ ਤੋਂ 500 ਪਾਕਿਸਤਾਨੀ ਰੁਪਏ ਲਏ ਜਾਣਗੇ।

# ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਆੜ੍ਹਤੀਏ ਨੇ ਕਿਸਾਨ ਮਾਂ-ਪੁੱਤ ਨੂੰ ਜੰਜ਼ੀਰਾਂ ਨਾਲ ਬੰਨ੍ਹਿਆ

ਗਿੱਦੜਬਾਹਾ/ਦੋਦਾ (ਮੁਕਤਸਰ), 31 ਅਕਤੂਬਰ (ਚ.ਨ.ਸ): ਗਿੱਦੜਬਾਹਾ ਦੇ ਪਿੰਡ ਮਧੀਰ 'ਚ ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੀ ਇਕ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਰਹੀ ਹੈ।ਵੀਡੀਓ 'ਚ ਮਾਂ-ਪੁੱਤ ਨੂੰ ਜੰਜ਼ੀਰਾਂ ਨਾਲ ਬੰਨ੍ਹ ਰੱਖਿਆ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਮਾਮਲਾ ਸਾਹਮਣੇ ਆਇਆ ਤੇ ਪੁਲਿਸ ਪ੍ਰਸ਼ਾਸਨ ਹਰਕਤ 'ਚ ਆ ਗਿਆ। ਮੁੱਢਲੀ ਜਾਂਚ 'ਚ ਸਾਹਮਣੇ ਆਇਆ ਕਿ ਇਹ ਮਾਮਲਾ ਪੈਸੇ ਦੇ ਲੈਣ-ਦੇਣ ਨਾਲ ਸਬੰਧਤ ਹੈ।ਵੀਡੀਓ ਬਣਾਏ ਗਏ ਕਿਸਾਨ ਦਾ ਦੋਸ਼ ਹੈ ਕਿ ਮਧੀਰ ਪਿੰਡ ਦੇ ਇੱਕ ਆੜ੍ਹਤੀਏ ਵੱਲੋਂ ਉਸਨੂੰ ਤੇ ਉਸਦੀ ਮਾਂ ਨੂੰ ਪਹਿਲਾਂ ਕਈ ਦਿਨਾਂ ਤੱਕ ਆਪਣੇ ਪੋਲਟਰੀ ਫਾਰਮ 'ਚ ਬੰਧਕ ਬਣਾ ਕੇ ਰੱਖਿਆ।ਜਦੋਂ ਉਹ ਉੱਥੋਂ ਭੱਜ ਕੇ ਘਰ ਪਰਤੇ ਤਾਂ ਆੜ੍ਹਤੀਏ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਘਰ 'ਚ ਜੰਜ਼ੀਰਾਂ ਨਾਲ ਬੰਨ੍ਹ ਦਿੱਤਾ । ਥਾਣਾ ਕੋਟਭਾਈ ਪੁਲਿਸ ਨੇ ਵਾਇਰਲ ਵੀਡੀਓ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਮਾਂ ਤੇ ਪੁੱਤ ਦੀਆਂ ਜੰਜ਼ੀਰਾਂ ਖੋਲ੍ਹ ਦਿੱਤੀਆਂ ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਿਸਾਨ ਨਿਰਮਲ ਸਿੰਘ ਪੁੱਤਰ ਬਲਬੀਰ ਸਿੰਘ ਨੇ ਦੱਸਿਆ ਕਿ ਉਸਨੇ ਇਕ ਆੜ੍ਹਤੀਏ ਦਾ 45,000 ਰੁਪਏ ਦੇਣੇ ਹਨ । 13 ਅਕਤੂਬਰ ਨੂੰ ਉਹ ਉਸਨੂੰ ਤੇ ਉਸਦੀ ਮਾਂ ਨੂੰ ਜ਼ਬਰਦਸਤੀ ਲੈ ਗਿਆ ਤੇ ਆਪਣੇ ਪੋਲਟਰੀ ਫਾਰਮ 'ਚ ਬੰਦੀ ਬਣਾ ਕੇ ਰੱਖਿਆ।ਉਥੇ ਉਨ੍ਹਾਂ ਨੂੰ ਕੁੱਟਿਆ ਗਿਆ ਤੇ ਚੂਚਿਆਂ ਦਾ ਮਲ ਖੁਆਇਆ ਗਿਆ। ਉਹ ਕੁੱਲ ਉੱਥੋਂ ਭੱਜ ਕੇ ਘਰ ਆਏ ਤੇ ਆੜ੍ਹਤੀਆ ਉਨ੍ਹਾਂ ਦੇ ਘਰ ਵੀ ਪਹੁੰਚ ਗਿਆ।ਫਿਰ ਉਸ ਨੇ ਉਨ੍ਹਾਂ ਨੂੰ ਸੰਗਲਾਂ ਨਾਲ ਬੰਨ੍ਹ ਦਿੱਤਾ।ਉਸਨੇ ਦੱਸਿਆ ਕਿ ਸਾਡੇ ਪਿੰਡ ਦੀ ਪੰਚਾਇਤ ਨੇ ਸਾਨੂੰ ਛੁਡਵਾਇਆ।ਇਸ ਦੌਰਾਨ ਉਨ੍ਹਾਂ ਨੂੰ ਸੰਗਲਾਂ ਨਾਲ ਬੰਨ੍ਹੇ ਹੋਣ ਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਗਈ। ਇਸ ਮਾਮਲੇ ਸਬੰਧੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਸ਼ਿਕਾਇਤ ਦਰਜ ਕਰਵਾਈ ਗਈ ਹੈ।ਜਦੋਂ ਪੁਲਿਸ ਕੋਲ ਇਹ ਮਾਮਲਾ ਪੁੱਜਾ ਤਾਂ ਉਹ ਹਰਕਤ 'ਚ ਆਈ ਤੇ ਮਾਂ ਅਤੇ ਪੁੱਤ ਨੂੰ ਜੰਜ਼ੀਰਾਂ ਦੀ ਕੈਦ 'ਚੋਂ ਰਿਹਾਅ ਕਰਵਾਇਆ। ਥਾਣਾ ਕੋਟਭਾਈ ਦੇ ਇੰਚਾਰਜ ਜਸਵੀਰ ਸਿੰਘ ਨੇ ਦੱਸਿਆ ਕਿ ਵਾਇਰਲ ਵੀਡੀਓ ਦੇ ਆਧਾਰ 'ਤੇ ਪੁਲਿਸ ਟੀਮ ਪੀੜਤ ਦੇ ਘਰ ਪਹੁੰਚੀ ਤੇ ਪੀੜਤ ਕਿਸਾਨ ਅਤੇ ਉਸਦੀ ਮਾਂ ਨੂੰ ਸੰਗਲਾਂ ਨਾਲ ਬੰਨ੍ਹਿਆ ਹੋਇਆ ਪਾਇਆ ਗਿਆ, ਜਿਨ੍ਹਾਂ ਨੂੰ ਜੰਜ਼ੀਰਾਂ 'ਚੋਂ ਰਿਹਾਅ ਕੀਤਾ ਗਿਆ। ਕਿਸਾਨ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕਿਸਾਨ ਦੀ ਪਤਨੀ ਨੇ ਆਪਣੇ ਪਤੀ 'ਤੇ ਅਰੋਪ ਲਗਾਇਆ ਹੈ ਕਿ ਉਹ ਸ਼ਰਾਬ ਪੀਣ ਦਾ ਆਦੀ ਹੈ ਤੇ ਨਸ਼ੇ 'ਚ ਉਸਦੀ ਕੁੱਟਮਾਰ ਕਰਦਾ ਹੈ, ਜਿਸ ਕਾਰਨ ਉਸਨੂੰ ਜੰਜ਼ੀਰਾਂ ਨਾਲ ਬੰਨ੍ਹਿਆ ਗਿਆ ਸੀ।ਥਾਣਾ ਇੰਚਾਰਜ ਨੇ ਕਿਹਾ ਕਿ ਦੋਵਾਂ ਪਤੀ ਪਤਨੀ ਨੂੰ ਥਾਣੇ ਬੁਲਾ ਕੇ ਪੁੱਛਗਿੱਛ ਕੀਤੀ ਜਾਵੇਗੀ ਤੇ ਜੋ ਵੀ ਤੱਥ ਸਾਹਮਣੇ ਆਉਣਗੇ, ਉਸਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

### '350ਵੇਂ ਸ਼ਹੀਦੀ ਸਮਾਗਮਾਂ ਦੌਰਾਨ ਬਦਲੇਗੀ ਸ੍ਰੀ ਅਨੰਦਪੁਰ ਸਾਹਿਬ ਦੀ ਨੁਹਾਰ'

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਮੁੜ ਲੱਗੀਆਂ 24 ਨਵੀਆਂ ਬਲਿੰਕਰ ਲਾਈਟਾਂ

ਸ੍ਰੀ ਅਨੰਦਪੁਰ ਸਾਹਿਬ, 31 ਅਕਤੂਬਰ (ਤਰਲੋਚਨ ਸਿੰਘ): ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਯਤਨਾਂ ਨਾਲ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਦੀ ਨੁਹਾਰ ਬਦਲਣੀ ਸ਼ੁਰੂ ਹੋ ਗਈ ਹੈ । 1999 ਵਿੱਚ ਸੜਕ ਹਾਦਸਿਆਂ ਨੂੰ ਰੋਕਣ ਲਈ ਮੁੱਖ ਚੌਕਾਂ 'ਤੇ ਬਲਿੰਕਰ ਲਾਈਟਾਂ ਜੋ ਦੋ ਦਹਾਕਿਆਂ ਤੋਂ ਬੰਦ ਪਈਆਂ ਹਨ, ਉਨ੍ਹਾਂ ਦੀ ਥਾਂ ਨਵੀਆਂ 24 ਬਲਿੰਕਰ ਲਾਈਟਾਂ ਲਗਭਗ 10 ਲੱਖ ਰੁਪਏ ਦੀ ਲਾਗਤ ਨਾਲ ਲਗਾਈਆਂ ਜਾ ਰਹੀਆਂ ਹਨ। ਇਹ ਲਾਈਟਾਂ ਸੜਕ ਹਾਦਸਿਆਂ ਨੂੰ ਰੋਕਣ ਵਿੱਚ ਬਹੁਤ ਕਾਰਗਰ ਸਿੱਧ ਹੋਣਗੀਆਂ। ਲੋਕ ਨਿਰਮਾਣ ਵਿਭਾਗ ਇਲੈਕਟ੍ਰੀਕਲ ਵਿੰਗ ਦੇ ਉਪ ਮੰਡਲ ਅਫਸਰ ਅਨੰਦ ਸੈਣੀ ਨੇ ਦੱਸਿਆ ਕਿ ਇਨ੍ਹਾਂ ਲਾਈਟਾਂ ਨਾਲ ਧੁੰਦ, ਗਹਿਰੇ ਹਨੇਰੇ ਅਤੇ ਵਧੇਰੇ ਪ੍ਰਦੂਸ਼ਣ ਦੌਰਾਨ ਵਾਹਨ ਚਾਲਕਾਂ ਨੂੰ ਦੂਰ ਤੋਂ ਹੀ ਸੂਚਕ ਸੰਦੇਸ਼ ਨਜ਼ਰ ਆ ਜਾਂਦੇ ਹਨ ਅਤੇ ਹਾਦਸਿਆਂ ਨੂੰ ਬਹੁਤ ਹੱਦ ਤੱਕ ਟਾਲਿਆ ਜਾ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਸ਼ਹਿਰ ਦੇ ਆਲੇ ਦੁਆਲੇ ਮੁੱਖ ਚੌਕਾਂ ਵਿੱਚ ਇਹ ਆਧੁਨਿਕ ਲਾਈਟਾਂ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਜੋ ਰਾਹਗੀਰਾਂ ਲਈ ਵੱਡੀ ਰਾਹਤ ਹੈ। ਵਾਹਨ ਚਾਲਕਾਂ ਨੂੰ ਇਸ ਦੇ ਨਾਲ ਸੁਰੱਖਿਅਤ ਵਾਹਨ ਚਲਾਉਣ ਦੀ ਸਹੂਲਤ ਮਿਲੇਗੀ। ਉਨ੍ਹਾਂ ਨੇ ਦੱਸਿਆ ਕਿ ਇਹ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਤੋਂ ਪਹਿਲਾਂ ਇਹ ਕੰਮ ਮੁਕੰਮਲ ਕਰ ਲਿਆ ਜਾਵੇਗਾ।ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਕਮਿੱਕਰ ਸਿੰਘ ਡਾਢੀ ਹਲਕਾ ਕੋਆਰਡੀਨੇਟਰ, ਜਸਪ੍ਰੀਤ ਸਿੰਘ ਜੇ.ਪੀ, ਦੀਪਕ ਆਗਰਾਂ ਪ੍ਰਧਾਨ ਵਪਾਰ ਮੰਡਲ ਸੱਮੀ ਬਰਾਰੀ ਬਲਾਕ ਪ੍ਰਧਾਨ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਅਨੁਰਾਗ ਸ਼ਰਮਾ, ਬੀਟੀ ਸਿੱਧੂ, ਤੇ ਪਾਰਟੀ ਵਰਕਰਾਂ ਨੇ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਦੀ ਇਸ ਪਹਿਲ ਕਦਮੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।



# ਗੋਪ ਅਸ਼ਟਮੀ ਦਾ ਦਿਹਾੜਾ ਗਊਸ਼ਾਲਾ 'ਚ ਧੂਮ-ਧਾਮ ਨਾਲ ਮਨਾਇਆ



ਅਮਲੋਹ, 31 ਅਕਤੂਬਰ (ਜਸਵੰਤ ਸਿੰਘ): ਗਊ ਸ਼ਾਲਾ ਕਮੇਟੀ ਅਮਲੋਹ ਤੇ ਗਊ ਸੇਵਾ ਸਮਿਤੀ ਅਮਲੋਹ ਵੱਲੋਂ ਸਾਂਝੇ ਤੌਰ 'ਤੇ 'ਗੋਪ ਅਸ਼ਟਮੀ' ਦਾ ਦਿਹਾੜਾ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰ ਦੇ ਪਤਵੰਤਿਆਂ ਨੇ ਸ਼ਿਰਕਤ ਕੀਤੀ ਤੇ ਗਊ ਪੂਜਾ ਦੀ ਰਸਮ ਵਿਚ ਹਿੱਸਾ ਲਿਆ। ਸਮਾਗਮ ਵਿਚ ਸਵਾਮੀ ਸੱਚਨਾ ਨੰਦ ਜੀ ਮਹਾਰਾਜ ਗੌਂਸੀ ਦੀ ਖੂਹੀ ਖੰਨਾ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਕਿ ਗਊ ਸੇਵਾ ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ, ਸਰਪਰਸਤ ਪ੍ਰੇਮ ਚੰਦ ਸ਼ਰਮਾ, ਗਊਸ਼ਾਲਾ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ ਦੀ ਅਗਵਾਈ ਹੇਠ ਗਊਸ਼ਾਲਾ ਵਿਚ ਹਰ ਮਹੀਨੇ ਦੀ ਪੂਰਨਮਾਸ਼ੀ ਤੇ ਮੱਸਿਆ ਨੂੰ ਗਊ ਪੂਜਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਗਊ ਪੂਜਾ ਸਭ ਤੋਂ ਉਤਮ ਪੂਜਾ ਹੈ, ਜਿਸ ਵਿਚ ਸਾਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਗਊ ਮਾਤਾ ਲਈ ਬਣਾਏ 'ਹਰੇ ਚਾਰੇ ਦਾ ਕੇਕ' ਵੀ ਕੱਟਿਆ। ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਪੰਡਤ ਰਵਿੰਦਰ ਰਵੀ ਨੇ ਮੰਤਰਾਂ ਦਾ ਉਚਾਰਣ ਕੀਤਾ। ਸ਼ਾਮ ਸਮੇਂ ਸ੍ਰੀ ਸੀਤਲਾ ਮਾਤਾ ਮੰਦਰ ਕਮੇਟੀ ਦੀ ਸੰਕੀਰਤਨ ਮੰਡਲੀ ਵਲੋਂ ਭੇਟਾਂ ਦਾ ਗੁਣਗਾਣ ਕੀਤਾ ਗਿਆ, ਜਿਸ ਵਿਚ ਦੰਦਾਂ ਦੀ ਮਾਹਰ ਡਾ. ਰੁਪਲ ਸੂਦ ਗੋਲਡ ਮੈਡਲਿਸਟ ਸਮੇਤ ਵੱਡੀ ਗਿਣਤੀ ਵਿਚ ਔਰਤਾਂ ਨੇ ਹਿੱਸਾ ਲਿਆ। ਗਊ ਪੂਜਾ ਸਮਾਗਮ ਵਿਚ ਰਿਟਾ. ਮੈਨੇਜਰ ਭੂਸ਼ਨ ਸ਼ਰਮਾ, ਇੰਦਰ ਮੋਹਨ ਸੂਦ, ਬੱਬੂ ਰਾਣਾ, ਸ਼ਾਮ ਲਾਲ ਗਰਗ, ਭੂਸ਼ਨ ਗਰਗ, ਸਮਿਤੀ ਦੇ ਸੀਨੀਅਰ ਮੀਤ ਪ੍ਰਧਾਨ ਸੰਜੀਵ ਧੀਰ, ਜੁਆਇੰਟ ਸਕੱਤਰ ਸੁੰਦਰ ਲਾਲ ਝੱਟਾ, ਹੈਪੀ ਧੀਰ, ਕਰਨ ਕੁਮਾਰ, ਜੁਗਲ ਕਿਸ਼ੋਰ, ਸੁਰਿੰਦਰ ਕੁਮਾਰ ਤੱਗੜ, ਸੁਸੀਲ ਸੀਲੂ, ਸ੍ਰੀ ਰਮੇਸ਼ਵਰ ਮੰਦਰ ਕਮੇਟੀਦੇ ਪ੍ਰਧਾਨ ਦਿਨੇਸ਼ ਗੋਇਲ, ਅਸ਼ਵਨੀ ਕੁਮਾਰ ਗਰਗ, ਚਮਨ ਲਾਲ, ਮਨੋਜ ਖੁੱਲਰ, ਅਸ਼ੋਕ ਧੰਮੀ, ਰਜਿੰਦਰ ਧੀਮਾਨ, ਮਾਨਵ ਭਲਾਈ ਮੰਚ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਸੀਤਲਾ ਮਾਤਾ ਮੰਦਰ ਕਮੇਟੀ ਦੇ ਚੇਅਰਮੈਨ ਵਿਨੇ ਪੁਰੀ, ਰਾਮ ਮੰਦਰ ਕਮੇਟੀ ਦੇ ਪ੍ਰਧਾਨ ਸੋਹਣ ਲਾਲ ਅਬਰੋਲ, ਰਾਮ ਮੰਦਰ ਟਰੱਸਟ ਦੇ ਚੇਅਰਮੈਨ ਰਾਜਪਾਲ ਗਰਗ, ਮਨੋਜ ਕੁਮਾਰ ਗੁਪਤਾ ਮੁਕਤਸਰ ਵਾਲੇ, ਜਸਵੀਰ ਸਿੰਘ ਬੰਬੇ ਡਾਇੰਗ, ਐਡਵੋਕੇਟ ਮਯੰਕ ਸ਼ਰਮਾ, ਪੰਡਤ ਰਵਿੰਦਰ ਰਵੀ, ਪੰਡਤ ਦੀਪਕ ਸ਼ਰਮਾ, ਸੁਰਿੰਦਰ ਜਿੰਦਲ, ਮਦਨ ਮੋਹਨ ਅਬਰੋਲ, ਵਿਨੋਦ ਅਬਰੋਲ, ਵਿਕੀ ਗੋਇਲ, ਨਰੇਸ਼ ਖੁੱਲਰ, ਵਿਵੇਕ ਕੁਮਾਰ ਗਰਗ ਤੇ ਪੰਡਤ ਰੌਸ਼ਨ ਲਾਲ ਨੇ ਸ਼ਿਰਕਤ ਕੀਤੀ।

# ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ 'ਚ ਰੈਗਿੰਗ ਵਿਰੋਧੀ ਪ੍ਰੋਗਰਾਮ ਕਰਵਾਇਆ



ਮੰਡੀ ਗੋਬਿੰਦਗੜ੍ਹ, 31 ਅਕਤੂਬਰ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਮੰਡੀ ਗੋਬਿੰਦਗੜ੍ਹ ਨੇ ਵਿਦਿਆਰਥੀਆਂ ਨੂੰ ਸੁਰੱਖਿਅਤ ਤੇ ਸਤਿਕਾਰਯੋਗ ਕੈਂਪਸ ਜੀਵਨ ਨੂੰ ਯਕੀਨੀ ਤੇ ਸੰਵੇਦਨਸ਼ੀਲ ਬਣਾਉਣ ਲਈ ਐਂਟੀ-ਰੈਗਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਵਿੱਚ ਕੰਜ਼ਰਵੇਟਿਵ ਡੈਂਟਿਸਟਰੀ ਤੇ ਐਂਡੋਡੋਂਟਿਕਸ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਸੁਨੀਲ ਮਲੱਹਨ ਤੇ ਡੈਂਟਲ ਕੌਂਸਲ ਆਫ਼ ਇੰਡੀਆ ਦੇ ਮੈਂਬਰ ਦੀ ਮੌਜੂਦਗੀ ਵਿਚ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਦੇ ਪ੍ਰਿੰਸੀਪਲ ਡਾ. ਵਿਕਰਮ ਬਾਲੀ ਵਲੋਂ ਮਹਿਮਾਨਾਂ ਦੇ ਸਵਾਗਤ ਤੇ ਸਨਮਾਨ ਨਾਲ ਕੀਤੀ ਗਈ। ਡਾ. ਬਾਲੀ ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਤੇ ਸੰਸਥਾ ਦੇ ਰੈਗਿੰਗ ਵਿਰੋਧੀ ਯਤਨਾਂ ਤੇ ਐਂਟੀ-ਰੈਗਿੰਗ ਕਮੇਟੀ ਦੇ ਕੰਮਕਾਜ ਬਾਰੇ ਵਿਚਾਰ ਪੇਸ਼ ਕੀਤੇ। ਡਾ. ਸੁਨੀਲ ਮਲਹਨ ਨੇ ਰੈਗਿੰਗ ਦੇ ਸਿਧਾਂਤ, ਇਸਦੇ ਨਕਾਰਾਤਮਕ ਨਤੀਜਿਆਂ, ਇਸ ਵਿੱਚ ਸ਼ਾਮਲ ਕਾਨੂੰਨੀ ਤੇ ਨੈਤਿਕ ਪ੍ਰਭਾਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਦੂਜੇ ਪ੍ਰਤੀ ਸਤਿਕਾਰ ਦੀ ਸੰਸਕ੍ਰਿਤੀ ਵਿਕਸਤ ਕਰਨ ਤੇ ਕੈਂਪਸ ਵਿੱਚ ਰੈਗਿੰਗ ਨੂੰ ਸਰਗਰਮੀ ਨਾਲ ਰੋਕਣ ਦੀ ਅਪੀਲ ਕੀਤੀ। ਡਾ. ਵਿਕਰਮ ਬਾਲੀ ਨੇ ਧੰਨਵਾਦ ਕੀਤਾ।

# ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਮਨੋਰੰਜਕ ਖੇਡਾਂ ਕਰਵਾਈਆਂ



ਜੈਤੋ, 31 ਅਕਤੂਬਰ (ਸੰਜੀਵ ਗੋਇਲ ਸੰਜੂ): ਖੇਡਾਂ ਦੇ ਖੇਤਰ ਵਿੱਚ ਮਨੋਰੰਜਕ ਖੇਡਾਂ ਮਨੋਰੰਜਨ ਅਤੇ ਆਨੰਦ ਦੁਆਰਾ ਸਰੀਰਕ ਤੰਦਰੁਸਤੀ ਅਤੇ ਹੁਨਰ ਨੂੰ ਵਿਕਸਤ ਕਰਨ ਦਾ ਇੱਕ ਤਰੀਕਾ ਹੈ। ਮਨੋਰੰਜਕ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਸਿਲਵਰ ਓਕਸ ਸਕੂਲ, ਸੇਵੇਵਾਲਾ ਵਿਖੇ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ, ਇਸ ਵਿੱਚ ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮਨੋਰੰਜਕ ਖੇਡਾਂ ਦਾ ਸਭ ਤੋਂ ਮਹੱਤਵਪੂਰਨ ਉਦੇਸ਼ ਮਨੋਰੰਜਨ ਅਤੇ ਅਨੰਦ ਲਈ ਖੇਡਣਾ ਹੈ।ਇਸ ਮੁਕਾਬਲੇ ਨੂੰ ਲੈ ਕੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਦੌਰਾਨ ਨਰਸਰੀ ਦੇ ਬੱਚੇ ਨੇ ਗੇਂਦ ਨੂੰ ਚੁੱਕੋ ਤੇ ਭੱਜੋ, ਐਲ ਕੇ ਜੀ ਦੇ ਬੱਚਿਆਂ ਨੇ ਬੈਗ ਚੁੱਕ ਕੇ ਭੱਜਣਾ ਅਤੇ ਯੂ ਕੇ ਜੀ ਦੇ ਬੱਚਿਆਂ ਨੇ ਚੇਅਰ ਰੇਸ, ਪਹਿਲੀ ਜਮਾਤ ਦੇ ਬੱਚਿਆ ਓਬਸਟੈਕਲ ਰੇਸ ਅਤੇ ਕੋਨ ਰੇਸ , ਦੂਜੀ ਜਮਾਤ ਦੇ ਬੱਚਿਆਂ ਨੇ ਰੱਸਾ ਕੱਸੀ ਅਤੇ ਸਪ੍ਰਿੰਟ ਰੇਸ ਮੁਕਾਬਲਿਆਂ ਵਿੱਚ ਭਾਗ ਲਿਆ । ਵਿਦਿਆਰਥੀਆਂ ਨੇ ਇਸ ਦਿਨ ਨੂੰ ਮਸਤੀ ਤੇ ਰੌਣਕ ਨਾਲ ਮਨਾਇਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਪ੍ਰਿਅੰਕਾ ਮਹਿਤਾ ਨੇ ਨੰਨੇ-ਮੁੰਨ੍ਹੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਖੇਡਾਂ ਦਾ ਸਾਡੇ ਜੀਵਨ ਵਿੱਚ ਅਹਿਮ ਰੋਲ ਹੈ। ਖੇਡਾਂ ਬੱਚਿਆਂ ਦੇ ਜੀਵਨ ਵਿੱਚ ਸਹਿਯੋਗ ਦੀ ਭਾਵਨਾ ਪੈਦਾ ਕਰਦੀਆਂ ਹਨ। ਖੇਡਾਂ ਬੱਚਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੀਆਂ ਹਨ। ਉਹਨਾਂ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਣ ਲੀ ਪ੍ਰੇਰਿਤ ਕੀਤਾ। ਉਨ੍ਹਾਂ ਜੇਤੂ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਸਕੂਲ ਵਿੱਚ ਸਮੇਂ-ਸਮੇਂ 'ਤੇ ਅਜਿਹੀਆਂ ਸਰੀਰਕ ਗਤੀਵਿਧੀਆਂ ਕਰਵਾਉਂਦੇ ਰਹਿਣਗੇ ਤਾਂ ਜੋ ਭਵਿੱਖ ਵਿੱਚ ਸਾਡੇ ਵਿਦਿਆਰਥੀ ਕਿਸੇ ਵੀ ਖੇਤਰ ਵਿੱਚ ਦੂਜੇ ਵਿਦਿਆਰਥੀਆਂ ਨਾਲੋਂ ਪਿੱਛੇ ਨਾ ਰਹਿਣ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਜੀਵਨ ਦੇ ਹਰ ਖੇਤਰ ਵਿੱਚ ਆਪਣੇ ਆਪ ਨੂੰ ਬਿਹਤਰ ਸਿੱਧ ਕਰਨ ਲਈ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਆਦਿ ਦਾ ਗਿਆਨ ਗ੍ਰਹਿਣ ਕਰਦੇ ਰਹਿਣਾ ਚਾਹੀਦਾ ਹੈ।

# ਸਰਬੱਤ ਦਾ ਭਲਾ ਟਰੱਸਟ ਨੇ 36 ਲੋੜਵੰਦ ਪਰਿਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਦੇ ਮਹੀਨਾਵਾਰ ਚੈੱਕ



ਮੱਲਾਂ ਵਾਲਾ, 31 ਅਕਤੂਬਰ (ਹਰਪਾਲ ਸਿੰਘ ਖਾਲਸਾ): ਸੇਵੀਅਰ ਸਿੰਘ ਵੱਜੋਂ ਜਾਣੇ ਜਾਂਦੇ ਦੁਬੱਈ ਦੇ ਉਘੇ ਕਾਰੋਬਾਰੀ ਤੇ ਸਮਾਜ ਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਸਰਪ੍ਰਸਤੀ ਹੇਠ ਮੱਲਾਂ ਵਾਲਾ ਵਿਖੇ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਮੱਲਾਂ ਵਾਲਾ ਇਲਾਕੇ ਨਾਲ ਸਬੰਧਤ 36 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ 28 ਹਜ਼ਾਰ ਰੁਪਏ ਦੇ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਦੀ ਦੇਖ ਰੇਖ ਹੇਠ ਸੰਸਥਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਤੇ ਜ਼ਿਲ੍ਹਾ ਕੈਸ਼ੀਅਰ ਵਿਜੈ ਕੁਮਾਰ ਬਹਿਲ ਸਮੇਤ ਹੋਰ ਟੀਮ ਮੈਂਬਰਾਂ ਵੱਲੋਂ ਵੰਡੇ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਤੇ ਜ਼ਿਲ੍ਹਾ ਸਲਾਹਕਾਰ ਅਤੇ ਇੰਚਾਰਜ ਜ਼ੀਰਾ ਰਣਜੀਤ ਸਿੰਘ ਰਾਏ ਵੱਲੋਂ ਦੱਸਿਆ ਗਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ ਜਿਨ੍ਹਾਂ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਲੋੜਵੰਦਾਂ, ਅੰਗਹੀਣਾਂ ਅਤੇ ਵਿਧਵਾਵਾਂ ਨੂੰ 1 ਲੱਖ 40 ਹਜ਼ਾਰ ਰੁਪਏ ਦੀਆਂ ਮਹੀਨਾਵਾਰ ਪੈਨਸ਼ਨਾਂ, ਅੱਖਾਂ ਦੇ ਫਰੀ ਚੈੱਕਅਪ ਕੈਂਪ, ਬਹੁਤ ਹੀ ਘੱਟ ਰੇਟਾਂ ਤੇ ਲੈਬੋਰਟਰੀਆਂ, ਫਿਜ਼ਿਓਥਰੈਪੀ ਸੈਂਟਰ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਮੈਡੀਕਲ ਸਹਾਇਤਾ, ਕਈ ਤਰਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਤੇ ਜਨਤਕ ਸਥਾਨਾਂ ਤੇ ਸਾਫ਼ ਪਾਣੀ ਵਾਲੇ ਆਰ ਓ ਲਗਾਏ ਜਾਂਦੇ ਹਨ।ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ਿਲ੍ਹਾ ਕੈਸ਼ੀਅਰ ਵਿਜੈ ਕੁਮਾਰ ਬਹਿਲ, ਜ਼ਿਲ੍ਹਾ ਸਲਾਹਕਾਰ ਤੇ ਇੰਚਾਰਜ ਜ਼ੀਰਾ ਰਣਜੀਤ ਸਿੰਘ ਰਾਏ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਸਾਇੰਸ ਡਰਾਮਾ ਸਰਕਾਰੀ ਸਕੂਲ ਸ਼ੇਰ ਖਾਂ ਵਿਖੇ ਪ੍ਰਭਾਵਸ਼ਾਲੀ ਢੰਗ ਨਾਲ ਸੰਪੂਰਨ ਹੋਇਆ

### ☛ ਵਿਧਾਇਕ ਰਜਨੀਸ਼ ਦਹੀਯਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



ਫਿਰੋਜ਼ਪੁਰ, 31 ਅਕਤੂਬਰ (ਤਿਵਾੜੀ): ਨੈਸ਼ਨਲ ਸਾਇੰਸ ਸੈਂਟਰ, ਕੌਂਸਲ ਆਫ ਸਾਇੰਸ ਮਿਊਜ਼ੀਅਮ (ਮਨਿਸਟਰੀ ਆਫ ਕਲਚਰ, ਗਵਰਨਮੈਂਟ ਆਫ ਇੰਡੀਆ, ਨਵੀਂ ਦਿੱਲੀ) ਵੱਲੋਂ ਉਤਰ ਭਾਰਤ ਨੈਸ਼ਨਲ ਸਾਇੰਸ ਡਰਾਮਾ ਪ੍ਰਤੀਯੋਗਤਾ ਦੇ ਤਹਿਤ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਯੋਜਿਤ ਜ਼ਿਲ੍ਹਾ ਪੱਧਰੀ ਸਾਇੰਸ ਡਰਾਮਾ ਮੁਕਾਬਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਰ ਖਾਂ ਵਿਖੇ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਐਡਵੋਕੇਟ ਰਜਨੀਸ਼ ਦਹੀਯਾ, ਵਿਧਾਇਕ ਫਿਰੋਜ਼ਪੁਰ ਦਿਹਾਤੀ ਨੇ ਸ਼ਿਰਕਤ ਕੀਤੀ । ਪ੍ਰੋਗਰਾਮ ਦੀ ਅਗਵਾਈ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਮੁਨੀਲਾ ਅਰੋੜਾ ਨੇ ਕੀਤੀ, ਜਦਕਿ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਡਾ. ਸਤਿੰਦਰ ਸਿੰਘ, ਬਲਾਕ ਨੋਡਲ ਅਫਸਰ-ਕਮ-ਪ੍ਰਿੰਸੀਪਲ ਰੁਪਿੰਦਰ ਕੌਰ ਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰਿੰਸੀਪਲ ਮੋਨਿਕਾ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ) ਨੇ ਆਪਣੀ ਹਾਜ਼ਰੀ ਨਾਲ ਸਮਾਰੋਹ ਦੀ ਸ਼ੋਭਾ ਵਧਾਈ । ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਵਿਗਿਆਨਕ ਵਿਚਾਰਧਾਰਾ, ਸਮਾਜਿਕ ਸੁਨੇਹਿਆਂ ਤੇ ਵਾਤਾਵਰਨ ਸੁਰੱਖਿਆ ਨਾਲ ਸਬੰਧਤ ਵਿਸ਼ਿਆਂ ਉੱਤੇ ਆਧਾਰਿਤ ਵਿਗਿਆਨ ਡਰਾਮਿਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ।ਇਸ ਪ੍ਰਤੀਯੋਗਤਾ ਵਿੱਚ ਪਹਿਲੀ ਪੁਜੀਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਦਕੀ ਕੰਨਿਆ, ਦੂਜੀ ਪੁਜੀਸ਼ਨ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਠੱਠਾ ਕਿਸ਼ਨ ਸਿੰਘ ਨੇ ਤੇ ਤੀਜੀ ਪੁਜੀਸ਼ਨ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਖਾਈ ਫੇਮੇ ਕੇ ਨੇ ਹਾਸਲ ਕੀਤੀ।ਮੁੱਖ ਮਹਿਮਾਨ ਵੱਲੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਤੇ ਉਨ੍ਹਾਂ ਨੂੰ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਜੱਜ ਸਾਹਿਬਾਨ ਵਜੋਂ ਸੰਜੀਵ ਵਰਮਾਨੀ (ਲੈਕਚਰਾਰ ਫਿਜਿਕਸ), ਸੁਖਜਿੰਦਰ ਸਿੰਘ (ਪੰਜਾਬੀ ਲੈਕਚਰਾਰ) ਅਤੇ ਰਾਜੇਸ਼ ਚੋਪੜਾ (ਲੈਕਚਰਾਰ ਬਾਇਲੋਜੀ) ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਜੇਤੂ ਟੀਮ ਨੂੰ ਰਾਜ ਪੱਧਰੀ ਸਾਇੰਸ ਡਰਾਮਾ ਮੁਕਾਬਲੇ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੀ ਨੁਮਾਇੰਦਗੀ ਲਈ ਚੁਣਿਆ ਗਿਆ।

# ਦੋ ਕਾਰਾਂ ਦੀ ਭਿਆਨਕ ਟੱਕਰ, 4 ਗੰਭੀਰ ਜ਼ਖ਼ਮੀ

ਭੋਗਪੁਰ, 31 ਅਕਤੂਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਰੋਜੜੀ ਕੱਟ ਨਜ਼ਦੀਕ ਕਾਲਾਬੱਕਰਾ 'ਚ ਭਿਆਨਕ ਹਾਦਸਾ ਵਾਪਰਿਆ, ਦੋ ਕਾਰਾਂ ਆਪਸ ਵਿੱਚ ਬੁਰੀ ਤਰ੍ਹਾਂ ਟਕਰਾ ਗਈਆਂ।



ਜਲੰਧਰ ਸਾਈਡ ਤੋਂ ਪਠਾਨਕੋਟ ਸਾਈਡ ਨੂੰ ਜਾ ਰਹੀ ਕਾਰ ਨੰਬਰ ਪੀ.ਬੀ 07 CP 5974 ਤੇ ਪਠਾਨਕੋਟ ਤੋਂ ਜਲੰਧਰ ਸਾਈਡ ਨੂੰ ਜਾ ਰਹੀ ਕਾਰ ਨੰਬਰ ਪੀ ਬੀ 08ਈ.ਜੂ7959 ਕਾਰਾਂ ਦਾ ਕਾਫੀ ਨੁਕਸਾਨ ਹੋਇਆ ਹੈ।ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ ਰਣਜੀਤ ਸਿੰਘ ਭੋਗਪੁਰ ਨੇ ਦੱਸਿਆ ਕਿ ਦੋਨਾਂ ਗੱਡੀਆਂ ਵਿੱਚ ਚਾਰ ਸਵਾਰ ਬੁਰੀ ਤਰ੍ਹਾਂ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸੂਚਨਾ ਅਨੁਸਾਰ ਜਲੰਧਰ ਸਾਈਡ ਤੋਂ ਪਠਾਨਕੋਟ ਵੱਲ ਜਾ ਰਹੀ ਕਾਰ ਵਿੱਚ ਇੱਕ ਤੇ ਦੂਸਰੀ ਕਾਰ ਵਿੱਚ ਤਿੰਨ ਵਿਅਕਤੀ ਸਵਾਰ ਸਨ ਅਤੇ ਬੁਰੀ ਤਰ੍ਹਾਂ ਜ਼ਖਮੀ ਹੋਏ ਹਨ । ਏ.ਐਸ.ਆਈ ਰਣਜੀਤ ਸਿੰਘ ਨੇ ਦੱਸਿਆ ਕੇ ਜ਼ਖਮੀ ਵਿਅਕਤੀ ਖਤਰੇ ਤੋਂ ਬਾਹਰ ਹਨ ਅਤੇ ਪੁਲਿਸ ਦੀ ਅਗਲੇਰੀ ਕਾਰਵਾਈ ਜਾਰੀ ਹੈ। ਸੂਚਨਾ ਅਨੁਸਾਰ ਪਠਾਨਕੋਟ ਵੱਲ ਜਾਣ ਵਾਲੀ ਗੱਡੀ ਵਿੱਚ ਯੂਕੋ ਬੈਂਕ ਭੋਗਪੁਰ ਦੇ ਲੋਨ ਮੈਨੇਜਰ ਸਵਾਰ ਸਨ ਦੇ ਵੀ ਗੰਭੀਰ ਸੱਟਾਂ ਵੱਜੀਆਂ ਹਨ।

# ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਕੀਤੇ ਪਲੇਟਲੈੱਟ ਸੈਲ ਦਾਨ

ਮੰਡੀ ਗੋਬਿੰਦਗੜ੍ਹ, 31 ਅਕਤੂਬਰ (ਸੂਦ): ਇਲਾਕੇ ਦੀ ਪ੍ਰਸਿੱਧ ਸਮਾਜਸੇਵੀ ਸੰਸਥਾ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਖੰਨਾ ਦੇ ਹਸਪਤਾਲ ਵਿੱਚ ਜਾ ਕੇ ਇੱਕ ਲੋੜਵੰਦ ਮਰੀਜ਼ ਨੂੰ ਪਲੇਟਲੈੱਟ ਸੈਲ ਦਾਨ ਕੀਤੇ। ਰਵੀ ਨੇ ਦੱਸਿਆ ਕਿ ਕੱਲ ਰਾਤ ਨੂੰ ਕਿਸੇ ਨੇ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦਾ ਮਰੀਜ਼ ਖੰਨੇ ਦੇ ਹਸਪਤਾਲ ਵਿੱਚ ਦਾਖਲ ਕੀਤਾ ਹੋਇਆ ਹੈ ਤੇ ਇਲਾਜ ਕਰਨ ਵਾਲੇ ਡਾਕਟਰ ਨੇ ਕਿਹਾ ਹੈ ਕਿ ਇਸ ਦੇ ਪਲੇਟਲੈੱਟ ਸੈਲ ਬਹੁਤ ਘੱਟ ਚੁੱਕੇ ਹਨ ਤਾਂ ਉਸ ਨੇ ਉਸੇ ਸਮੇਂ ਰਾਤ ਖੁਦ ਹਸਪਤਾਲ ਵਿੱਚ ਜਾ ਕੇ ਪਲੇਟਲੈੱਟ ਸੈਲ ਦਾਨ ਕੀਤੇ ਤਾਂ ਜੋ ਮਰੀਜ਼ ਦੀ ਜਾਨ ਬਚਾਈ ਜਾ ਸਕੇ। ਉਸ ਨੇ ਕਿਹਾ ਕਿ 'ਨਰ ਸੇਵਾ ਹੀ ਨਰਾਇਣ ਦੀ ਸੱਚੀ ਸੇਵਾ ਹੈ'। ਉਨ੍ਹਾਂ ਕਿਹਾ ਕਿ 18 ਸਾਲ ਤੋਂ ਲੈ ਕੇ 65 ਸਾਲ ਤੱਕ ਦੇ ਕੋਈ ਵੀ ਤੰਦਰੁਸਤ ਵਿਅਕਤੀ ਜਿਨ੍ਹਾਂ ਦਾ ਵਜ਼ਨ 50 ਕਿੱਲੋ ਜਾਂ ਇਸ ਤੋਂ ਵੱਧ ਹੈ, ਉਹ ਖ਼ੂਨ ਦਾਨ ਕਰ ਸਕਦੇ ਹਨ। ਉਨ੍ਹਾਂ ਨੂੰ ਕੋਈ ਗੰਭੀਰ ਬੀਮਾਰੀ ਨਾ ਹੋਵੇ ਉਹ ਖ਼ੂਨ ਦਾਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਨੂੰ ਲੈ ਕੇ ਲੋਕਾਂ ਵਿੱਚ ਕਈ ਤਰ੍ਹਾਂ ਦੇ ਭਰਮ ਭੁਲੇਖੇ ਹਨ ਕਿ ਇਸ ਨਾਲ ਸਰੀਰ ਨੂੰ ਨੁਕਸਾਨ ਹੁੰਦਾ ਹੈ ਪਰ ਖ਼ੂਨ ਦਾਨ ਕਰਨ ਨਾਲ ਦਿਲ ਦੀ ਸਿਹਤ ਵਿੱਚ ਸੁਧਾਰ ਹੁੰਦਾ ਆਇਰਨ ਸਹੀ ਰਹਿਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਜਾਂਦਾ ਹੈ। ਖ਼ੂਨ ਦਾਨ ਕਰਨ ਨਾਲ ਮੋਟਾਪਾ ਘੱਟ ਜਾਂਦਾ ਹੈ, ਨਵੇਂ ਲਾਲ ਸੈਲ ਬਣਦੇ ਹਨ ਖ਼ੂਨ ਦਾਨ ਕਰਨ ਨਾਲ ਸਰੀਰ ਵਿੱਚ ਖ਼ੂਨ ਦਾ ਵਹਾਅ ਸਹੀ ਤਰੀਕੇ ਨਾਲ ਚਲਦਾ ਹੈ ਤੇ ਖ਼ੂਨ ਦਾਨ ਕਰਨ ਨਾਲ ਵਿਅਕਤੀ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ, ਉਸ ਦਾ ਮਾਨਸਿਕ ਤਣਾਅ ਵੀ ਘੱਟ ਜਾਂਦਾ ਹੈ। ਇਸ ਲਈ ਸਾਨੂੰ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ। ਉਸ ਨੇ ਕਿਹਾ ਕਿ ਇਲਾਕੇ ਵਿਚੋਂ ਜਦੋਂ ਵੀ ਕੋਈ ਲੋੜਵੰਦ ਮਰੀਜ਼ ਲਈ ਖ਼ੂਨ ਦਾਨ ਜਾਂ ਪਲੇਟਲੈੱਟ ਸੈਲਾਂ ਲਈ ਸੁਸਾਇਟੀ ਨਾਲ ਸੰਪਰਕ ਕਰਦਾ ਹੈ ਤਾਂ ਸੁਸਾਇਟੀ ਮੈਂਬਰ ਖ਼ੂਨ ਦੇ ਗਰੁੱਪ ਦੇ ਹਿਸਾਬ ਨਾਲ ਆਪ ਹਸਪਤਾਲ ਵਿੱਚ ਜਾ ਕੇ ਖ਼ੂਨ ਦਾਨ ਤੇ ਪਲੇਟਲੈੱਟ ਸੈਲ ਦਾਨ ਕਰਦੇ ਹਨ। ਸੁਸਾਇਟੀ ਵੱਲੋਂ ਖ਼ੂਨ ਦਾਨ ਤੇ ਪਲੇਟਲੈੱਟ ਸੈਲ ਦਾਨ ਕਰਕੇ ਸੈਂਕੜੇ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਸੁਸਾਇਟੀ ਮੀਤ ਪ੍ਰਧਾਨ ਰਵਿੰਦਰ ਸਿੰਘ ਰਵੀ 45 ਵਾਰ ਖ਼ੂਨ ਦਾਨ ਤੇ 8 ਵਾਰ ਪਲੇਟਲੈੱਟ ਸੈਲ ਦਾਨ ਕਰ ਚੁੱਕੇ ਹਨ।



# ਸਿੰਘਾਂ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤਣ ਦੇ ਮਾਮਲੇ 'ਚ ਮਹਿਲਾ ਤਾਂਤਰਿਕ ਵਿਰੁੱਧ ਮਾਮਲਾ ਦਰਜ

ਗੁਰੂਹਰਸਹਾਏ, 31 ਅਕਤੂਬਰ (ਚ.ਨ.ਸ): ਜ਼ਿਲ੍ਹੇ ਦੀ ਤਹਿਸੀਲ ਗੁਰੂਹਰਸਹਾਏ ਵਿਖੇ ਪੁੱਛਾਂ ਦੇਣ ਦੇ ਕਥਿਤ ਤੌਰ 'ਤੇ ਪਾਖੰਡਵਾਦ ਫੈਲਾਉਣ ਵਾਲੀ ਇੱਕ ਮਹਿਲਾ ਦੇ ਖਿਲਾਫ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ।ਮਹਿਲਾ 'ਤੇ ਦੋਸ਼ ਹੈ ਕਿ ਜਦੋਂ ਕੁੱਝ ਸਮਾਜ ਸੁਧਾਰਕ ਲੋਕਾਂ ਵੱਲੋਂ ਉਕਤ ਮਹਿਲਾ ਨੂੰ ਅਜਿਹਾ ਕਰਨ ਤੋਂ ਵਰਜਿਆ ਗਿਆ ਤਾਂ ਉਸ ਨੇ ਮਾੜੀ ਸ਼ਬਦਾਵਲੀ ਵਰਤੀ।ਇਸ ਤੋਂ ਇਲਾਵਾ ਉਸ ਵੱਲੋਂ ਬੋਲੇ ਗਏ ਹੋਰ ਵੀ ਮੰਦੇ ਬੋਲਾਂ ਕਾਰਨ ਉਸ ਦੇ ਖਿਲਾਫ ਬੀਐਨਐਸ ਦੀ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਖੁਸ਼ੀਆ ਸਿੰਘ ਨੇ ਦੱਸਿਆ ਕਿ ਪਾਖੰਡਵਾਦ ਖ਼ਤਮ ਕਰਨ ਦੀ ਮੁਹਿੰਮ ਚਲਾਉਣ ਵਾਲੇ ਭਾਈ ਮਨਪ੍ਰੀਤ ਸਿੰਘ ਖਾਲਸਾ ਫਰੀਦਕੋਟ ਵਾਲੇ ਤੇ ਸਮੂਹ ਜਥੇਬੰਦੀਆਂ ਦੇ ਖਿਲਾਫ ਮਾੜੀ ਸ਼ਬਦਾਵਲੀ ਵਰਤਣ ਤੇ ਮਾਣਹਾਨੀ ਕਰਨ ਦੇ ਗੰਭੀਰ ਦੋਸ਼ਾਂ ਤਹਿਤ ਇੱਕ ਔਰਤ ਨਵੀਤ ਕੌਰ ਖਿਲਾਫ 353(2), 352, 354, 302, 351 (3) ਬੀਐਨਐਸ ਤਹਿਤ ਮਾਮਲਾ ਦਰਜ ਕੀਤਾ ਹੈ।ਇਹ ਕਾਰਵਾਈ ਸੀਨੀਅਰ ਅਫ਼ਸਰਾਨ ਦੀ ਮਨਜ਼ੂਰੀ ਤੋਂ ਬਾਅਦ ਦਰਖਾਸਤ ਯੂਆਈਡੀ ਨੰਬਰ 686538 ਮਿਤੀ 23 ਅਕਤੂਬਰ 2025 ਦੀ ਪੜਤਾਲ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ।ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਭਾਈ ਮਨਪ੍ਰੀਤ ਸਿੰਘ ਖਾਲਸਾ ਜੋ ਕਿ ਪਾਖੰਡਵਾਦ ਨੂੰ ਖਤਮ ਕਰਨ ਦੀ ਇੱਕ ਮੁਹਿੰਮ ਚਲਾ ਰਹੇ ਹਨ ਨੇ ਨਵੀਤ ਕੌਰ ਨੂੰ ਜੋ ਆਪਣੇ ਘਰ ਵਿੱਚ ਗੱਦੀ ਲਗਾ ਕੇ ਲੋਕਾਂ ਨੂੰ ਭਰਮਾਉਂਦੀ ਹੈ, ਜਨਤਕ ਤੌਰ 'ਤੇ ਸਵਾਲਾਂ ਦੇ ਜਵਾਬ ਦੇਣ ਲਈ ਤਾਰੀਕ ਦਿੱਤੀ ਸੀ।ਨਵੀਤ ਕੌਰ ਨੇ ਭਾਈ ਮਨਪ੍ਰੀਤ ਸਿੰਘ ਖਾਲਸਾ ਤੇ ਸਮੂਹ ਸਿੱਖ ਜਥੇਬੰਦੀਆਂ ਦੇ ਖਿਲਾਫ ਬਹੁਤ ਹੀ ਮਾੜੀ, ਅਪਮਾਨਜਨਕ ਤੇ ਅਸ਼ਲੀਲ ਸ਼ਬਦਾਵਲੀ ਵਰਤੀ।ਇਸ ਤੋਂ ਇਲਾਵਾ ਉਸ ਨੇ ਹੋਰ ਵੀ ਗਲਤ ਸ਼ਬਦਾਵਲੀ ਵਰਤੀ, ਜਿਸ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਖੁਸ਼ੀਆ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋਸ਼ੀ ਨਵੀਤ ਕੌਰ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ਿਮਨੀ ਚੋਣ ਲੋਕ ਕਲਿਆਣਕਾਰੀ ਕੰਮਾਂ ਦੇ ਆਧਾਰ 'ਤੇ ਜਿੱਤੀ ਜਾਵੇਗੀ: ਬਾਜਵਾ, ਮਨਜੀਤ ਬੰਟੀ



ਕਾਹਨੂੰਵਾਨ, 31 ਅਕਤੂਬਰ (ਕੁਲਜੀਤ ਸਿੰਘ ਖੋਖਰ): ਵਿਧਾਨ ਸਭਾ ਹਲਕਾ ਕਾਦੀਆਂ ਦੇ ਸੀਨੀਅਰ ਆਗੂ ਤੇ ਐਕਸ ਸਰਵਿਸਮੈਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਸੋਨਾ ਬਾਜਵਾ ਤੇ ਮਨਜੀਤ ਸਿੰਘ ਬੰਟੀ ਨੇ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਤਰਨਤਾਰਨ ਵਿਧਾਨ ਸਭਾ ਦੀ ਜ਼ਿਮਨੀ ਚੋਣ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਲੋਕ ਕਲਿਆਣਕਾਰੀ ਕੰਮਾਂ ਦੇ ਵਿਕਾਸ ਦੇ ਆਧਾਰ 'ਤੇ ਜਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਯੋਜਨਾਵਾਂ ਜਿਵੇਂ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਇਲਾਜ ਤੇ ਸਿੱਖਿਆ ਪ੍ਰਣਾਲੀ ਵਿੱਚ ਕੀਤੇ ਗਏ ਵਧੀਆ ਸੁਧਾਰਾਂ ਨੇ ਲੋਕਾਂ ਦੀ ਜ਼ਿੰਦਗੀ ਵਿੱਚ ਅਸਲ ਬਦਲਾਅ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਲੋਕਾਂ ਦਾ ਦਿਲ ਜਿੱਤਿਆ ਹੈ।ਸੋਨਾ ਬਾਜਵਾ ਤੇ ਮਨਜੀਤ ਬੰਟੀ ਨੇ ਕਿਹਾ ਕਿ ਤਰਨਤਾਰਨ ਦੇ ਲੋਕਾਂ ਦਾ ਹਰ ਇੱਕ ਕਹਿਣਾ ਹੈ ਕਿ ਸਾਡੀ ਵੋਟ ਵਿਕਾਸ ਨੂੰ, ਸਾਡੀ ਵੋਟ ਆਮ ਆਦਮੀ ਪਾਰਟੀ ਨੂੰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸ ਪੱਖੀ ਸੋਚ ਨੂੰ ਸਨਮਾਨ ਦੇਣ ਦਾ ਐਲਾਨ ਕਰਦੇ ਹੋਏ ਤਰਨਤਾਰਨ ਵਾਸੀਆਂ ਨੇ ਜ਼ਿਮਨੀ ਚੋਣ ਆਪ ਨੂੰ ਜਿਤਾਉਣ ਦਾ ਫੈਸਲਾ ਕੀਤਾ ਹੈ।ਉਨ੍ਹਾਂ ਕਿਹਾ ਕਿ ਲੋਕ ਵੱਧ ਚੜ੍ਹ ਕੇ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਸਪੋਰਟ ਕਰ ਰਹੇ ਹਨ ਤੇ ਹਲਕੇ 'ਚ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਹੈ।

# ਸ਼ੇਰ ਸਿੰਘ ਘੁਬਾਇਆ ਨੇ ਖਰੀਦ ਏਜੰਸੀਆਂ ਨਾਲ ਕੀਤੀ ਮੀਟਿੰਗ



ਗੁਰਦਾਸਪੁਰ, 31 ਅਕਤੂਬਰ (ਜਗੀਰ ਸਿੰਘ ਮੰਡ): ਗੁਰਦਾਸਪੁਰ ਵਿਖੇ ਸ਼ੇਰ ਸਿੰਘ ਘੁਬਾਇਆ, ਮੈਂਬਰ ਲੋਕ ਸਭਾ ਤੇ ਚੇਅਰਮੈਨ ਐਫ.ਸੀ.ਆਈ. ਸਲਾਹਕਾਰ ਕਮੇਟੀ ਪੰਜਾਬ ਤੇ ਮੈਂਬਰ ਐਫ.ਸੀ.ਆਈ. ਦੇ ਦਫਤਰ ਵਿਖੇ ਪਹੁੰਚੇ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਸ਼ੇਰ ਸਿੰਘ ਘੁਬਾਇਆ ਨੇ ਦੱਸਿਆ ਖਰੀਦ ਪ੍ਰਬੰਧਾਂ ਸਬੰਧੀ ਏਜੰਸੀਆਂ ਨਾਲ ਮੀਟਿੰਗ ਕੀਤੀ ਗਈ ਹੈ।ਕਣਕ ਤੇ ਚੌਲ ਜੋ ਬਾਹਰ ਜਾਂਦੇ ਹਨ, ਉਹਦੇ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਲਈ ਗਈ ਹੈ।ਇਸ ਤੋਂ ਇਲਾਵਾ ਹੜ੍ਹਾਂ ਕਾਰਨ ਐਫ.ਸੀ.ਆਈ. ਤੇ ਬਾਕੀ ਹੋਰ ਖਰੀਦ ਏਜੰਸੀਆਂ ਦਾ ਕਿੰਨਾ ਨੁਕਸਾਨ ਹੋਇਆ ਤੇ ਇਸਦੇ ਹੱਲ ਤੇ ਇਸ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ, ਉਸ ਦੇ ਸਬੰਧ ਵਿੱਚ ਪੰਜਾਬ ਰਾਜ ਦੀ ਐਫ.ਸੀ.ਆਈ. ਦੀ ਕਮੇਟੀ ਤੇ ਬੋਰਡ ਦੀ ਸਾਰੀ ਮੈਂਬਰਸ਼ਿਪ ਗੁਰਦਾਸਪੁਰ ਵਿੱਚ ਜਾਣਕਾਰੀ ਲਈ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਹਰ ਜ਼ਿਲ੍ਹੇ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਕਿਸਾਨਾਂ ਦੀ ਹਰ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਨੇ ਦੱਸਿਆ ਕਿ ਫੂਡ ਏਜੰਸੀਆਂ ਐਫ.ਸੀ.ਆਈ., ਰਾਈਸ ਮਿੱਲਰ ਤੇ ਹੋਰ ਖਰੀਦ ਏਜੰਸੀਆਂ ਦੇ ਨਾਲ ਸਬੰਧਤ ਜੋ ਵੀ ਮੁਸ਼ਕਿਲ ਹੈ, ਉਨ੍ਹਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਫੂਡ ਏਜੰਸੀਆਂ ਦੀਆਂ ਜੋ ਵੀ ਮੰਗਾਂ ਨੇ ਉਨ੍ਹਾਂ ਦੀ ਇੱਕ ਚੰਗੇ ਤਰੀਕੇ ਅੰਦਰ ਰਿਪੋਰਟ ਬਣਾ ਕੇ ਸਰਕਾਰ ਨੂੰ ਭੇਜਾਂਗੇ ਤਾਂ ਕਿ ਉਹ ਵੀ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾ ਸਕਣ।ਪੱਤਰਕਾਰ ਸਾਥੀਆਂ ਨਾਲ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਜੋ ਕਿ ਬਾਰਡਰ ਏਰੀਆ ਦਾ ਨੁਕਸਾਨ ਹੋਇਆ ਉਸ ਸਬੰਧ ਵਿੱਚ ਵੀ ਕੇਂਦਰ ਸਰਕਾਰ ਤੋਂ ਕਿਸਾਨਾਂ ਦੇ ਲਾਭ ਤੇ ਉਨ੍ਹਾਂ ਦੀ ਹੋਰ ਰਾਹਤ ਲਈ ਮੰਗ ਕੀਤੀ ਜਾਵੇਗੀ।

# ਘੁਮਾਣ ਵਿਖੇ 2 ਨੂੰ ਪੁੱਜਣਗੇ ਮਹਾਰਾਸ਼ਟਰ ਦੇ ਉਪ-ਮੁੱਖ ਮੰਤਰੀ ਏਕਨਾਥ ਸ਼ਿੰਦੇ

## ☛ਮੁੱਖ ਮੰਤਰੀ ਪੰਜਾਬ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਵੀ ਪੁੱਜਣਗੇ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 31 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਨਾਮਦੇਵ ਦਰਬਾਰ ਘੁਮਾਣ ਭਗਤ ਨਾਮਦੇਵ ਜੀ ਦੇ ਅੰਤਿਮ ਸਮਾਧੀ ਅਸਥਾਨ ਵਿਖੇ ਵੱਡੇ ਸਮਾਗਮ ਉਲੀਕੇ ਗਏ ਹਨ।ਜਿੱਥੇ ਇੱਕ ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਉਥੇ ਹੀ ਦੋ ਨਵੰਬਰ ਨੂੰ ਭਗਤ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।ਇਨ੍ਹਾਂ ਸਮਾਗਮਾਂ ਨੂੰ ਮੁੱਖ ਰੱਖਦਿਆਂ ਸਰਹੱਦ ਸੰਸਥਾ ਪੂਨੇ ਦੇ ਮੁਖੀ ਸੰਜੇ ਨਾਹਰ ਦੇ ਵੱਡੇ ਯਤਨਾਂ ਸਦਕਾ ਮਹਾਰਾਸ਼ਟਰ ਦੇ ਉਪ-ਮੁੱਖ ਮੰਤਰੀ ਏਕਨਾਥ ਸ਼ਿੰਦੇ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਪਹੁੰਚ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਨਾਮਦੇਵ ਦਰਬਾਰ ਕਮੇਟੀ ਦੇ ਪ੍ਰਬੰਧਕ ਸਰਪ੍ਰਸਤ ਹਰਜਿੰਦਰ ਸਿੰਘ ਬਾਵਾ, ਪ੍ਰਧਾਨ ਤਰਸੇਮ ਸਿੰਘ ਬਾਵਾ, ਸਕੱਤਰ ਸੁਖਜਿੰਦਰ ਸਿੰਘ ਲਾਲੀ, ਮੀਤ ਸਕੱਤਰ ਮਨਜਿੰਦਰ ਸਿੰਘ ਬਿੱਟੂ, ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ, ਜੁਆਇੰਟ ਸਕੱਤਰ ਸਰਬਜੀਤ ਸਿੰਘ ਬਾਵਾ, ਮੁੱਖ ਸਲਾਹਕਾਰ ਪ੍ਰਿੰ. ਗੁਰਮੁੱਖ ਸਿੰਘ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਉਪ-ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਨਾਲ ਮਹਾਰਾਸ਼ਟਰ ਤੋਂ ਹੋਰ ਵੀ ਕਈ ਵੱਡੀਆਂ ਸ਼ਖ਼ਸੀਅਤਾਂ ਸਮਾਗਮਾਂ ਵਿੱਚ ਪਹੁੰਚਣਗੀਆਂ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਵੀ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਦੋ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਤੇ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਸਮੇਤ ਹੋਰ ਕਈ ਆਗੂ ਇਨ੍ਹਾਂ ਸਮਾਗਮਾਂ ਵਿੱਚ ਸ਼ਿਰਕਤ ਕਰ ਰਹੇ ਹਨ। ਸ਼ਾਮ 4 ਵਜੇ ਦੇ ਕਰੀਬ ਘੁਮਾਣ ਤੋਂ ਸ੍ਰੀ ਹਰਗੋਬਿੰਦਪੁਰ ਰੋਡ ਉਪਰ ਬਣੇ ਬਾਬਾ ਨਾਮਦੇਵ ਡਿਗਰੀ ਕਾਲਜ ਦੇ ਨੇੜੇ ਸਰਕਾਰ ਵੱਲੋਂ ਦਿੱਤੀ ਗਈ ਦੋ ਏਕੜ ਜਗ੍ਹਾ ਵਿੱਚ ਮਹਾਰਾਸ਼ਟਰ ਭਵਨ ਦੀ ਉਸਾਰੀ ਕਰਨ ਲਈ ਨੀਂਹ ਪੱਥਰ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਭਵਨ ਪੰਜਾਬ ਤੇ ਮਹਾਰਾਸ਼ਟਰ ਦੀ ਨੇੜਤਾ ਨੂੰ ਹੋਰ ਵੀ ਵਧਾਏਗਾ ਤੇ ਘੁਮਾਣ ਦੀ ਪ੍ਰਸਿੱਧੀ ਪੂਰੀ ਦੁਨੀਆਂ ਵਿੱਚ ਹੋਰ ਵੀ ਵਧੇਗੀ।ਇਸ ਨੀਂਹ ਪੱਥਰ ਸਮਾਗਮ ਤੋਂ ਬਾਅਦ ਸ਼ਾਮ 5 ਤੋਂ 6 ਵਜੇ ਦੇ ਵਿਚਕਾਰ ਉਪ-ਮੁੱਖ ਮੰਤਰੀ ਸਮੇਤ ਸਾਰੇ ਵੱਡੇ ਆਗੂ ਸ੍ਰੀ ਨਾਮਦੇਵ ਦਰਬਾਰ ਘੁਮਾਣ ਅੰਤਿਮ ਸਮਾਧੀ ਅਸਥਾਨ ਵਿਖੇ ਨਤਮਸਤਕ ਹੋਣਗੇ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਬਾਬਾ ਬੋਰਸ ਸਿੰਘ, ਮੀਤ ਪ੍ਰਧਾਨ ਰਘਬੀਰ ਸਿੰਘ, ਸੁਖਵੰਤ ਸਿੰਘ ਰਾਜੂ ਕੋਸ਼ੀਅਰ, ਮਨਜੀਤ ਸਿੰਘ ਕੈਸ਼ੀਅਰ, ਸੁਖਬੀਰ ਸਿੰਘ ਬਾਵਾ, ਪ੍ਰਿਤਪਾਲ ਸਿੰਘ, ਦਲਜੀਤ ਸਿੰਘ ਬਾਵਾ, ਅਰਵਿੰਦਰ ਸਿੰਘ ਬਾਵਾ, ਇੰਦਰਜੀਤ ਸਿੰਘ ਨਿੱਕੂ, ਮੈਨੇਜਰ ਪ੍ਰਿਤਪਾਲ ਸਿੰਘ, ਕੁਲਦੀਪ ਸਿੰਘ ਬਾਵਾ, ਰਣਜੀਤ ਸਿੰਘ ਬਾਵਾ, ਜਸਬੀਰ ਸਿੰਘ, ਇੰਦਰਜੀਤ ਸਿੰਘ, ਨਰੇਸ਼ ਕੁਮਾਰ ਬਾਵਾ ਹਾਜ਼ਰ ਸਨ।

# ਮਾਸਟਰ ਕੇਡਰ ਯੂਨੀਅਨ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੰਗਾਂ ਸਬੰਧੀ ਮੀਟਿੰਗ

## ☛ਵਿੱਤੀ ਮੰਗਾਂ ਸਮੇਤ ਹੋਰ ਮਸਲੇ ਜਲਦੀ ਹੱਲ ਕਰਨ ਦਾ ਚੀਮਾ ਨੇ ਦਿੱਤਾ ਭਰੋਸਾ



ਫ਼ਤਹਿਗੜ੍ਹ ਚੂੜੀਆਂ, 31 ਅਕਤੂਬਰ (ਰਾਜਨ ਸ਼ਰਮਾ): ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਵਫ਼ਦ ਦੀ ਮੀਟਿੰਗ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਵੱਖ-ਵੱਖ ਵਿਭਾਗਾਂ ਦੇ ਸਕੱਤਰਾਂ, ਡੀ.ਪੀ.ਆਈ. ਸੈਕੰਡਰੀ ਗੁਰਿੰਦਰ ਸਿੰਘ ਸੋਢੀ ਦੀ ਹਾਜ਼ਰੀ ਵਿੱਚ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਧਾਲੀਵਾਲ, ਗੁਰਮੀਤ ਸਿੰਘ ਭੁੱਲਰ, ਅਮਰਬੀਰ ਸਿੰਘ ਰੰਧਾਵਾ ਮੁਰੀਦਕੇ ਤੇ ਦਲਜੀਤ ਸਿੰਘ ਸਬਰਵਾਲ ਮੀਤ ਪ੍ਰਧਾਨ ਨਾਲ ਹੋਈ। ਮੀਟਿੰਗ ਵਿੱਚ ਵਿੱਤੀ ਮੰਗਾਂ ਦੇ ਨਾਲ-ਨਾਲ ਵਿਭਾਗੀ ਮੰਗਾਂ 'ਤੇ ਵੀ ਵਿਚਾਰ ਚਰਚਾ ਕੀਤੀ ਗਈ।ਜਥੇਬੰਦੀ ਵੱਲੋਂ 2.59 ਗੁਣਾਕ ਦੇਣ ਦੇ ਮਸਲੇ 'ਤੇ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਨੇ ਆਪਣੇ ਸਪੱਸ਼ਟੀਕਰਨ ਵਿੱਚ ਦੱਸਿਆ ਕਿ 2.59 ਗੁਣਾਕ ਦੀ ਮੰਗ ਬਿਲਕੁਲ ਜਾਇਜ਼ ਹੈ ਤੇ ਇਹ ਮਸਲਾ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ।ਉਨ੍ਹਾਂ ਵੱਲੋਂ ਇਸ ਦਾ ਨਿਪਟਾਰਾ ਇੱਕ ਮਹੀਨੇ ਵਿੱਚ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਤੋਂ ਇਲਾਵਾ ਡੀ.ਏ. ਦੀਆਂ ਬਕਾਇਆ ਕਿਸ਼ਤਾਂ ਸਬੰਧੀ ਮੰਗ 'ਤੇ ਵਿੱਤ ਮੰਤਰੀ ਵੱਲੋਂ ਜ਼ਿਮਨੀ ਚੋਣ ਦੇ ਚੱਲਦਿਆਂ ਚੋਣ ਕਮਿਸ਼ਨ ਤੋਂ ਆਗਿਆ ਲੈ ਕੇ ਡੀ.ਏ. ਦੀ ਕੁਝ ਕਿਸ਼ਤ ਜਾਰੀ ਕਰਨ ਲਈ 15 ਦਿਨ ਦਾ ਸਮਾਂ ਮੰਗਿਆ ਗਿਆ। ਜਥੇਬੰਦੀ ਵੱਲੋਂ ਬਾਰਡਰ ਅਲਾਊਂਸ ਤੇ ਬਾਰਡਰ ਕੇਡਰ ਨੂੰ ਇੰਕਰੀਮੈਂਟ ਦੇਣ ਸਬੰਧੀ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਵੱਲੋਂ ਬਾਰਡਰ ਭੱਤਾ ਦੇਣ ਦੀ ਮੰਗ ਨੂੰ ਜਾਇਜ਼ ਠਹਿਰਾਉਂਦੇ ਹੋਏ ਡੀ.ਪੀ.ਆਈ. (ਸੈਕੰਡਰੀ ਸਿੱਖਿਆ) ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਪੁਰਾਣੀ ਪੈਨਸ਼ਨ ਦੇ ਮਸਲੇ 'ਤੇ ਜਥੇਬੰਦੀ ਨਾਲ ਗੱਲਬਾਤ ਕਰਦੇ ਹੋਏ ਵਿੱਤ ਮੰਤਰੀ ਨੇ ਪੁਰਾਣੀ ਪੈਨਸ਼ਨ ਵਾਲਾ ਮਸਲਾ ਹੱਲ ਕਰਨ ਦਾ ਵੀ ਭਰੋਸਾ ਦਿੱਤਾ।ਇਸ ਤੋਂ ਇਲਾਵਾ ਰਮਸਾ ਅਧਿਆਪਕਾਂ ਦੇ ਬਕਾਏ ਸਬੰਧੀ ਵਿੱਤ ਮੰਤਰੀ ਵੱਲੋਂ ਡੀ.ਪੀ.ਆਈ. ਨੂੰ ਤੁਰੰਤ ਨਿਪਟਾਰਾ ਕਰਨ ਦੀ ਹਦਾਇਤ ਕੀਤੀ ਗਈ।ਐਸ.ਐਸ.ਏ./ਰਮਸਾ ਦੀਆਂ ਛੁੱਟੀਆਂ ਲੌਂਗ ਆਫ ਸਰਵਿਸ 'ਤੇ ਨਿਰਦੇਸ਼ ਜਾਰੀ ਕੀਤੇ। ਏ.ਸੀ.ਪੀ./ਪੇਂਡੂ ਭੱਤਾ ਤੇ ਹੋਰ ਭੱਤਿਆਂ ਨੂੰ ਪੇਅ-ਕਮਿਸ਼ਨ ਦੇ ਭਾਗ 2 ਤੇ 3 ਦੀ ਰਿਪੋਰਟ ਅਨੁਸਾਰ 15 ਦਿਨਾਂ ਵਿੱਚ ਜਨਤਕ ਕਰਦਿਆਂ ਜਾਰੀ ਕੀਤੇ ਜਾਣ ਦਾ ਭਰੋਸਾ ਦਿੱਤਾ ਗਿਆ।ਵਿੱਤ ਮੰਤਰੀ ਵੱਲੋਂ ਡੀ.ਪੀ.ਆਈ. ਸੈਕੰਡਰੀ ਨੂੰ ਇਵਜ਼ੀ ਛੁੱਟੀਆਂ ਵਾਲਾ ਪੱਤਰ ਵੀ ਤੁਰੰਤ ਜਾਰੀ ਕਰਨ ਦੇ ਹੁਕਮ ਦਿੱਤੇ ਗਏ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵੀ ਤੇ ਕੀਰਤਨ ਦਰਬਾਰ ਅੱਜ ਅਤੇ ਭਲਕੇ

ਨਵਾਂਸ਼ਹਿਰ, 31 ਅਕਤੂਬਰ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ 1 ਨਵੰਬਰ ਨੂੰ ਪਿੰਡ ਸਰਹਾਲ ਕਾਜੀਆਂ ਵਿਖੇ ਬਾਬਾ ਜਵਾਹਰ ਸਿੰਘ ਝੰਡਾ ਜੀ ਵਿਖੇ ਕਵੀ ਦਰਬਾਰ ਤੇ ਕੀਰਤਨ ਦਰਬਾਰ ਹੋਵੇਗਾ।ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹੀਦੀ ਪੁਰਬ ਨੂੰ ਸਮਰਪਿਤ ਕਵੀ ਤੇ ਕੀਰਤਨ ਦਰਬਾਰ ਕਰਵਾਏ ਜਾ ਰਹੇ ਹਨ, ਜਿੱਥੇ ਗੁਰੂ ਜੀ ਦੇ ਜੀਵਨ ਬਾਰੇ ਤੇ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ 2 ਨਵੰਬਰ ਨੂੰ ਗੁਰਦੁਆਰਾ ਗੁਰਪਲਾਹ ਪੰਜ ਟਾਹਲੀਆਂ ਸਾਹਿਬ, ਚੱਕ ਗੁਰੂ ਵਿਖੇ ਸਮਾਗਮ ਕਰਵਾਇਆ ਜਾਵੇਗਾ ਤੇ 15 ਨਵੰਬਰ ਨੂੰ ਇਹ ਸਮਾਗਮ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਵੇਗਾ।ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 25 ਅਕਤੂਬਰ ਨੂੰ ਦੇਸ਼ ਦੀ ਰਾਜਧਾਨੀ ਵਿਖੇ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਅਰਦਾਸ ਕਰਕੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਸ਼ੁਰੂਆਤ ਕਰਵਾਈ ਗਈ ਹੈ, ਜਿਸ ਉਪਰੰਤ ਮਹੀਨਾਭਰ ਵੱਖ-ਵੱਖ ਥਾਵਾਂ 'ਤੇ ਹੋਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਵੀ ਉਲੀਕੀ ਗਈ ਹੈ।ਪੰਜਾਬ ਸਰਕਾਰ ਵੱਲੋਂ 1 ਤੋਂ 18 ਨਵੰਬਰ ਤੱਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ, ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਹਾਨ ਜੀਵਨ ਤੇ ਫਲਸਫ਼ੇ ਨੂੰ ਦਰਸਾਇਆ ਜਾਵੇਗਾ।ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਮਹਾਨ ਬਲੀਦਾਨ, ਜਿਸ ਤੋਂ ਦੁਨੀਆਂ ਭਰ ਦੇ ਲੱਖਾਂ ਲੋਕ ਪ੍ਰੇਰਨਾ ਲੈਂਦੇ ਹਨ, ਬਾਰੇ ਲੋਕਾਈ ਨੂੰ ਜਾਣੂੰ ਕਰਵਾਉਣ 'ਤੇ ਕੇਂਦਰਿਤ ਹੋਵੇਗਾ।ਇਸੇ ਤਰ੍ਹਾਂ 18 ਨਵੰਬਰ ਨੂੰ ਸ਼੍ਰੀਨਗਰ ਵਿੱਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਤੇ 19 ਨਵੰਬਰ ਨੂੰ ਸ਼੍ਰੀਨਗਰ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ।ਇਸੇ ਤਰ੍ਹਾਂ ਇਹ ਨਗਰ ਕੀਰਤਨ 19 ਨਵੰਬਰ ਨੂੰ ਜੰਮੂ ਵਿਖੇ, 20 ਨਵੰਬਰ ਨੂੰ ਪਠਾਨਕੋਟ ਵਿੱਚ ਤੇ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਠਹਿਰਾਅ ਕਰੇਗਾ ਤੇ 22 ਨਵੰਬਰ ਨੂੰ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਸੰਪੂਰਨ ਹੋਵੇਗਾ।ਇਸੇ ਦੌਰਾਨ 20 ਨਵੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਫ਼ਰੀਦਕੋਟ ਤੇ ਗੁਰਦਾਸਪੁਰ ਤੋਂ ਤਿੰਨ ਨਗਰ ਕੀਰਤਨ ਸਜਾਏ ਜਾਣਗੇ ਤੇ ਇਹ ਸਾਰੇ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੰਪੂਰਨ ਹੋਣਗੇ।ਇਸ ਇਤਿਹਾਸਕ ਨਗਰੀ ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਫਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਤੇ ਡਰੋਨ ਸ਼ੋਅ ਵੀ ਕਰਵਾਇਆ ਜਾਵੇਗਾ। 24 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾਵੇਗਾ ਜਿੱਥੇ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ, ਫਲਸਫੇ ਤੇ ਮਨੁੱਖੀ ਹੱਕਾਂ ਤੇ ਧਾਰਮਿਕ ਆਜ਼ਾਦੀ ਲਈ ਦਿੱਤੇ ਬਲੀਦਾਨ ਬਾਰੇ ਉੱਘੀਆਂ ਸ਼ਖਸੀਅਤਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ।

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ

## ☛ਡਾ. ਦਰਸ਼ਨਪਾਲ ਨੇ ਵਿਸ਼ੇਸ਼ ਤੌਰ 'ਤੇ ਮੀਟਿੰਗ 'ਚ ਕੀਤੀ ਸ਼ਿਰਕਤ



ਬਟਾਲਾ/ਊਧਨਵਾਲ, 31 ਅਕਤੂਬਰ (ਡਾ. ਨਰਿੰਦਰ ਸਿੰਘ ਘੁਮਾਣ/ਸੁਖਅੰਮ੍ਰਿਤ ਸਿੰਘ ਸੋਨੂੰ): ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਜ ਗੁਰਿੰਦਰ ਸਿੰਘ ਲਾਡੀ ਘੁਮਾਣ ਦੀ ਅਗਵਾਈ ਹੇਠ ਗੁਰਦੁਆਰਾ ਮੱਲ੍ਹ ਸਾਹਿਬ ਜੀ ਹਰਪੁਰਾ ਵਿਖੇ ਹੋਈ, ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਮੌਕੇ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਪ੍ਰਧਾਨ ਰਾਜ ਗੁਰਿੰਦਰ ਸਿੰਘ ਲਾਡੀ ਘੁਮਾਣ ਜ਼ਿਲ੍ਹਾ, ਸੀਨੀਅਰ ਮੀਤ ਪ੍ਰਧਾਨ ਬਚਨ ਸਿੰਘ ਭੰਬੋਈ ਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ, ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਹਰਪੁਰਾ, ਖਜ਼ਾਨਚੀ ਬਲਦੇਵ ਸਿੰਘ ਕਲੇਰ, ਲਖਬੀਰ ਸਿੰਘ ਹਰਪੁਰਾ, ਜਿੰਦਾ ਨਾਥਪੁਰ, ਬੂੜ ਸਿੰਘ ਕਲੇਰ, ਘਰਬਿੰਦਰ ਸਿੰਘ ਕੋਹਾਲੀ, ਲਖਵਿੰਦਰ ਸਿੰਘ ਪ੍ਰਤਾਪਗੜ੍ਹ, ਸ਼ਮਸ਼ੇਰ ਸਿੰਘ ਹਰਪੁਰਾ ਆਦਿ ਜ਼ਿਲ੍ਹਾ ਤੇ ਬਲਾਕ ਲੀਡਰਾਂ ਵੱਲੋਂ ਘੁਮਾਣ, ਕੰਡੀਲਾ, ਮਧਰਾ, ਨੱਥੂ ਖਹਿਰਾ ਧਾਰੀਵਾਲ ਤੇ ਹੋਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡਾਂ ਵਿਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਯੂਨੀਅਨ ਵਿੱਚ ਸ਼ਾਮਲ ਕਰਵਾ ਯੂਨੀਅਨ ਵਿੱਚ ਵਿਸਥਾਰ ਕਰਦਿਆਂ ਹੋਇਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ, ਜਿਸ ਵਿੱਚ ਸੰਤੋਖ ਸਿੰਘ ਮਧਰਾ ਜ਼ਿਲ੍ਹਾ ਲੀਗ ਐਡਵਾਈਜ਼ਰ, ਪ੍ਰਿੰਸੀਪਲ ਮੋਹਣ ਸਿੰਘ ਛੀਨਾ ਜ਼ਿਲ੍ਹਾ ਸਕੱਤਰ, ਹਰਪਾਲ ਸਿੰਘ ਨੱਥੂ ਖਹਿਰਾ ਜ਼ਿਲ੍ਹਾ ਮੀਤ ਪ੍ਰਧਾਨ, ਜਸਪਾਲ ਸਿੰਘ ਕੰਡੀਲਾ ਜ਼ਿਲ੍ਹਾ ਸਲਾਹਕਾਰ, ਦਲਬੀਰ ਸਿੰਘ ਘੁਮਾਣ ਬਲਾਕ ਪ੍ਰਧਾਨ ਸ੍ਰੀ ਹਰਗੋਬਿੰਦਪੁਰ ਸਾਹਿਬ, ਹੀਰਾ ਸਿੰਘ ਕੰਡੀਲਾ ਸੀਨੀਅਰ ਮੀਤ ਪ੍ਰਧਾਨ ਬਲਾਕ ਕਾਦੀਆਂ ਨਿਯੁਕਤ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਨੇ ਦੱਸਿਆ ਬੰਦੀ ਸਿੰਘਾਂ ਦੀ ਰਿਹਾਈ ਲਈ 14 ਨਵੰਬਰ ਨੂੰ ਕੱਢੇ ਜਾ ਰਹੇ ਮਾਰਚ ਵਿੱਚ ਵੀ ਜਥੇਬੰਦੀ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਸਰੂਪ ਸਿੰਘ ਘੁਮਾਣ, ਸੁਰਿੰਦਰ ਸਿੰਘ ਸਾਹ ਘੁਮਾਣ, ਕੁਲਦੀਪ ਰਾਜ ਬਟਾਲਾ, ਸਰਬਜੀਤ ਸਿੰਘ ਭੰਮਬੋਈ, ਗੁਰਮੀਤ ਸਿੰਘ ਰਾਮਪੁਰ, ਰਛਪਾਲ ਸਿੰਘ ਕਜਮਪੁਰ, ਰਵਿੰਦਰ ਸਿੰਘ ਕਾਜਮਪੁਰ, ਲਖਵਿੰਦਰ ਸਿੰਘ ਹਰਪੁਰਾ, ਸੁਖਦੇਵ ਸਿੰਘ ਹਰਪੁਰਾ, ਸੰਤੋਖ ਸਿੰਘ, ਬਿਕਰਮਜੀਤ ਸਿੰਘ, ਤਰਸੇਮ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ, ਕਸ਼ਮੀਰ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ, ਕੁਲਵੰਤ ਸਿੰਘ, ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ, ਬਖਸਿਦਰ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਅਜਮੇਰ ਸਿੰਘ, ਰਤਨ ਸਿੰਘ, ਸੁਰਪ੍ਰੀਤ ਸਿੰਘ, ਮੁਖਤਿਆਰ ਸਿੰਘ, ਪਰਮਿੰਦਰ ਸਿੰਘ, ਸਰੂਪ ਸਿੰਘ, ਸਹਿਲਪ੍ਰੀਤ ਸਿੰਘ, ਸੂਰਤ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

# ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ, ਵੱਖ-ਵੱਖ ਥਾਵਾਂ 'ਤੇ ਕਰਵਾਏ ਜਾਗਰੂਕਤਾ ਸੈਮੀਨਾਰ

ਗੁਰਦਾਸਪੁਰ, 31 ਅਕਤੂਬਰ (ਜਗੀਰ ਸਿੰਘ ਮੰਡ/ਨਾਹਰ): ਆਦਿਤਿਆ ਐਸਐਸਪੀ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ, ਜਿਸ ਦੇ ਚੱਲਦਿਆਂ ਅੱਜ ਵੱਖ-ਵੱਖ ਸਥਾਨਾਂ 'ਤੇ ਸੈਮੀਨਾਰ ਕਰਵਾਏ ਗਏ।ਇਸ ਮੌਕੇ ਜਾਣਕਾਰੀ ਦਿੰਦਿਆਂ ਇੰਸਪੈਕਟਰ ਇੰਦਰਜੀਤ ਸਿੰਘ ਵਿਜੀਲੈਂਸ ਬਿਊਰੋ ਗੁਰਦਾਸਪੁਰ ਵੱਲੋਂ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਉਂਦੇ ਹੋਏ ਸਰਕਾਰੀ ਹਸਪਤਾਲ ਕਲਾਨੌਰ, ਤਹਿਸੀਲ ਦਫ਼ਤਰ ਕਲਾਨੌਰ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਹਿ ਸਿੰਘ ਸੀਨੀਅਰ ਸੈਕੰਡਰੀ ਸਕੂਲ ਕਲਾਨੌਰ ਤੇ ਬੱਸ ਅੱਡਾ ਗੁਰਦਾਸਪੁਰ ਵਿਖੇ ਸੈਮੀਨਾਰ ਕਰਵਾਏ ਗਏ। ਇਸ ਮੌਕੇ ਉਨ੍ਹਾਂ ਵੱਲੋਂ ਆਮ ਪਬਲਿਕ ਤੇ ਸਕੂਲ ਵਿੱਚ ਹਾਜ਼ਰ ਵਿਦਿਆਰਥੀਆਂ ਨੂੰ ਰਿਸ਼ਵਤਖੋਰੀ ਰੋਕਣ ਤੇ ਨਾ ਕਰਨ ਸਬੰਧੀ ਸਹੁੰ ਚਕਾਈ ਗਈ।ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਧੀਨ ਸ਼ਿਕਾਇਤ ਸਬੰਧੀ ਜਾਰੀ ਮੋਬਾਈਲ ਫੋਨ ਨੰਬਰਾਂ ਤੋਂ ਜਾਣੂੰ ਕਰਵਾਇਆ ਗਿਆ।ਉਨ੍ਹਾਂ ਦੱਸਿਆ ਕਿ ਟੋਲ ਫ੍ਰੀ ਨੰਬਰ1800 1800 1000, ਐਂਟੀ ਕਰੱਪਸ਼ਨ ਐਕਸ਼ਨ ਲਾਈਨ ਨੰਬਰ 95012-00200 ਜਾਂ ਹੈਲਪਲਾਈਨ ਨੰਬਰ 94178-91006 'ਤੇ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਜੋ ਭ੍ਰਿਸ਼ਟਾਚਾਰ ਦੇ ਵਿਰੁੱਧ ਨਕੇਲ ਕੱਸੀ ਜਾ ਸਕੇ।



# ਡੇਂਗੂ 'ਤੇ ਵਾਰ ਹਰ ਸ਼ੁੱਕਰਵਾਰ ਤਹਿਤ ਲਗਾਏ ਕੈਂਪ 'ਚ ਬੱਚਿਆਂ ਨੂੰ ਦਿੱਤੀ ਜਾਣਕਾਰੀ



**ਸਨਮਾਨਿਤ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਸ਼ੁੱਕਰਵਾਰ, 28 ਨਵੰਬਰ 2025 ਨੂੰ ਸ਼ਾਮ 4:00 ਵਜੇ** ਸਾਡੇ ਰਜਿਸਟਰਡ ਦਫ਼ਤਰ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕਿਰਪਾ ਕਰਨ।
**ਨੋਟ: ਸਮੇਂ ਦੀ ਪਾਬੰਦੀ ਇਨਾਮ (Punctuality Prizes) ਲਾਟਰੀ ਰਾਹੀਂ ਉਹਨਾਂ ਮੈਂਬਰਾਂ ਵਿਚਕਾਰ ਕੱਢੇ ਜਾਣਗੇ ਜੋ ਸ਼ਾਮ 4:00 ਤੋਂ 4:30 ਵਜੇ ਤੱਕ ਮੀਟਿੰਗ ਵਿੱਚ ਪਹੁੰਚ ਜਾਣਗੇ ਅਤੇ ਡਰਾਅ ਦੇ ਸਮੇਂ ਹਾਜ਼ਰ ਹੋਣਗੇ। ਜੇ ਚੁਣਿਆ ਗਿਆ ਮੈਂਬਰ ਗੈਰਹਾਜ਼ਰ ਹੋਵੇ, ਤਾਂ ਅਗਲਾ ਮੈਂਬਰ ਇਸ ਲਈ ਚੁਣਿਆ ਜਾਵੇਗਾ। ਜੇ ਕਿਸੇ ਮੈਂਬਰ ਨੂੰ ਐਜੰਡਾ ਆਈਟਮ ਨੰ. 2 ਸੰਬੰਧੀ ਕੋਈ ਸਪਸ਼ਟੀਕਰਣ ਜਾਂ ਜਾਣਕਾਰੀ ਲੈਣੀ ਹੋਵੇ, ਤਾਂ ਉਸ ਦੀ ਲਿਖਤੀ ਬੇਨਤੀ 25 ਨਵੰਬਰ 2025 ਸ਼ਾਮ 4:30 ਵਜੇ ਤੱਕ ਇਸ ਦਫ਼ਤਰ ਵਿੱਚ ਪਹੁੰਚ ਜਾਣੀ ਚਾਹੀਦੀ ਹੈ, ਤਾਂ ਜੋ ਅਸੀਂ ਯੋਗ ਜਵਾਬ ਦੇ ਸਕੀਏ। ਉਹੀ ਮੈਂਬਰ ਜੋ ਆਪਣੀ ਮੈਂਬਰਸ਼ਿਪ ਦੀ ਫੀਸ ਵਿੱਤੀ ਸਾਲ 31.03.2025 ਤੱਕ ਜਮ੍ਹਾਂ ਕਰਵਾ ਚੁੱਕੇ ਹਨ, ਸਿਰਫ਼ ਉਹੀ ਸਮੇਂ ਦੀ ਪਾਬੰਦੀ ਡਰਾਅ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ।**
**Followed by-Hi Tea**
Sd/- (Varun Kapoor) General Secretary 88833-21000
UCPMA/2025-27/1172/dated-30.10.2025

# ਫ਼ਿਲਮੀ

## ਦਿਲਟੁੰਬਵੀਂ ਸ਼ਾਇਰੀ ਤੇ ਆਵਾਜ਼ ਦਾ ਮਾਲਕ ਆਰ ਨੇਤ

ਕੁਲਦੀਪ ਸਿੰਘ ਲੋਹਟ
98764-92410

**ਆਰ** ਨੇਤ ਮਾਨਸਾ ਦੇ ਰੇਤਲੇ ਟਿੱਬਿਆਂ 'ਚ ਜੰਮਿਆ ਅਤੇ ਪੰਜਾਬ ਦੇ ਮਲਵੱਈ ਸੱਭਿਆਚਾਰ 'ਚ ਖੇਡ-ਮੱਲ ਕੇ ਜਵਾਨ ਹੋਇਆ ਸਿੱਧੇ ਸਾਦੇ ਜੱਟ ਸੁਭਾਅ ਦਾ ਸਿਰਕੱਢ ਗਵੱਈਆ ਹੈ। ਅੱਜਕੱਲ੍ਹ ਆਰ ਨੇਤ ਦੇ ਨਾਂ ਦੀ ਤੂਤੀ ਬੋਲ ਰਹੀ ਹੈ। ਨਵੀਂ ਪੀੜ੍ਹੀ ਉਸ ਦੇ ਗਾਉਣ ਤੇ ਲਿਖਣ ਦੇ ਅੰਦਾਜ਼ ਦੀ ਕਾਇਲ ਹੈ। ਨੇਤ ਨੇ ਆਪਣੀ ਬਾਕਮਾਲ ਸਟੇਜ ਪੇਸ਼ਕਾਰੀ ਦੇ ਨਾਲ-ਨਾਲ ਰੌਚਕ ਤੇ ਦਿਲਟੁੰਬਵੀਂ ਸ਼ਾਇਰੀ ਰਾਹੀਂ ਨਵੀਂ ਪੀੜ੍ਹੀ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉਸ ਦੇ ਸ਼ਾਇਰ ਮਨ ਦੀ ਵੇਦਨਾ ਨੇ ਪੰਜਾਬੀ ਸੰਗੀਤ ਜਗਤ ਨੂੰ ਸੈਂਕੜੇ ਗੀਤ ਦਿੱਤੇ। ਉਹ ਲਗਾਤਾਰ ਲਿਖ ਰਿਹਾ ਹੈ ਤੇ ਧੜਾਧੜ ਗਾ ਰਿਹਾ ਹੈ। ਨੇਤ ਨੂੰ ਪੁਰਾਣੇ ਗਾਇਕਾਂ ਦੇ ਗਾਣਿਆਂ ਨਾਲ ਲੋਹੜੇ ਦਾ ਇਸ਼ਕ ਹੈ। ਉਸ ਨੇ ਲਾਭ ਹੀਰਾ, ਅੰਮ੍ਰਿਤਾ ਵਿਰਕ ਵਰਗੇ ਗਵੱਈਆਂ ਨਾਲ ਆਵਾਜ਼ ਵੀ ਸਾਂਝੀ ਕੀਤੀ ਹੈ। ਨੇਤ ਦੀ ਜ਼ਿੰਦਗੀ ਦੇ ਮੁੱਢਲੇ ਦਿਨ ਸੰਘਰਸ਼ ਭਰੇ ਰਹੇ ਹਨ। ਆਰਥਿਕ ਵਸੀਲਿਆਂ ਦੀ ਥੋੜ੍ਹ ਨੇ ਉਸ ਨੂੰ ਰੱਜ ਕੇ ਝੰਬਿਆ। ਸੁਪਨੇ ਸਾਕਾਰ ਕਰਨ ਲਈ ਉਸ ਨੂੰ ਅਨੇਕਾਂ ਪਾਪੜ ਵੇਲਣੇ ਪਏ। ਢਿੱਡ ਦੀ ਅੱਗ ਬੁਝਾਉਣ ਲਈ ਉਸ ਨੇ ਖੇਤਾਂ ਨਾਲ ਇਸ਼ਕ ਕਰ ਲਿਆ। ਰੱਜ ਕੇ ਵਾਹੀ ਕੀਤੀ। ਖੇਤਾਂ ਦੀਆਂ ਵੱਟਾਂ 'ਤੇ ਘਾਹ ਦੀਆਂ ਤਿੜਾਂ ਪੁੱਟਣ ਵਾਲੇ ਹੱਥਾਂ 'ਚ ਜਦੋਂ ਕਲਮ ਆਉਂਦੀ ਹੈ ਤਾਂ ਤਬਦੀਲੀ ਦਾ ਮੁੱਢ ਵੀ ਬੱਝਦਾ ਹੈ। 'ਦੱਬਦਾ ਕਿੱਥੇ ਆ' ਗੀਤ ਹੱਢੀਂ ਹੰਢਾਇਆ ਸੱਚ ਸੀ, ਪਰ ਜਦੋਂ ਇਹ ਗੀਤ ਆਮ ਲੋਕਾਂ ਤੋਂ ਹਟ ਕੇ ਸਿਆਸਤਦਾਨਾਂ ਦੇ ਜਲਸਿਆਂ ਦਾ ਸ਼ਿੰਗਾਰ ਬਣਿਆ ਤਾਂ 'ਡਿਫਾਲਟਰ' ਜਿਹਾ ਇਹ ਮੁੰਡਾ ਕੱਦਾਵਰ ਗਵੱਈਆ ਹੋ ਕੇ ਨਿੱਤਰਿਆ। ਇਸ ਗੀਤ ਦੇ ਬੋਲ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਏ। ਇਸ ਗੀਤ ਦੀ ਸਫਲਤਾ ਨੇ ਨੇਤ ਦੇ ਭਲੇ ਦਿਨਾਂ ਦਾ ਮੁੱਢ ਹੀ ਨਹੀਂ ਬੰਨ੍ਹਿਆ ਸਗੋਂ ਗੁਰਬਤ ਦੀ ਜੋਕ ਨੂੰ ਵੀ ਤੋੜ ਕੇ ਸੁੱਟ ਦਿੱਤਾ। ਉਹ ਆਪਣੇ ਗੀਤਾਂ ਵਿੱਚ ਆਪਣੀ ਇਸ ਮਾਣਮੱਤੀ ਪ੍ਰਾਪਤੀ ਦਾ ਵਰਣਨ ਬਾਖ਼ੂਬੀ ਕਰਦਾ ਹੈ। ਨੇਤ ਪਹਿਲਾਂ ਇੱਕ ਗੀਤਕਾਰ ਤੇ ਮਗਰੋਂ ਗਵੱਈਆ ਹੈ। ਉਸ ਦੇ ਸ਼ਾਇਰਾਨਾ ਅੰਦਾਜ਼ ਤੇ ਗੀਤਾਂ ਦੀ ਰਚਨਾਤਮਕਤਾ ਦਾ ਅੜਬਈ ਸੰਵਾਦ ਉਸ ਨੂੰ ਅਜੋਕੀ ਗੀਤਕਾਰੀ ਦੇ ਸੰਦਰਭ 'ਚੋਂ ਨਿਖੇੜ ਕੇ ਰੱਖਦਾ ਹੈ। ਉਹ ਸੰਘਰਸ਼ੀਲ ਵੀ ਹੈ ਤੇ ਸਿਰੜੀ ਵੀ। ਸੋਚ ਸਮਝ, ਲਿਆਕਤ ਤੇ ਤਹਿਜ਼ੀਬ ਉਸ ਦੀਆਂ ਲਿਖਤਾਂ 'ਚੋਂ ਗੁਰਬਤ ਉਸ ਦੀ ਪਹਿਲੀ ਮਸ਼ੂਕ ਹੈ ਤੇ ਸੰਘਰਸ਼ ਉਸ ਦਾ ਸੱਚਾ ਇਸ਼ਕ ਹੈ। ਉਸ ਦੇ ਗੀਤ ਨਿੱਜ ਦੁਆਲੇ ਘੁੰਮਦੇ ਹਨ, ਪ੍ਰੰਤੂ ਲਿਖਤਾਂ ਵਿਚਲਾ ਦਰਦ ਹਰ ਆਸ਼ਕ ਦੀ ਪੀੜਾ ਹੋ ਨਿੱਬੜਦਾ ਹੈ। ਉਸ ਦੀਆਂ ਲਿਖਤਾਂ ਦਾ ਇੱਕ-ਇੱਕ ਸ਼ਬਦ ਸੁਣਨ ਵਾਲਿਆਂ ਨੂੰ ਧੁਰ ਅੰਦਰ ਤੱਕ ਝੰਜੋੜ ਦਿੰਦਾ ਹੈ। ਉਸ ਦੇ ਗੀਤ ਪ੍ਰੇਰਨਾਮਈ ਵੀ ਹਨ, ਬਸ ਉਨ੍ਹਾਂ ਨੂੰ ਸਮਝਣ ਦੀ ਲੋੜ ਹੈ। ਉਸ ਨੂੰ ਆਪਣੀਆਂ ਪ੍ਰਾਪਤੀਆਂ 'ਤੇ ਨਾਜ਼ ਹੈ। ਅਧੂਰੇ ਇਸ਼ਕ ਦੀ ਕਹਾਣੀ ਦਾ ਕਲਾਮਈ ਵਰਣਨ ਸੁਣ ਕੇ ਸੋਚ ਦੇ ਦਰਵਾਜ਼ੇ ਖੋਲ੍ਹਣ ਲਈ ਮਜਬੂਰ ਕਰਦਾ ਹੈ। ਉਸ ਦੀ ਹਰੇਕ ਰਚਨਾ ਉਸ ਦੇ ਅਚੇਤ ਮਨ ਦੇ ਬਹੁਤ ਨੇੜੇ ਹੈ। ਉਸ ਦਾ ਹਰ ਗੀਤ ਜੋਬਨ ਰੁੱਤ ਦੇ ਹਸੀਨ ਵਰਤਾਰਿਆਂ 'ਤੇ ਕੇਂਦਰਿਤ ਹੈ। ਉਹ ਇਨ੍ਹਾਂ ਵਰਤਾਰਿਆਂ

> **ਨੇਤ ਪਹਿਲਾਂ ਇੱਕ ਗੀਤਕਾਰ ਤੇ ਮਗਰੋਂ ਗਵੱਈਆ ਹੈ। ਉਸ ਦੇ ਸ਼ਾਇਰਾਨਾ ਅੰਦਾਜ਼ ਤੇ ਗੀਤਾਂ ਦੀ ਰਚਨਾਤਮਕਤਾ ਦਾ ਅੜਬਈ ਸੰਵਾਦ ਉਸ ਨੂੰ ਅਜੋਕੀ ਗੀਤਕਾਰੀ ਦੇ ਸੰਦਰਭ 'ਚੋਂ ਨਿਖੇੜ ਕੇ ਰੱਖਦਾ ਹੈ। ਉਹ ਸੰਘਰਸ਼ੀਲ ਵੀ ਹੈ ਤੇ ਸਿਰੜੀ ਵੀ। ਸੋਚ ਸਮਝ, ਲਿਆਕਤ ਤੇ ਤਹਿਜ਼ੀਬ ਉਸ ਦੀਆਂ ਲਿਖਤਾਂ 'ਚੋਂ ਸਹਿਜੇ ਮਹਿਸੂਸ ਕੀਤੀ ਜਾ ਸਕਦੀ ਹੈ। ਮਾਪਿਆਂ ਦਾ ਨੇਤ ਰਾਮ ਤੇ ਚਾਹੁਣ ਵਾਲਿਆਂ ਦਾ ਆਰ ਨੇਤ ਆਧੁਨਿਕ ਦੌਰ ਦੀ ਗਾਇਕੀ ਦਾ ਮਸ਼ਹੂਰ ਫਨਕਾਰ ਹੈ।**

ਸਹਿਜੇ ਮਹਿਸੂਸ ਕੀਤੀ ਜਾ ਸਕਦੀ ਹੈ। ਮਾਪਿਆਂ ਦਾ ਨੇਤ ਰਾਮ ਤੇ ਚਾਹੁਣ ਵਾਲਿਆਂ ਦਾ ਆਰ ਨੇਤ ਆਧੁਨਿਕ ਦੌਰ ਦੀ ਗਾਇਕੀ ਦਾ ਮਸ਼ਹੂਰ ਫਨਕਾਰ ਹੈ। ਆਰ ਨੇਤ ਦੇ ਗੀਤ ਸਿੱਧ ਪੱਧਰੇ ਹੁੰਦੇ ਹਨ। ਤਿੱਖੇ ਤੀਰਾਂ ਵਰਗੇ। ਜਿਹੜੇ ਤਰਕਸ਼ 'ਚੋਂ ਨਿਕਲਦਿਆਂ ਹੀ ਕਲੇਜਾ ਬਿੰਨ੍ਹ ਦਿੰਦੇ ਹਨ। ਉਸ ਦੀ ਲਿਖਣ ਸ਼ੈਲੀ ਨੂੰ ਗਹੁ ਨਾਲ ਫਰੋਲੀਏ ਤਾਂ ਉਹ ਹਕੀਕੀ ਇਸ਼ਕ ਦੀ ਪੈੜ ਦੱਬਦਾ ਹੈ। ਵਿੱਚੋਂ ਹੀ ਉਪਜੀ ਪੀੜ ਨੂੰ ਰੱਜਵਾਂ ਮੋਹ ਕਰਦਾ ਹੈ। ਇਸ ਪੀੜ ਨੂੰ ਹੰਢਾਉਂਦਿਆਂ ਉਸ ਨੇ ਬਹੁਤ ਗੀਤ ਲਿਖੇ ਹਨ। ਉਸ ਦੇ ਭਾਵਨਾਤਮਕ ਅਹਿਸਾਸਾਂ ਦੀ ਵੇਦਨਾ ਉਸ ਦੀ ਰਚਨਾਤਮਕ ਸ਼ੈਲੀ ਵਿੱਚੋਂ ਸਹਿਜੇ ਹੀ ਦੇਖੀ ਜਾ ਸਕਦੀ ਹੈ। ਉਹ ਆਪਣੇ ਆਪ ਵਿੱਚ ਮੁਹੱਬਤ ਦਾ ਸ਼ੁਦਾਈ ਹੈ। ਉਸ ਨੇ ਹਕੀਕੀ ਇਸ਼ਕ ਨੂੰ ਨਿੱਠ ਕੇ ਹੰਢਾਇਆ ਹੈ। ਇਸ ਦਾ ਨਮੂਨਾ ਦੇਖੋ;



**ਵੈਸੇ ਤਾਂ ਪਿਆਰ ਵੀਰੇ ਮਾਪਿਆ ਨੀ ਜਾਂਦਾ।**
**ਕਿਸੇ ਬੁੱਕ ਅਖ਼ਬਾਰਾਂ ਵਿੱਚ ਛਾਪਿਆ ਨੀ ਜਾਂਦਾ।**
**ਇਸ਼ਕ ਮੇਰੇ ਦਾ ਜਦੋਂ ਵੱਜਿਆ ਸੀ ਵਾਜਾ**
**ਉਦੋਂ ਮੋਟਾ-ਮੋਟਾ ਮਿੱਤਰਾਂ ਨੇ ਲਾਇਆ ਸੀ ਅੰਦਾਜ਼ਾ**
**ਪੱਥਰਾਂ ਦੇ ਘਰਾਂ 'ਚ ਪੱਥਰ ਦਿਲ ਹੋ ਗਏ**
**ਪਿਆਰ ਹੁਣ ਕੱਚਿਆਂ ਮਕਾਨਾਂ ਵਿੱਚ ਰਹਿ ਗਿਆ।**
**ਕਦੇ ਟਨਾਂ ਵਿੱਚ ਹੁੰਦਾ ਸੀ ਪਿਆਰ ਟੁੱਟ ਪੈਣੀ ਦਾ**
**ਤੇ ਹੌਲੀ-ਹੌਲੀ ਮਿੱਤਰੋ ਗ੍ਰਾਮਾਂ ਵਿੱਚ ਰਹਿ ਗਿਆ।**

ਨੇਤ ਦੀ ਰਚਨਾ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ। ਉਸ ਦੇ ਅੰਦਰ ਸਾਰਥਿਕ, ਕਲਾਤਮਕ ਤੇ ਸੰਵੇਦਨਸ਼ੀਲ ਅਹਿਸਾਸ ਹਨ ਜੋ ਨਵੀਂ ਪੀੜ੍ਹੀ ਦੇ ਸੁਣਨ ਤੇ ਦੇਖਣ ਵਾਲਿਆਂ ਨੂੰ ਸਹਜ ਸਵਾਦ ਦਿੰਦੇ ਹਨ, ਟੁੰਬਦੇ ਹਨ ਤੇ ਪ੍ਰਭਾਵਿਤ ਵੀ ਕਰਦੇ ਹਨ। ਉਸ ਨੂੰ ਆਪਣੇ ਸੁਪਨਿਆਂ ਦਾ ਸੰਸਾਰ ਬੜਾ ਹਸੀਨ ਜਾਪਦਾ ਹੈ। ਅਜਿਹੇ ਹਸੀਨ ਸੁਪਨਿਆਂ ਦੀ ਦੁਨੀਆ 'ਚ ਗੁਆਚਿਆ ਉਹ ਲਿਖਤਾਂ ਦੀ ਨਾਇਕਾ ਦੇ ਹੁਸਨ ਦੀ ਰੱਜਵੀਂ ਤਾਰੀਫ਼ ਵੀ ਕਰਦਾ ਹੈ। ਸ਼ਬਦਾਂ ਦੀ ਖ਼ੂਬਸੂਰਤੀ ਤੇ ਉਸ ਦੇ ਖ਼ਿਆਲ ਵੀ ਬਾਕਮਾਲ ਹਨ। ਸੰਘਰਸ਼ ਦੀ ਭੱਠੀ 'ਚ ਤਪਦਿਆਂ ਉਹ ਮੰਜ਼ਿਲ ਦੇ ਮੁਕਾਮ ਵੱਲ ਤਾਂ ਵਧ ਗਿਆ, ਪ੍ਰੰਤੂ ਮੁਹੱਬਤ ਦੇ ਸੁਪਨਿਆਂ ਦੀ ਚਾਹਤ ਪ੍ਰਤੀ ਹਾਲੇ ਵੀ ਫ਼ਿਕਰਮੰਦ ਦਿਖਾਈ ਦਿੰਦਾ ਹੈ। ਆਰ ਨੇਤ ਕੋਲ ਸ਼ਬਦਾਂ ਦਾ ਅਥਾਹ ਭੰਡਾਰ ਹੈ। ਉਸ ਦੀ ਕਲਪਨਾ ਦੀ ਉਡਾਣ ਅੰਬਰਾਂ ਤੋਂ ਵੀ ਅੱਗੇ ਤੀਕਰ ਅੱਪੜ ਜਾਂਦੀ ਹੈ। ਚੰਗਾ ਭਲਾ ਲਿਖਣ ਵਾਲੇ ਨੇਤ ਦਾ ਨਵਾਂ ਗੀਤ '315' ਵਿਵਾਦਾਂ 'ਚ ਘਿਰ ਗਿਆ ਹੈ। ਮਲਵੱਈਆਂ ਦੀ ਉਚਾਰਨ ਸ਼ੈਲੀ ਦੇ ਬਹੁਤੇ ਸ਼ਬਦ ਉਸ ਦੀਆਂ ਲਿਖਤਾਂ ਦਾ ਅੰਗ ਬਣ ਚੁੱਕੇ ਹਨ। ਨੇਤ ਨੇ ਨਵੇਂ-ਨਵੇਂ ਅਲੰਕਾਰ, ਤਸ਼ਬੀਹਾਂ ਅਤੇ ਬਿੰਬ ਸਿਰਜੇ ਹਨ। ਉਸ ਦੇ ਗੀਤਾਂ ਦੇ ਕਾਫ਼ੀਏ ਵੀ ਢੁੱਕਵੇਂ ਅਤੇ ਤੁਕਾਂਤ ਤੋਲ ਤੇ ਵਜ਼ਨ ਤੋਲ ਵਿੱਚ ਵੀ ਪਰਿਪੱਕ ਹੁੰਦੇ ਹਨ। ਨੇਤ ਦੀ ਲਿਖਣ ਸ਼ੈਲੀ ਦੱਸਦੀ ਹੈ ਕਿ ਉਹ ਨਵੇਂ ਯੁੱਗ ਦੀ ਇਸ ਪੀੜ੍ਹੀ ਦਾ ਸਿਰਮੌਰ ਗਾਇਕ ਬਣ ਕੇ ਆਪਣੀ ਮਧੁਰ ਆਵਾਜ਼, ਦਿਲਕਸ਼, ਰੌਚਕ ਤੇ ਸੰਵੇਦਨਸ਼ੀਲ ਗੀਤਕਾਰੀ ਰਾਹੀਂ ਸੰਗੀਤ ਦੇ ਬਦਲਦੇ ਦੌਰ ਅਤੇ ਨਵੀਆਂ ਤਕਨੀਕਾਂ ਰਾਹੀਂ ਨਵੀਂ ਪੀੜ੍ਹੀ ਨੂੰ ਟੁੰਬਦਾ ਰਹੇਗਾ।

## ਬਾਬਾ ਬੇਲੀ : ਮਿਆਰੀ ਗੀਤਾਂ ਦਾ ਰਖਵਾਲਾ

**ਜਿਵੇਂ** ਮਿਆਰੀ ਗੀਤ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਸੰਸਾਰ ਅੱਗੇ ਪੇਸ਼ ਕਰਦੇ ਹਨ, ਉਸੇ ਤਰ੍ਹਾਂ ਕੁਝ ਭਟਕਾਊ ਗੀਤ ਸਮਾਜ ਦੇ ਦਰਪਣ ਨੂੰ ਧੁੰਦਲਾ ਕਰਨ ਦਾ ਕੰਮ ਵੀ ਕਰਦੇ ਹਨ। ਇਸ ਵਿਚ ਕੋਈ ਦੋ ਰਾਏ ਨਹੀ ਕਿ ਜਦੋਂ ਲਿਖਣ ਵਾਲਾ ਸੁਚੱਜੇ ਵਿਚਾਰ ਲਿਖੇਗਾ, ਗਾਉਣ ਵਾਲਾ ਮਿੱਠੀ ਆਵਾਜ਼ ਨਾਲ ਉਹਨਾਂ ਨੂੰ ਸੁਣਾਵੇਗਾ ਅਤੇ ਸੁਣਨ ਵਾਲਾ ਵੀ ਚੋਣਵਾਂ ਸੁਣਨ ਦੀ ਆਦਤ ਪਾਲੇਗਾ, ਤਦੋਂ ਹੀ ਸਾਡਾ ਧਨੀ ਪੰਜਾਬੀ ਸੱਭਿਆਚਾਰ, ਰਿਸ਼ਤੇ-ਨਾਤੇ ਅਤੇ ਵਿਰਾਸਤ ਪੀੜ੍ਹੀ-ਦਰ-ਪੀੜ੍ਹੀ ਸਾਂਭੇ ਰਹਿਣਗੇ। ਇਹ ਵੀ ਸੱਚ ਹੈ ਕਿ ਅਜਿਹੇ ਚੰਗੇ ਲਿਖਣ, ਗਾਉਣ ਅਤੇ ਸੁਣਨ ਵਾਲਿਆਂ ਦੀ ਗਿਣਤੀ ਘੱਟ ਹੈ, ਪਰ ਜੋ ਥੋੜ੍ਹੇ ਹਨ ਉਹ ਸਾਡੇ ਲਈ ਮਾਣ ਦਾ ਕਾਰਨ ਹਨ। ਉਹੀ ਚਮਕਦਾ ਹੀਰਾ ਹੈ - ਬਾਬਾ ਬੇਲੀ। ਉਸਦੇ ਗੀਤਾਂ ਵਿਚੋਂ ਪੰਜਾਬੀ ਸੱਭਿਆਚਾਰ ਦੀ ਮਿੱਟੀ ਦੀ ਖੁਸ਼ਬੂ ਅਤੇ ਪੁਰਖਿਆਂ ਦੀ ਵਿਰਾਸਤ ਦੀ ਰੌਣਕ ਝਲਕਦੀ ਹੈ। ਜਦੋਂ ਵੀ ਬਾਬਾ ਬੇਲੀ ਦੇ ਗੀਤ ਸੁਣੇ ਜਾਂਦੇ ਹਨ, ਮਾਣ ਮਹਿਸੂਸ ਹੁੰਦਾ ਹੈ ਕਿ ਸਾਡੀ ਧਰਤੀ ਅਜੇ ਵੀ ਅਜਿਹੇ ਕਲਾਕਾਰਾਂ ਨਾਲ ਧੰਨ ਹੈ। ਜਿਲ੍ਹਾ ਤਰਨਤਾਰਨ ਦੇ ਪਿੰਡ ਦੋਬਲੀਆਂ ਦੇ ਵਸਨੀਕ ਹਰਪ੍ਰੀਤ ਸਿੰਘ, ਜਿਹਨੂੰ ਦੁਨੀਆ ਬਾਬਾ ਬੇਲੀ ਦੇ ਨਾਂ ਨਾਲ ਜਾਣਦੀ ਹੈ, ਨੇ ਆਪਣੇ ਨਾਮ ਲਈ ਦੋ ਸ਼ਬਦ ਚੁਣੇ ਜੋ ਪੰਜਾਬੀ ਜੀਵਨ ਦਰਸ਼ਨ ਦਾ ਸਰੂਪ ਹਨ। "ਬਾਬਾ" ਅਰਥਾਤ ਗਿਆਨਵਾਨ ਤੇ ਸਿਆਣਾ, ਜਦਕਿ "ਬੇਲੀ" ਦਾ ਮਤਲਬ ਸਾਥੀ ਜਾਂ ਸੰਗੀ। ਉਸਦੇ ਨਾਮ ਦੇ ਇਹ ਦੋ ਸ਼ਬਦ ਹੀ ਉਸਦੀ ਕਲਾ, ਸੋਚ ਅਤੇ ਸ਼ਖ਼ਸੀਅਤ ਨੂੰ ਬਿਆਨ ਕਰ ਦਿੰਦੇ ਹਨ। ਬਾਬਾ ਬੇਲੀ ਕੋਲ ਜਿੱਥੇ ਅੰਦਰੂਨੀ ਭਾਵਨਾਵਾਂ ਨੂੰ ਸ਼ਬਦਾਂ ਵਿਚ ਪਿਰੋਣ ਦੀ ਸਾਹਿਤਕ ਸਮਝ ਹੈ, ਉੱਥੇ ਗਾਇਕੀ ਲਈ ਕੀਤੀ ਉਸਦੀ ਮਿਹਨਤ ਵੀ ਉਸਦੇ



ਗੀਤਾਂ ਨੂੰ ਵੱਖਰਾ ਅਸਰ ਬਖ਼ਸ਼ਦੀ ਹੈ। ਆਪਣੀ ਮਿੱਠੜੀ ਆਵਾਜ਼, ਸਾਫ਼ ਸੋਚ ਅਤੇ ਸਾਹਿਤਕ ਬੋਲਾਂ ਰਾਹੀ ਉਸਨੇ ਆਪਣੇ ਆਪ ਨੂੰ ਚੋਣਵੇਂ ਕਲਾਕਾਰਾਂ ਦੀ ਕਤਾਰ ਵਿਚ ਸ਼ਾਮਲ ਕਰਵਾ ਲਿਆ ਹੈ। ਅੱਜ ਬਾਬਾ ਬੇਲੀ ਜਿੱਥੇ ਆਪਣੀ ਸ਼ਾਇਰੀ

ਰਾਜੇਸ਼ਵਰ ਪਿੰਟੂ
98553 22886

ਰਾਹੀ ਨੌਜਵਾਨ ਦਿਲਾਂ ਦੀ ਧੜਕਣ ਹੈ, ਉੱਥੇ ਹੀ ਉਸਦੇ "ਲਾਵਾਂ" ਵਰਗੇ ਨਿਰੋਲ ਸਾਹਿਤਕ ਗੀਤ ਸੁਣਨ ਵਾਲਿਆਂ ਲਈ ਸਰਮਾਇਆ ਬਣੇ ਹੋਏ ਹਨ। ਹਾਲ ਹੀ ਵਿੱਚ ਰਿਲੀਜ਼ ਹੋਇਆ ਉਸਦਾ ਗੀਤ "ਤੇਰੀ ਭੂਆ" ਵੀ ਵੱਖਰੀ ਪਹਚਾਣ ਬਣਾਉਂਦਾ ਹੈ। ਇਹ ਗੀਤ ਸਿਰਫ਼ ਭੂਆ ਦੇ ਰਿਸ਼ਤੇ ਪ੍ਰਤੀ ਨੌਜਵਾਨਾਂ ਦੇ ਮਨਾਂ ਵਿੱਚ ਸਤਿਕਾਰ ਜਗਾਉਣ ਦਾ ਸਾਧਨ ਨਹੀ, ਸਗੋਂ ਮਿਆਰੀ ਗੀਤ ਲਿਖਣ ਤੇ ਗਾਉਣ ਵਾਲਿਆਂ ਲਈ ਪ੍ਰੇਰਣਾ ਸਰੋਤ ਵੀ ਹੈ। ਮੇਰੀ ਪਹਿਲੀ ਜਾਣ-ਪਹਿਚਾਣ ਬਾਬਾ ਬੇਲੀ ਨਾਲ ਉਦੋਂ ਹੋਈ ਜਦੋਂ ਕੰਵਰ ਗਰੇਵਾਲ ਦਾ ਹਿੱਟ ਗਾਣਾ "ਜਿਨ੍ਹਾਂ ਨੂੰ ਤੂੰ ਦਿਸਦਾ ਉਹ ਕੋਈ ਹੋਰ ਹੀ ਅੱਖਾਂ ਨੇ" ਸੁਣਿਆ। ਉਸ ਵੇਲੇ ਪਤਾ ਲੱਗਾ ਕਿ ਇਸਦੇ ਲੇਖਕ ਬਾਬਾ ਬੇਲੀ ਹਨ। ਪਹਿਲਾਂ ਅਕਸਰ ਸੁਣਦਾ ਸੀ ਕਿ ਕੋਈ ਬਾਬਾ ਬੇਲੀ ਨਾਂ ਦਾ ਲੇਖਕ ਤੇ ਗਾਇਕ ਹੈ, ਪਰ ਸੱਚੀ ਮੁਲਾਕਾਤ ਤਦੋਂ ਹੋਈ ਜਦੋਂ ਮੈਂ ਪ੍ਰੀਤ ਵਿਹਾਰ ਵਿੱਚ ਰਿਹਾਇਸ਼ ਕੀਤੀ। ਉੱਥੇ ਉਸਦੇ ਨਾਲ ਰੂ-ਬਰੂ ਹੋਣ ਦਾ ਮੌਕਾ ਮਿਲਿਆ। ਬਾਬਾ ਬੇਲੀ ਦੀ ਕਲਾ ਸਿਰਫ਼ ਉਸਦੀ ਨਹੀ, ਸਗੋਂ ਪੂਰੇ ਪੰਜਾਬ ਦੀ ਧਰੋਹਰ ਹੈ। ਉਹ ਵਪਾਰਕ ਹਿਸਾਬ ਨਾਲ ਨਹੀ ਲਿਖਦਾ, ਪਰ ਜੋ ਵੀ ਲਿਖਦਾ ਹੈ ਉਹ ਜੀਵਨ ਦੇ ਨੇੜੇ ਤੇੜੇ ਹੁੰਦਾ ਹੈ। ਉਸਦੇ ਗੀਤਾਂ ਵਿਚ ਰੂਹ ਦੀ ਸਚਾਈ ਤੇ ਜ਼ਿੰਦਗੀ ਦੇ ਤਜਰਬੇ ਰਚੇ-ਬਸੇ ਹਨ। ਰੁਜ਼ਗਾਰ ਦੇ ਪੱਖੋਂ ਭਾਵੇਂ ਅਜੇ ਉਹ ਬਹੁਤਾ ਸੈਟ ਨਹੀ ਹੋਇਆ, ਪਰ ਉਸਦੀ ਕਲਾਤਮਕ ਮਹਾਨਤਾ ਬੇਮਿਸਾਲ ਹੈ। ਜੇ ਪੰਜਾਬੀ ਕੌਮ ਉਸਦੀ ਅਸਲ ਪਛਾਣ ਕਰ ਲਵੇ, ਤਾਂ ਇਹ ਸੰਗੀਤਕ ਧਰਤੀ ਲਈ ਵੱਡਾ ਅਹਿਸਾਨ ਹੋਵੇਗਾ। ਅੱਜ ਬਾਬਾ ਬੇਲੀ ਧੂਰੀ ਵਿਚ ਰਹਿੰਦਾ ਹੈ, ਪਰ ਉਸਦੀ ਕਰਮਭੂਮੀ ਸਿਰਫ਼ ਇੱਕ ਸ਼ਹਿਰ ਨਹੀ, ਸਾਰਾ ਪੰਜਾਬ ਹੈ। ਉਸਦੀ ਸੋਚ ਦਾ ਦਾਇਰਾ ਵਿਸ਼ਾਲ ਹੈ, ਜਿਸਦਾ ਸਾਥ ਸੁਲਝੇ ਹੋਏ ਮਿੱਤਰਾਂ ਦੀ ਮੰਡਲੀ ਦੇ ਰੂਪ ਵਿਚ ਉਸਨੂੰ ਮਿਲਦਾ ਹੈ। ਅੰਤ ਵਿੱਚ ਪੰਜਾਬੀਆਂ ਨੂੰ ਮੇਰੀ ਨਿਮਰ ਬੇਨਤੀ ਹੈ ਕਿ ਇੱਕ ਵਾਰੀ ਜ਼ਰੂਰ ਬਾਬਾ ਬੇਲੀ ਨੂੰ ਖੋਜੋ, ਸੁਣੋ ਅਤੇ ਸਮਝੋ। ਯਕੀਨਨ ਤੁਹਾਨੂੰ ਉਸਦੀ ਕਲਾ ਵਿਚੋਂ ਆਪਣੇ ਹੀ ਰੂਹਾਨੀ ਅਹਿਸਾਸਾਂ ਦੀ ਪਰਛਾਂਵੀਆਂ ਮਿਲਣਗੀਆਂ। ਬਾਬਾ ਬੇਲੀ ਵਰਗੇ ਕਲਾਕਾਰ ਸੱਚਮੁੱਚ ਪੰਜਾਬੀ ਗਾਇਕੀ ਤੇ ਗੀਤਕਾਰੀ ਦਾ ਮਾਣ ਹਨ।

## ਪੰਜਾਬ ਦੇ ਉਹ ਗਾਇਕ ਜੋ ਦੇ ਗਏ ਛੇਤੀ ਵਿਛੋੜਾ

ਹਰਪਿੰਦਰ ਸਿੰਘ ਟੌਹੜਾ

**"ਪੰਜਾਬ** ਦੇ ਜਿੰਨੇ ਵੀ ਗਾਇਕ ਛੋਟੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਛੱਡ ਕੇ ਗਏ ਉਨ੍ਹਾਂ ਦੀ ਮੌਤ ਨਾਲ ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ"। ਇਹ ਸ਼ਬਦ ਹਨ ਪੰਜਾਬ ਦੇ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸੰਧੂ ਨੇ ਗੱਲਬਾਤ ਦੌਰਾਨ ਕਹੇ। ਸ਼ਮਸ਼ੇਰ ਸੰਧੂ ਉਨ੍ਹਾਂ ਗਾਇਕਾਂ ਬਾਰੇ ਗੱਲਬਾਤ ਕਰ ਰਹੇ ਸਨ, ਜਿਨ੍ਹਾਂ ਦੀ ਮੌਤ ਘੱਟ ਉਮਰ ਵਿੱਚ ਹੋ ਗਈ। ਦਰਅਸਲ ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਦਾ ਇਲਾਜ ਦੌਰਾਨ 8 ਅਕਤੂਬਰ ਨੂੰ ਦੇਹਾਂਤ ਹੋ ਗਿਆ। ਰਾਜਵੀਰ ਜਵੰਦਾ ਨੇ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਮ ਤੋੜਿਆ। ਰਾਜਵੀਰ ਜਵੰਦਾ 27 ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਬੱਦੀ ਨੇੜੇ ਇੱਕ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਜਿਸ ਵੇਲੇ ਇਹ ਹਾਦਸਾ ਵਾਪਰਿਆ ਰਾਜਵੀਰ ਮੋਟਰਸਾਈਕਲ 'ਤੇ ਸਨ, ਜਿਸ ਮਗਰੋਂ ਉਨ੍ਹਾਂ ਨੂੰ 27 ਸਤੰਬਰ ਤੋਂ ਫੋਰਟਿਸ ਹਸਪਤਾਲ ਵਿੱਚ ਵੈਂਟੀਲੇਟਰ ਤੇ ਰੱਖਿਆ ਗਿਆ ਸੀ। ਰਾਜਵੀਰ ਜਵੰਦਾ 35 ਸਾਲ ਦੇ ਸਨ, ਉਨ੍ਹਾਂ ਦਾ ਜਨਮ ਸਾਲ 1990 ਵਿੱਚ ਲੁਧਿਆਣਾ ਦੇ ਪਿੰਡ ਪੋਨਾ ਵਿੱਚ ਹੋਇਆ ਸੀ। ਰਾਜਵੀਰ ਜਵੰਦਾ ਨੇ ਗਾਇਕੀ ਦੇ ਸਫ਼ਰ ਦੌਰਾਨ ਕਈ ਹਿੱਟ ਗੀਤ ਗਾ ਚੁੱਕੇ ਹਨ। ਉਨ੍ਹਾਂ ਦੇ ਗੀਤ ਜਿਵੇਂ ਕਿ ਜੋਗੀਆ, ਕੰਗਣੀ, ਸਰਦਾਰੀ, ਜੰਮੇ ਨਾਲ ਦੇ, ਕਲੀ ਜਾਵੰਦੇ ਦੀ, ਧੀਆਂ, ਮਾਵਾਂ ਕਾਫੀ ਮਸ਼ਹੂਰ ਹੋਏ ਹਨ। ਰਾਜਵੀਰ ਜਵੰਦਾ ਨੇ ਗਾਇਕੀ ਦੀ ਦੁਨੀਆਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਲੋਕ ਗੀਤ-ਸੰਗੀਤ ਉਨ੍ਹਾਂ ਦੀ ਪਹਿਲੀ ਪਸੰਦ ਅਤੇ ਉਨ੍ਹਾਂ ਦੀ ਅਵਾਜ਼ ਦੀ ਖਾਸੀਅਤ ਵੀ ਰਹੀ। ਉਨ੍ਹਾਂ ਦੇ ਪਹਿਰਾਵੇ ਦੀ ਵੀ ਕਾਫੀ ਚਰਚਾ ਹੁੰਦੀ ਰਹੀ ਹੈ। ਕਈ ਸਾਥੀ ਕਲਾਕਾਰ ਰਾਜਵੀਰ ਜਵੰਦਾ ਦੀ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਖਾਸੀਅਤ ਦੀ ਵੀ ਚਰਚਾ ਕਰਦੇ ਰਹੇ ਹਨ।

### ਕਈ ਪੰਜਾਬੀ ਗਾਇਕਾਂ ਦੀ ਛੋਟੀ ਉਮਰ 'ਚ ਹੋਈ ਮੌਤ

ਰਾਜਵੀਰ ਜਵੰਦਾ ਦੀ ਤਰ੍ਹਾਂ ਪੰਜਾਬ ਦੇ ਕਈ ਹੋਰ ਗਾਇਕ ਵੀ ਹਨ ਜੋ ਵੱਖ-ਵੱਖ ਕਾਰਨਾਂ ਕਰਕੇ ਛੋਟੀ ਉਮਰ ਵਿੱਚ ਹੀ ਇਸ ਦੁਨੀਆਂ ਤੋਂ ਚਲੇ ਗਏ। ਪੰਜਾਬ ਦੇ ਕਈ ਅਜਿਹੇ ਨਾਮੀ ਕਲਾਕਰ ਹੋਏ ਹਨ, ਜਿਨ੍ਹਾਂ ਦੀ ਮੌਤ ਕਿਸੇ ਨਾ ਕਿਸੇ ਕਾਰਨ ਛੋਟੀ ਉਮਰ ਵਿੱਚ ਹੀ ਹੋ ਗਈ ਪਰ ਅੱਜ ਵੀ ਉਨ੍ਹਾਂ ਦੇ ਸਰੋਤੇ ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਸੁਣਦੇ ਹਨ।

### ਸਿੱਧੂ ਮੂਸੇ ਵਾਲਾ

ਮਾਨਸਾ ਦੇ ਪਿੰਡ ਮੂਸਾ ਦੇ ਵਸਨੀਕ ਸਿੱਧੂ ਮੂਸੇਵਾਲਾ ਵੀ ਛੋਟੀ ਉਮਰ ਵਿੱਚ ਕਾਫ਼ੀ ਮਕਬੂਲ ਹੋਏ ਸਨ। 1993 ਵਿੱਚ ਜਨਮੇ ਸਿੱਧੂ ਮੂਸੇਵਾਲਾ ਦਾ ਕਤਲ 29 ਮਈ 2022 ਨੂੰ ਕਰ ਦਿੱਤਾ ਗਿਆ ਸੀ। ਸਿੱਧੂ ਮੂਸੇਵਾਲਾ ਨੇ 28 ਸਾਲ ਦੀ ਉਮਰ ਤੱਕ ਕਾਫ਼ੀ ਪ੍ਰਸਿੱਧੀ ਹਾਸਲ ਕਰ ਲਈ ਸੀ। ਉਨ੍ਹਾਂ ਦੀ ਮੌਤ ਮਗਰੋਂ ਵੀ ਉਨ੍ਹਾਂ ਦੇ ਗੀਤਾਂ ਨੂੰ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਸਿੱਧੂ ਦੀ ਮੌਤ ਮਗਰੋਂ ਵੀ ਉਨ੍ਹਾਂ ਦੇ ਕਈ ਗੀਤ ਰਿਲੀਜ਼ ਹੋ ਚੁੱਕੇ ਹਨ, ਜਿਨ੍ਹਾਂ ਨੂੰ ਯੂਟਿਊਬ ਕਾਫ਼ੀ ਪਸੰਦ ਵੀ ਕੀਤਾ ਗਿਆ ਹੈ।

### ਅਮਰ ਸਿੰਘ ਚਮਕੀਲਾ ਅਤੇ ਅਮਰਜੋਤ

ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਵੀ ਪੰਜਾਬ ਦੇ ਨਾਮੀ ਕਲਾਕਾਰ ਰਹੇ ਹਨ। ਚਮਕੀਲਾ ਦੇ ਗੀਤਾਂ ਨੂੰ ਅੱਜ ਵੀ ਲੋਕ ਪਸੰਦ ਕਰਦੇ ਹਨ। ਚਮਕੀਲਾ ਅਤੇ ਅਮਰਜੋਤ ਦੀ 1988 ਵਿੱਚ ਮੌਤ ਹੋਈ ਸੀ। ਅਮਰ ਸਿੰਘ ਚਮਕੀਲਾ ਤੇ ਉਨ੍ਹਾਂ ਦੀ ਪਤਨੀ ਨੂੰ ਅਮਰਜੋਤ ਨੂੰ ਜਲੰਧਰ ਦੇ ਮਹਿਸਮਪੁਰ ਵਿੱਚ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਅਮਰ ਸਿੰਘ ਚਮਕੀਲਾ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਡੁੱਗਰੀ ਵਿੱਚ 1960ਵਿਆਂ ਵਿੱਚ ਹੋਇਆ ਸੀ, ਜਦੋਂ ਕਿ ਅਮਰਜੋਤ ਕੌਰ ਦਾ ਜਨਮ 6 ਅਕਤੂਬਰ 1960 ਵਿੱਚ ਹੋਇਆ ਸੀ, ਮੌਤੇ ਵੇਲੇ ਦੋਵਾਂ ਦੀ ਉਮਰ 28 ਸਾਲ ਸੀ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਜੋੜੀ ਦੋਗਾਣਿਆਂ ਕਰਕੇ ਕਾਫ਼ੀ ਮਕਬੂਲ ਹੋਈ ਸੀ। ਉਸ ਸਮੇਂ ਇਸ ਜੋੜੀ ਨੂੰ ਲੋਕ ਦੂਰੋਂ-ਦੂਰੋਂ ਸੁਣਨ ਲਈ ਆਉਂਦੇ ਸਨ। ਇਸ ਗਾਇਕ ਜੋੜੀ ਨੂੰ ਸੁਣਣ ਲਈ ਪੰਜਾਬ ਹੀ ਨਹੀ ਬਲਕਿ ਵਿਦੇਸ਼ਾਂ ਵਿੱਚ ਲੋਕ ਸੁਣਣ ਲਈ ਬੇਤਾਬ ਰਹਿੰਦੇ ਸਨ।



### ਸੁਰਜੀਤ ਬਿੰਦਰਖੀਆ

ਸੁਰਜੀਤ ਬਿੰਦਰਖੀਆ ਦਾ ਨਾਮ ਅੱਜ ਤੱਕ ਸ਼ਾਇਦ ਹੀ ਕੋਈ ਪੰਜਾਬੀ ਸੰਗੀਤ ਪ੍ਰੇਮੀ ਭੁੱਲਿਆ ਹੋਵੇਗਾ। ਸੁਰਜੀਤ ਬਿੰਦਰਖੀਆ ਦੀ ਮੌਤ ਵੀ ਕਰੀਬ 41 ਸਾਲ ਦੀ ਉਮਰ ਵਿੱਚ ਹੋ ਗਈ ਸੀ। ਸੁਰਜੀਤ ਬਿੰਦਰੱਖੀਆ ਦੀ ਆਵਾਜ਼ ਨੇ ਲੋਕਾਂ ਦੇ ਮਨਾਂ ਉੱਤੇ ਜਾਦੂਈ ਅਸਰ ਕੀਤਾ ਸੀ। ਉਨ੍ਹਾਂ ਦੇ ਨਾਮ 28 ਸੈਕੰਡ ਲੰਬੀ ਹੇਕ ਲਾਉਣ ਦਾ ਵੀ ਰਿਕਾਰਡ ਹੈ। ਸੁਰਜੀਤ ਬਿੰਦਰਖੀਆ ਨੇ ਅਨੇਕਾਂ ਹੀ ਹਿੱਟ ਗੀਤ ਆਪਣੇ ਸਰੋਤਿਆਂ ਦੀ ਝੋਲੀ ਪਾਏ।

### ਕੁਲਵਿੰਦਰ ਢਿੱਲੋਂ

ਪੰਜਾਬ ਦੇ ਇੱਕ ਹੋਰ ਨਾਮੀ ਕਲਾਕਾਰ ਕੁਲਵਿੰਦ ਢਿੱਲੋਂ ਦੀ ਵੀ ਘੱਟ ਉਮਰ ਵਿੱਚ ਮੌਤ ਹੋ ਗਈ ਸੀ। ਕੁਲਵਿੰਦਰ ਢਿੱਲੋਂ ਨੇ ਵੀ ਛੋਟੀ ਉਮਰ ਵਿੱਚ ਆਪਣੀ ਗਾਇਕੀ ਨਾਲ ਵੱਖਰੀ ਪਛਾਣ ਬਣਾ ਲਈ ਸੀ। ਕੁਲਵਿੰਦਰ ਢਿੱਲੋਂ ਦੇ ਮਸ਼ਹੂਰ ਗੀਤ ਜਿਵੇਂ ਕਿ ਕਚਹਿਰੀਆਂ 'ਚ ਮੇਲੇ ਲੱਗਦੇ, ਪਾਇਆ ਲਹਿੰਗਾ ਸ਼ੀਸ਼ਿਆਂ ਵਾਲਾ ਤੇ ਕਾਲਜ ਸਮੇਤ ਹੋਰ ਵੀ ਕਾਫ਼ੀ ਸਨ। ਕੁਲਵਿੰਦਰ ਢਿੱਲੋਂ ਦੀ ਮੌਤ ਵੀ ਇੱਕ ਸੜਕ ਹਾਦਸੇ ਵਿੱਚ ਸਾਲ 2006 ਨੂੰ ਜਲੰਧਰ ਜ਼ਿਲ੍ਹੇ ਵਿੱਚ ਹੋਈ ਸੀ।

### ਰੋਮੀ ਗਿੱਲ

ਕੋਕਰੀ ਕਲ੍ਹਾਂ ਦੇ ਰਹਿਣ ਵਾਲੇ ਰੋਮੀ ਗਿੱਲ ਦੀ ਮੌਤ ਤਕਰੀਬਨ 30 ਸਾਲ ਦੀ ਉਮਰ ਵਿੱਚ ਹੋਈ। ਰੋਮੀ ਗਿੱਲ ਨੇ ਛੋਟੀ ਉਮਰ ਵਿੱਚ ਆਪਣੀ ਪਛਾਣ ਪੰਜਾਬ ਦੇ ਫੋਕ ਗਾਇਕ ਵਜੋਂ ਬਣਾ ਲਈ ਸੀ। ਰੋਮੀ ਗਿੱਲ ਦਾ ਇੱਕ ਗੀਤ 'ਨਹਿਰੋ ਪਾਰ ਬੰਗਲਾ' ਕਾਫ਼ੀ ਜ਼ਿਆਦਾ ਮਕਬੂਲ ਹੋਇਆ ਸੀ। ਰੋਮੀ ਗਿੱਲ ਨੇ ਇਸ ਤੋਂ ਇਲਾਵਾ ਜੀਤੋ, ਨਖਰਾ ਚੜ੍ਹੀ ਜਵਾਨੀ ਦਾ ਸਮੇਤ ਅਨੇਕਾਂ ਗੀਤ ਗਾਏ, ਜਿਨ੍ਹਾਂ ਨੂੰ ਲੋਕਾਂ ਵੱਲੋਂ ਕਾਫ਼ੀ ਜ਼ਿਆਦਾ ਹੁੰਗਾਰਾ ਮਿਲਿਆ।

### ਰਾਜ ਬਰਾੜ

ਰਾਜ ਬਰਾੜ ਵੀ ਪੰਜਾਬ ਦੇ ਨਾਮੀ ਕਲਾਕਾਰਾਂ ਵਿੱਚੋਂ ਇੱਕ ਸਨ। ਰਾਜ ਬਰਾੜ ਦੀ ਮੌਤ 44 ਸਾਲ ਦੀ ਉਮਰ ਵਿੱਚ ਹੋਈ ਸੀ। ਉਨ੍ਹਾਂ ਦੀ ਗੀਬਰਥ ਐਲਬਮ ਕਾਫ਼ੀ ਜ਼ਿਆਦਾ ਮਕਬੂਲ ਹੋਈ ਸੀ। ਇਸ ਤੋਂ ਬਿਨ੍ਹਾਂ ਸਾਡੇ ਵਾਰੀ ਰੰਗ ਮੁੱਕਿਆ, ਨਾਗ ਦੀ ਬੱਚੀ, ਗੁਨਾਹਗਾਰ, ਪਿਆਰ ਦੇ ਬਦਲੇ ਪਿਆਰ, ਦੇਸੀ ਪੌਪ ਨੂੰ ਵੀ ਲੋਕਾਂ ਨੇ ਕਾਫ਼ੀ ਪਿਆਰ ਦਿੱਤਾ ਸੀ। ਉਹ ਮੋਗਾ ਜ਼ਿਲ੍ਹੇ ਦੇ ਪਿੰਡ ਮੱਲਕੇ ਦੇ ਰਹਿਣ ਵਾਲੇ ਸਨ।

### ਦਿਲਸ਼ਾਦ ਅਖ਼ਤਰ

ਦਿਲਸ਼ਾਦ ਅਖ਼ਤਰ ਨੇ ਵੀ 80ਵੇਂ ਤੋਂ 90ਵੇਂ ਦਹਾਕੇ ਦੌਰਾਨ ਕਾਫ਼ੀ ਪ੍ਰਸਿੱਧੀ ਖੱਟੀ ਸੀ। ਦਿਲਸ਼ਾਦ ਅਖ਼ਤਰ ਦੀ ਮੌਤ ਕਰੀਬ 30 ਸਾਲ ਦੀ ਉਮਰ ਵਿੱਚ ਹੋਈ ਸੀ। ਦਿਲਸ਼ਾਦ ਅਖ਼ਤਰ ਦਾ ਜਨਮ ਫਰੀਦਕੋਟ ਦੇ ਕਸਬੇ ਕੋਟਕਪੂਰਾ ਵਿੱਚ ਜਨਵਰੀ 1965 ਵਿੱਚ ਹੋਇਆ ਸੀ।। ਸਾਲ 1996 ਵਿੱਚ ਗੁਰਦਾਸਪੁਰ ਜ਼ਿਲ੍ਹੇ ਵਿੱਚ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਸੀ। ਦਿਲਸ਼ਾਦ ਅਖ਼ਤਰ ਨੇ ਵੀ ਘੱਟ ਉਮਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਸੀ। ਦਿਲਸ਼ਾਦ ਅਖਤਰ ਦੇ ਗੀਤਾਂ ਨੂੰ ਅਜੋਕੇ ਸਮੇਂ ਵੀ ਸੁਣਿਆ ਜਾਂਦਾ ਹੈ। ਦਿਲਸ਼ਾਦ ਅਖ਼ਤਰ ਦੇ ਮਕਬੂਲ ਹੋਏ ਗੀਤ ਜਿਵੇਂ ਕਿ ਚਰਖਾ ਬੋਲ ਪਿਆ, ਕੁੰਡਾ ਖੋਲ੍ਹ ਬਸੰਤਰੀਏ, ਹੁਣ ਕਿਉ ਰੋਨੀ ਐਂ ਬਿੱਲੋ, ਦਿਲ ਚੋਰੀ ਹੋ ਗਿਆ, ਮੇਰੇ ਯਾਰ ਦੀ ਚਰਚਾ ਗਲੀ-ਗਲੀ, ਇਹ ਤੂੰਬਾ ਮੇਰੀ ਜਾਨ ਕੁੜੇ ਸਨ।

### ਦਿਲਜਾਨ

ਇੱਕ ਹੋਰ ਪੰਜਾਬ ਦਾ ਨਾਮੀ ਕਲਾਕਾਰ ਜਿਨ੍ਹਾਂ ਦਾ ਨਾਮ ਦਿਲਜਾਨ ਹੈ, ਨੇ ਵੀ ਛੋਟੀ ਉਮਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਤੇ ਇਸ ਜੱਗ ਤੋਂ ਰੁਸਤਖ ਹੋ ਗਏ। ਸਾਲ 2021 ਵਿੱਚ ਦਿਲਜਾਨ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਨੇ ਇਸ ਦੁਨੀਆਂ ਵਿੱਚ ਅਜੇ ਉਮਰ ਦੇ ਤਿੰਨ ਦਹਾਕੇ ਹੀ ਮਾਣੇ ਸਨ। ਉਨ੍ਹਾਂ ਨੂੰ ਗੁੜਤੀ ਸੂਫ਼ੀ ਸੰਗੀਤ ਦੀ ਮਿਲੀ ਸੀ ਅਤੇ 2006-07 ਵਿਚ ਉਹ ਰਿਐਲਟੀ ਸ਼ੋਅ ਅਵਾਜ਼ ਪੰਜਾਬ ਦੀ ਦੇ ਰਨਰਅੱਪ ਵੀ ਸਨ। ਦਿਲਜਾਨ ਨੇ ਉਸਤਾਦ ਪੂਰਨ ਸ਼ਾਹਕੋਟ ਤੋਂ ਸੂਫ਼ੀ ਗਾਇਕੀ ਦੀ ਸਿਖਲਾਈ ਲਈ ਸੀ। ਦਿਲਜਾਨ, 'ਆਵਾਜ਼ ਪੰਜਾਬ ਦੀ' ਵਰਗੇ ਸ਼ੋਅ ਵਿੱਚ ਚਮਕੇ ਸਨ। ਯਾਰਾਂ ਦੀ ਗੱਲ, ਪਹਿਲਾ ਪਿਆਰ ਤੇ ਅੱਧਾ ਪਿੰਡ ਦਿਲਜਾਨ ਦੇ ਪ੍ਰਸਿੱਧ ਗੀਤਾਂ ਵਿੱਚੋਂ ਇੱਕ ਹਨ। ਦਿਲਜਾਨ ਦੀ ਮੌਤ ਵੀ ਇੱਕ ਕਾਰ ਹਾਦਸੇ ਦੌਰਾਨ ਹੋਈ ਸੀ।

### ਸੋਨੀ ਪਾਬਲਾ

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜਨਮੇ ਸੋਨੀ ਪਾਬਲਾ ਵੀ ਉਨ੍ਹਾਂ ਪੰਜਾਬੀ ਗਾਇਕਾਂ ਦੀ ਸੂਚੀ ਵਿੱਚ ਸ਼ਾਮਿਲ ਹਨ, ਮੌਤ ਵੇਲੇ ਉਨ੍ਹਾਂ ਦੀ ਉਮਰ 30 ਸਾਲ ਦੇ ਕਰੀਬ ਸੀ। ਮੀਡੀਆ ਰਿਪੋਰਟ ਮੁਤਾਬਕ ਸੋਨੀ ਪਾਬਲਾ ਦੀ ਮੌਤ 2006 ਵਿੱਚ ਦਿਲ ਦਾ ਦੌਰਾ ਪੈਣ ਕਾਰਨ ਹੋਈ। ਸੋਨੀ ਪਾਬਲਾ ਬਰੈਂਪਟਨ ਵਿੱਚ ਇੱਕ ਸ਼ੋਅ ਕਰ ਰਹੇ ਸਨ, ਜਿੱਥੇ ਉਨ੍ਹਾਂ ਦੀ ਸਿਹਤ ਵਿਗੜ ਗਈ। ਜਿਸ ਮਗਰੋਂ ਹਸਪਤਾਲ ਲਿਜਾਂਦੇ ਸਮੇਂ ਉਨ੍ਹਾਂ ਦੀ ਮੌਤ ਹੋ ਗਈ। ਸੋਨੀ ਪਾਬਲਾ ਦਾ ਗੀਤ "ਸੋਹਣਿਓ ਨਰਾਜ਼ ਕਿਤੇ ਨਈ" ਕਾਫ਼ੀ ਪ੍ਰਸਿੱਧ ਹੋਇਆ ਸੀ। ਇਸ ਤੋਂ ਬਿਨਾਂ 'ਪੰਜੇਬ ਯਾਰ' ਦੀ ਜਿਸ ਦਾ ਮਿਊਜ਼ਿਕ ਸੁਖਸ਼ਿੰਦਰ ਸ਼ਿੰਦੇ ਨੇ ਦਿੱਤਾ ਸੀ, ਇਸ ਗੀਤ ਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ ਸੀ।

### 'ਜੋ ਜਲਦੀ ਚਲੇ ਗਏ ਉਨ੍ਹਾਂ ਨੇ ਲਾਉਣੀਆਂ ਸਨ ਅਜੇ ਵੱਡੀਆਂ ਛਾਲਾਂ'

ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ ਫੋਨ ਤੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਦੇ ਜਿੰਨੇ ਵੀ ਗਾਇਕ ਛੋਟੀ ਉਮਰ ਵਿੱਚ ਇਸ ਫਾਨੀ ਸੰਸਾਰ ਨੂੰ ਛੱਡ ਕੇ ਗਏ, ਉਨ੍ਹਾਂ ਦੀ ਮੌਤ ਨਾਲ ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ਼ਮਸ਼ੇਰ ਸੰਧੂ ਕਹਿੰਦੇ ਹਨ ਕਿ "ਸੁਰਜੀਤ ਬਿੰਦਰਖੀਆ, ਸਿੱਧੂ ਮੂਸੇਵਾਲਾ ਨੂੰ ਅੱਜ ਵੀ ਅਸੀ ਯਾਦ ਕਰਦੇ ਹਾਂ ਤੇ ਲੋਕ ਵੀ ਉਨ੍ਹਾਂ ਦੇ ਗਾਏ ਗੀਤ ਸੁਣਦੇ ਹਨ। ਜਿਹੜੇ ਗਾਇਕ ਇਸ ਜੱਗ ਤੋਂ ਚਲੇ ਗਏ, ਉਨ੍ਹਾਂ ਨੇ ਅਜੇ ਬਹੁਤ ਸਮਾਂ ਹੋਰ ਗਾਉਣਾ ਸੀ ਤੇ ਇਸ ਤੋਂ ਵੱਡੀਆ ਛਾਲਾਂ ਲਾਉਣੀਆਂ ਸਨ।" ਸ਼ਮਸ਼ੇਰ ਸੰਧੂ ਕਹਿੰਦੇ ਹਨ ਕਿ ਰਾਜਵੀਰ ਦੀ ਮੌਤ ਨਾਲ ਵੱਡਾ ਝਟਕਾ ਲੱਗਿਆ ਹੈ। ਉਹ ਕਹਿੰਦੇ ਹਨ ਕਿ ਅਸੀ ਉਮੀਦ ਕਰ ਰਹੇ ਸੀ ਡਾਕਟਰ ਉਨ੍ਹਾਂ ਦੀ ਜਾਨ ਬਚਾ ਲੈਣਗੇ। "ਰਾਜਵੀਰ ਇਨਸਾਨ ਦੇ ਤੌਰ 'ਤੇ ਸਭ ਨਾਲ ਮਿਲਣ ਸਾਰ ਸੀ, ਉਸ ਦੀ ਗਾਇਕੀ ਸਾਫ਼ ਸੁਥਰੀ ਸੀ। ਉਹ ਬਹੁਤ ਗੁਣੀ ਬੰਦਾ ਸੀ।" ਸ਼ਮਸ਼ੇਰ ਸੰਧੂ ਨੇ ਰਾਜਵੀਰ ਜਵੰਦਾ ਬਾਰੇ ਗੱਲ ਕਰਦਿਆਂ ਇੱਕ ਕਿੱਸਾ ਵੀ ਸਾਂਝਾ ਕੀਤਾ। ਸ਼ਮਸ਼ੇਰ ਸੰਧੂ ਨੇ ਦੱਸਿਆ ਕਿ "ਜਦੋਂ ਰਾਜਵੀਰ ਆਪਣੀ ਗਾਇਕੀ ਦੇ ਸ਼ੁਰੂਆਤੀ ਸਮੇਂ ਮੈਨੂੰ ਕਿਸੇ ਪ੍ਰੋਗਰਾਮ ਵਿੱਚ ਮਿਲਦਾ, ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਮੈਂ ਸੁਰਜੀਤ ਬਿੰਦਰਖੀਏ ਜਾਂ ਤੁਹਾਡੇ ਹੀ ਗੀਤ ਜ਼ਿਆਦਾ ਗਾਉਂਦਾ ਹਾਂ ਕਿਉਂਕਿ ਮੇਰੇ ਕੋਲ ਅਜੇ ਬਹੁਤੇ ਗੀਤ ਨਹੀ ਹਨ। ਮੈਨੂੰ ਤੁਹਾਡੇ ਗੀਤ ਕਾਫ਼ੀ ਪਸੰਦ ਆਉਂਦੇ ਹਨ।"



## 35 ਹਜ਼ਾਰ 'ਚ ਬਣੀ ਸੀ 'ਮੋਗੈਂਬੋ' ਡਰੈੱਸ

**ਡਰੈੱਸ** ਡਿਜ਼ਾਈਨਰ ਮਾਧਵ ਅਗਸਤੀ ਨੇ ਅਮਰੀਸ਼ ਪੁਰੀ ਦੀ 'ਮੋਗੈਂਬੋ' ਡਰੈੱਸ 35,000 ਰੁਪਏ ਵਿੱਚ ਤਿਆਰ ਕੀਤੀ ਸੀ। ਉਸ ਨੇ ਇਹ ਡਰੈੱਸ ਤਿਆਰ ਕਰਨ ਲਈ ਸੱਤ ਦਿਨ ਲਗਾਏ ਸਨ। ਇਸ ਲਈ ਮਾਧਵ ਨੇ ਉਸ ਵੇਲੇ ਨਵੀਆਂ ਆਈਆਂ ਕਢਾਈ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਸੀ। ਉਸ ਨੇ ਦੱਸਿਆ ਕਿ ਇਸ ਡਰੈੱਸ ਨੂੰ ਦੇਖ ਕੇ ਅਦਾਕਾਰ ਪੁਰੀ ਨੇ ਖ਼ੁਸ਼ੀ ਨਾਲ ਕਿਹਾ ਸੀ 'ਮੋਗੈਂਬੋ ਖ਼ੁਸ਼ ਹੂਆ'। 76 ਸਾਲਾ ਮਾਧਵ ਨੇ ਆਪਣੀ ਪੁਸਤਕ 'ਸਟਿਚਿੰਗ ਸਟਾਰਡਮ: ਫਾਰ ਆਈਕਨਜ਼, ਆਨ ਐਂਡ ਆਫ ਸਕਰੀਨ' ਵਿੱਚ ਪੰਜ ਦਹਾਕੇ ਲੰਮੇ ਕਰੀਅਰ ਵਿਚੋਂ ਕਈ ਅਜਿਹੇ ਕਿੱਸੇ ਸਾਂਝੇ ਕੀਤੇ ਹਨ। ਇਸ ਲੰਬੇ ਸਮੇਂ ਵਿੱਚ ਉਸ ਨੇ ਕਈ ਤਰ੍ਹਾਂ ਦੇ ਪਹਿਰਾਵੇ ਤਿਆਰ ਕੀਤੇ ਹਨ। ਉਸ ਨੇ ਫਿਲਮੀ ਕਲਾਕਾਰਾਂ ਤੋਂ ਇਲਾਵਾ ਕਈ ਸਿਆਸਤਦਾਨਾਂ ਲਈ ਵੀ ਡਰੈੱਸ ਤਿਆਰ ਕੀਤੀ ਹੈ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਪੀ ਵੀ ਨਰਸਿਮ੍ਹਾ ਰਾਓ, ਪ੍ਰਣਬ ਮੁਖਰਜੀ, ਰਾਮ ਨਾਥ ਕੋਵਿੰਦ, ਐੱਲ ਕੇ ਅਡਵਾਨੀ, ਬਾਲਾ ਸਾਹਿਬ ਠਾਕਰੇ ਆਦਿ ਦੇ ਨਾਮ ਸ਼ਾਮਲ ਹਨ। ਉਸ ਨੇ ਬੌਲੀਵੁੱਡ ਦੀਆਂ ਕਰੀਬ 350 ਫਿਲਮਾਂ ਲਈ ਕੱਪੜੇ ਤਿਆਰ ਕੀਤੇ ਸਨ। ਉਸ ਨੇ ਅਮਰੀਸ਼ ਪੁਰੀ ਦੀ ਡਰੈੱਸ 25,000 ਵਿੱਚ ਤਿਆਰ ਕੀਤੀ ਸੀ ਪਰ ਨਿਰਮਾਤਾ ਬੋਨੀ ਕਪੂਰ ਨੂੰ ਇਹ ਡਰੈੱਸ ਇੰਨੀ ਪਸੰਦ ਆਈ ਕਿ ਉਨ੍ਹਾਂ ਨੇ ਉਸ ਨੂੰ ਦਸ ਹਜ਼ਾਰ ਰੁਪਏ ਜ਼ਿਆਦਾ ਦਿੱਤੇ। ਫਿਲਮ 'ਮਿਸਟਰ ਇੰਡੀਆ' ਲਈ ਨਿਰਦੇਸ਼ਕ ਸ਼ੇਖਰ ਕਪੂਰ ਅਤੇ ਨਿਰਮਾਤਾ ਕਪੂਰ ਸਾਲ 1985 ਵਿੱਚ ਅਗਸਤੀ ਕੋਲ ਗਏ ਸਨ। ਉਨ੍ਹਾਂ ਨੇ ਇਸ ਫਿਲਮ ਦੇ ਖਲਨਾਇਕ ਦੇ ਰੋਲ ਬਾਰੇ ਡਿਜ਼ਾਈਨਰ ਨੂੰ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਇਸ ਰੋਲ ਲਈ ਪੱਛਮੀ ਸੱਭਿਆਚਾਰ ਤੋਂ ਪ੍ਰਭਾਵਿਤ ਪਰ ਭਾਰਤ ਦੇ ਸੱਭਿਆਚਾਰ ਨਾਲ ਜੁੜੀ ਹੋਈ ਡਰੈੱਸ ਤਿਆਰ ਕਰਨੀ ਹੈ। ਉਸ ਨੇ ਕਿਹਾ ਕਿ ਇਸ ਡਰੈੱਸ ਲਈ ਉਸ ਨੇ ਸੱਤ ਦਿਨਾਂ ਦਾ ਸਮਾਂ ਮੰਗਿਆ ਸੀ। ਇਸ ਲਈ ਉਸ ਨੇ ਕਢਾਈ ਵਾਲੀ ਨਵੀਂ ਮਸ਼ੀਨ ਵੀ ਖ਼ਰੀਦੀ ਸੀ।

## ਅਦਾਕਾਰੀ ਤੇ ਨਿਰਦੇਸ਼ਨਾ ਦਾ ਸੁਮੇਲ : ਗੋਪਾਲ ਸ਼ਰਮਾ

**ਗੋਪਾਲ** ਸ਼ਰਮਾ ਰੰਗ ਮੰਚ ਨੂੰ ਪ੍ਰਣਾਇਆ ਅਦਾਕਾਰ ਤੇ ਨਿਰਦੇਸ਼ਕ ਹੈ, ਜਿਹੜਾ ਰੰਗ ਮੰਚ 'ਤੇ ਲਗਪਗ ਅੱਧੀ ਸਦੀ ਤੋਂ ਛਾਇਆ ਹੋਇਆ ਹੈ। ਬਚਪਨ ਵਿੱਚ ਹੀ ਬਾਬਾ ਵਿਸ਼ਵਕਰਮਾ ਸਕੂਲ ਸੰਗਰੂਰ ਵਿੱਚ ਪੜ੍ਹਦਿਆਂ ਅਦਾਕਾਰੀ ਦਾ ਐਸਾ ਸ਼ੌਕ ਜਾਗਿਆ, ਮੁੜਕੇ ਪਿੱਛੇ ਨਹੀ ਵੇਖਿਆ, ਸਗੋਂ ਪੌੜੀ-ਦਰ-ਪੌੜੀ ਸਨਾਤਨ ਧਰਮ ਸਭਾ ਹਾਇਰ ਸੈਕੰਡਰੀ ਸਕੂਲ ਪਟਿਆਲਾ ਅਤੇ ਫਿਰ ਮੋਦੀ ਕਾਲਜ ਤੋਂ ਹੁੰਦਾ ਹੋਇਆ ਰੰਗ ਮੰਚ ਦੇ ਵੱਖ-ਵੱਖ ਗਰੁਪਾਂ ਵਿੱਚ ਅਦਾਕਾਰੀ ਕਰਦਾ, ਰੰਗ ਮੰਚ ਦੀ ਬਾਰੀਕੀਆਂ ਨੂੰ ਸਮਝਦਿਆਂ ਪਤਾ ਹੀ ਨਹੀ ਲੱਗਾ ਕਦੋਂ ਐਕਟਰ ਦੇ ਨਾਲ ਹੀ ਡਾਇਰੈਕਟਰ ਬਣ ਗਿਆ। ਉਹ ਹਰਫ਼ਨ ਮੌਲ਼ਾ ਅਦਾਕਾਰ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਸਨੂੰ ਅਦਾਕਾਰੀ ਲਈ ਕੋਈ ਵੀ ਕਿਰਦਾਰ ਦਿੱਤਾ ਜਾਵੇ ਬਾਖ਼ੂਬੀ ਨਿਭਾਉਂਦਾ ਹੀ ਨਹੀਂ, ਸਗੋਂ ਉਸਦਾ ਜਿਉਂਦਾ ਜਾਗਦਾ ਨਮੂਨਾ ਬਣਕੇ ਬਾਕੀ ਅਦਾਕਾਰਾਂ ਅਤੇ ਦਰਸ਼ਕਾਂ ਦਾ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਅਦਾਕਾਰੀ ਲਈ ਭਾਵੇਂ ਉਸਨੂੰ ਕੋਈ ਕਿਰਦਾਰ ਦੇ ਦਿੱਤਾ ਜਾਵੇ ਬਾਕਮਾਲ ਢੰਗ ਨਾਲ ਨਿਭਾਉਂਦਾ ਹੈ, ਕੋਈ ਈਗੋ ਨਹੀ, ਛੋਟੇ ਤੋਂ ਛੋਟਾ ਰੋਲ ਕਰਕੇ ਵੀ ਸੰਤੁਸ਼ਟ ਰਹਿੰਦਾ ਹੈ, ਕਿਉਂਕਿ ਉਸਨੇ ਤਾਂ ਅਦਾਕਾਰੀ ਕਰਨੀ ਹੈ, ਅਦਾਕਰੀ ਉਸਦਾ ਜਨੂੰਨ ਹੈ। ਮੁੱਖ ਅਦਾਕਾਰ ਦਾ ਰੋਲ ਕਰਨਾ ਉਸਦਾ ਮੰਤਵ ਨਹੀ ਪ੍ਰੰਤੂ ਅਦਾਕਾਰੀ ਉਸਦਾ ਮੰਤਵ ਹੈ। ਉਹ ਅਦਾਕਾਰੀ ਰੂਹ ਨਾਲ ਕਰਦਾ ਹੈ, ਕਿਉਂਕਿ ਉਹ ਤਾਂ ਅਦਾਕਾਰੀ ਦਾ ਸੁਦਾਈ ਹੈ, ਅਦਾਕਾਰੀ ਉਸਦੇ ਖ਼ੂਨ ਵਿੱਚ ਵਸੀ ਹੋਈ ਹੈ। ਅਦਾਕਾਰੀ ਉਸਨੂੰ ਆਪਣੇ ਵੱਡੇ ਭਰਾਵਾਂ ਮੋਹਨ ਸ਼ਰਮਾ ਅਤੇ ਭਵਾਨੀ ਸ਼ਰਮਾ ਕੋਲੋਂ ਵਿਰਾਸਤ ਵਿੱਚ ਉਨ੍ਹਾਂ ਨੂੰ ਰਾਮਲੀਲਾ ਵਿੱਚ ਕੰਮ ਕਰਦਿਆਂ ਨੂੰ ਵੇਖ ਕੇ ਮਿਲੀ ਹੈ। ਕਦੀ ਵੀ, ਕਿਸੇ ਵੀ ਸਮੇਂ ਭਾਵੇਂ ਐਨ ਮੌਕੇ 'ਤੇ ਹੀ ਉਸਨੂੰ ਬੁਲਾਕੇ ਕਿਰਦਾਰ ਦਿੱਤਾ ਜਾਵੇ ਤਾਂ ਵੀ ਉਹ ਸਫ਼ਲ ਹੁੰਦਾ ਹੈ। ਇੱਕ ਵਾਰ ਸੁਦਰਸ਼ਨ ਮੈਣੀ ਦੇ ਨਾਟਕ 'ਗੁੰਗੀ ਗਲੀ' ਦਾ ਹੀਰੋ ਬਿਮਾਰ ਹੋ ਗਿਆ। ਦੂਜੇ ਦਿਨ ਨਾਟਕ ਸੀ, ਗੋਪਾਲ ਸ਼ਰਮਾ ਨੂੰ ਮੌਕੇ 'ਤੇ 'ਗੁੰਗੇ' ਦਾ ਰੋਲ ਕਰਨ ਲਈ ਫਰੀਦਕੋਟ ਬੁਲਾਇਆ ਗਿਆ। ਉਸਦੇ ਰੋਲ ਨੂੰ ਬੈਸਟ ਐਕਟਰ ਦਾ ਅਵਾਰਡ ਮਿਲਿਆ। ਸਕੂਲ ਦੀ ਸਟੇਜ ਤੋਂ ਰਾਮ ਲੀਲਾ, ਰਾਮ ਲੀਲਾ ਤੋਂ ਮਹਿੰਦਰ ਬੱਗਾ ਅਤੇ ਸਰਦਾਰਜੀਤ ਬਾਵਾ ਦੀ ਨਿਰਦੇਸ਼ਨਾ ਹੇਠ ਜਲੰਧਰ ਦੂਰ ਦਰਸ਼ਨ ਦੇ ਲੜੀਵਾਰ ਸੀਰੀਅਲਾਂ ਵਿੱਚ ਪਹੁੰਚਣਾ ਐਰੇ ਗ਼ੈਰੇ ਅਦਾਕਾਰ ਦੀ ਕਾਬਲੀਅਤ ਨਹੀ, ਇਹ ਗੋਪਾਲ ਸ਼ਰਮਾ ਅਦਾਕਾਰੀ ਦਾ ਕਮਾਲ ਹੀ ਹੈ। ਉਸਨੇ ਕਲਾਕ੍ਰਿਤੀ ਦੀ ਡਾਇਰੈਕਟਰ ਪ੍ਰਮਿੰਦਰਪਾਲ ਕੌਰ ਦੇ ਨਿਰਦੇਸ਼ਤ ਕੀਤੇ ਪੰਜ ਨਾਟਕਾਂ 'ਬੋਦੀ ਵਾਲਾ ਤਾਰਾ', 'ਕੋਈ ਦਿਉ ਜਵਾਬ', 'ਕਦੋਂ ਤੱਕ', 'ਯੇਹ ਜ਼ਿੰਦਗੀ' ਅਤੇ 'ਮੁਝੇ ਅੰਮ੍ਰਿਤਾ ਚਾਹੀਏ' ਵਿੱਚ ਬਾਕਮਾਲ ਅਦਾਕਾਰੀ ਕੀਤੀ, ਜਿਸਦੀ ਦਰਸ਼ਕਾਂ ਨੇ ਵਾਹਵਾ ਸ਼ਾਹਵਾ ਕੀਤੀ। ਪ੍ਰਾਣ ਸਭਰਵਾਲ, ਜਗਜੀਤ ਸਰੀਨ, ਹਰਜੀਤ ਕੈਥ ਅਤੇ ਗਿਆਨ ਗੱਖੜ ਦੀਆਂ ਨਾਟਕ ਮੰਡਲੀਆਂ ਵਿੱਚ ਕੰਮ ਕਰਨ ਦਾ ਮਾਣ ਪ੍ਰਾਪਤ ਹੈ। ਗੋਪਾਲ ਸ਼ਰਮਾ ਨੇ ਅਜਮੇਰ ਔਲਖ ਦੇ 'ਬੇਗਾਨੇ ਬੋਹੜ ਦੀ ਛਾਂ', 'ਅਰਬਦ ਨਰਬਦ ਧੁੰਦੂਕਾਰਾ' ਅਤੇ 'ਗਾਨੀ', ਸਫ਼ਦਰ ਹਾਸ਼ਮੀ ਦੇ 'ਹੱਲਾ ਬੋਲ', 'ਅਪਹਰਣ ਭਾਈਚਾਰੇ ਦਾ' ਅਤੇ 'ਮੇ ਦਿਨ ਦੀ ਕਹਾਣੀ', ਏ.ਚੈਖਵ ਦੇ 'ਗਿਰਗਿਟ', ਸਤੀਸ਼ ਵਰਮਾ ਦੇ 'ਟਕੋਰਾਂ', ਕਪੂਰ ਸਿੰਘ ਘੁੰਮਣ ਦੇ 'ਰੋਡਾ ਜਲਾਲੀ', ਸਤਿੰਦਰ ਸਿੰਘ ਨੰਦਾ ਦੇ 'ਕਿਰਾਏਦਾਰ', ਰਾਣਾ ਜੰਗ ਬਹਾਦਰ ਦੇ 'ਬੋਦੀ ਵਾਲਾ ਤਾਰਾ' ਅਤੇ ਰਾਜਿੰਦਰ ਸ਼ਰਮਾ ਦੇ 'ਮਜਨੂੰ ਪਾਰਕ' ਨਾਟਕਾਂ ਦੀ ਨਿਰਦੇਸ਼ਨਾ ਅਤੇ ਉਨ੍ਹਾਂ ਵਿੱਚ ਖ਼ੁਦ ਅਦਾਕਾਰੀ ਵੀ ਕੀਤੀ। ਇਸ ਤੋਂ ਇਲਾਵਾ ਉਸਨੇ ਆਪਣੇ ਲਿਖੇ ਅੱਧੀ ਦਰਜਨ ਨਾਟਕਾਂ 'ਆਜ਼ਾਦੀ ਸਾਡੇ ਦਮ ਤੇ ਆਈ', 'ਹੁਣ ਤਾਂ ਸੁਧਰੋ ਯਾਰੋ', 'ਨੇਤਾ ਜੀ ਦਾ ਸਰਜੀਕਲ ਸਟਰਾਈਕ', 'ਪ੍ਰਧਾਨ ਮੰਤਰੀ ਸੇ ਸਫ਼ਾਈ ਕਰਮਚਾਰੀ ਤਕ', ਨੁਕੜ ਨਾਟਕ 'ਸੂਰਜ ਚੜ੍ਹ ਆਇਆ', ਅਤੇ ਬਾਲ ਸੰਗੀਤ ਨਾਟਕ 'ਕਹਾਣੀ ਇੱਕ ਚਿੜੀ ਤੇ ਕਾਂ ਦੀ' ਨੂੰ ਨਿਰਦੇਸ਼ਤ ਕੀਤਾ ਅਤੇ ਅਦਾਕਾਰੀ ਕੀਤੀ। ਇਸੇ ਤਰ੍ਹਾਂ ਆਤਮਜੀਤ ਦੇ 'ਟੋਭਾ ਸਿੰਘ' ਅਤੇ ਬਲਬੰਤ ਗਾਰਗੀ ਦੇ ਨਾਟਕ 'ਲੋਹਾ ਕੁਟ' ਵਿੱਚ ਅਦਾਕਾਰੀ ਵੀ ਕੀਤੀ ਹੈ। ਉਸਦੀ ਪੰਜਾਬੀ ਅਤੇ ਹਿੰਦੀ ਦੀ ਮੁਹਾਰਤ ਹੋਣ ਕਰਕੇ ਸਮੁੱਚੇ ਦੇਸ਼ ਵਿੱਚ ਨਾਰਥ ਜੋਨ ਕਲਚਰ ਸੈਂਟਰ, ਭਾਰਤ ਸਰਕਾਰ ਦੀ ਸੰਗੀਤ ਨਾਟਕ ਅਕਾਡਮੀ, ਗੀਤ ਤੇ ਨਾਟਕ ਡਵੀਜਨ ਭਾਰਤ ਸਰਕਾਰ ਤੇ ਪੰਜਾਬ ਦੇ ਸਭਿਆਚਾਰਕ ਵਿਭਾਗ ਦੇ ਪ੍ਰੋਗਰਾਮਾ ਵਿੱਚ ਸ਼ਾਮਲ ਹੋਕੇ ਨਾਟਕ

ਉਜਾਗਰ ਸਿੰਘ
94178 13072

ਮੰਡਲੀਆਂ ਵਿੱਚ ਅਦਾਕਾਰੀ ਕਰਕੇ ਨਾਮਣਾ ਖੱਟਿਆ ਹੈ। ਇਸ ਕਰਕੇ ਦੇਸ਼ ਦੇ ਬਾਕੀ ਰਾਜਾਂ ਦੀਆਂ ਨਾਟਕ ਮੰਡਲੀਆਂ ਉਸਨੂੰ ਅਦਾਕਾਰੀ ਲਈ ਆਪੋ ਆਪਣੇ ਰਾਜਾਂ ਵਿੱਚ ਸੱਦੇ ਦਿੰਦੀਆਂ ਰਹਿੰਦੀਆਂ ਹਨ। ਮਸਤ ਮੌਲ਼ਾ ਅਦਾਕਾਰ ਤੇ ਨਿਰਦੇਸ਼ਕ ਹੈ, ਜਿਹੜਾ ਰੰਗ ਮੰਚ ਨੂੰ ਜੀਵਨ ਦਾ ਮੰਤਵ ਸਮਝਦਾ ਹੈ। ਰੰਗ ਮੰਚ ਹੀ ਉਸਦਾ ਮੱਕਾ ਤੇ ਕਾਅਵਾ ਹੈ। ਹਰਿਆਣਾ ਦੇ ਰੋਹਤਕ ਸ਼ਹਿਰ ਵਿੱਚ ਉਤਰੀ ਭਾਰਤ ਦੀ ਸਭ ਤੋਂ ਮਹੱਤਵਪੂਰਨ ਰਾਮ ਲੀਲਾ ਹੁੰਦੀ ਹੈ, ਉਥੇ ਹਰ ਸਾਲ ਗੋਪਾਲ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਬੁਲਾਕੇ ਰਾਵਣ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਉਸਦੀ ਅਦਾਕਾਰੀ ਦੀ ਧਾਂਕ ਜੰਮ ਜਾਂਦੀ ਹੈ, ਇਸ ਕਰਕੇ ਉਸਨੂੰ ਵਿਸ਼ੇਸ਼ ਸਨਮਾਨ ਅਤੇ ਵਿਸ਼ੇਸ਼ ਮਾਣ ਭੱਤਾ ਦਿੱਤਾ ਜਾਂਦਾ ਹੈ। ਗੋਪਾਲ ਸ਼ਰਮਾ ਨੇ 16 ਸਾਲ ਦੀ ਉਮਰ ਵਿੱਚ ਹੀ ਆਪਣਾ ਇੱਕ ਰੰਗ ਮੰਚ ਗਰੁਪ 'ਨਟਰਾਜ ਆਰਟਸ ਥੀਏਟਰ' 1980 ਵਿੱਚ ਮੋਦੀ ਕਾਲਜ ਪਟਿਆਲਾ ਵਿੱਚ ਪੜ੍ਹਦਿਆਂ ਹੀ ਬਣਾ ਲਿਆ ਸੀ। ਮੋਦੀ ਕਾਲਜ ਵਿੱਚ ਹੀ ਉਸਨੇ ਪਹਿਲਾ ਨਾਟਕ 'ਇਸ਼ਕ ਜਿਨ੍ਹਾਂ ਦੇ ਹੱਡੀ ਰੱਚਿਆ' ਨਿਰਦੇਸ਼ਤ ਕੀਤਾ ਸੀ। ਇਸ ਥੇਟਰ ਗਰੁਪ ਰਾਹੀ ਉਹ ਸਮੁੱਚੇ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਰੰਗ ਮੰਚ ਦੇ ਪ੍ਰੋਗਰਾਮ ਕਰਦਾ ਰਹਿੰਦਾ ਹੈ। ਉਸਨੂੰ ਥੀਏਟਰ ਪ੍ਰਮੋਟਰ ਵੀ ਕਿਹਾ ਜਾਂਦਾ ਹੈ, ਕਿਉਂਕਿ ਉਸਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਥੀਏਟਰ ਦੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ। ਗੋਪਾਲ ਸ਼ਰਮਾ ਹਰ ਸਾਲ ਰਾਸ਼ਟਰੀ ਪੱਧਰ 'ਤੇ ਰੰਗ ਮੰਚ ਦੇ 10 ਅਤੇ ਪੰਦਰਾਂ ਰੋਜ਼ਾ ਰਾਸ਼ਟਰੀ ਨਾਟਕ ਮੇਲੇ ਆਯੋਜਤ ਕਰਦਾ ਰਹਿੰਦਾ ਹੈ। ਉਹ ਪ੍ਰਬੰਧਕੀ ਮਾਹਿਰ ਵੀ ਹੈ। ਉਹ ਨਵੇਂ ਕਲਾਕਾਰਾਂ ਨੂੰ ਰੰਗ ਮੰਚ ਨਾਲ ਜੋੜਨ ਲਈ ਵਰਕਸ਼ਾਪਾਂ ਦਾ ਆਯੋਜਨ ਕਰਦਾ ਆ ਰਿਹਾ ਹੈ। ਹੁਣ ਤੱਕ ਉਸਨੇ 70 ਨਾਟਕਾਂ ਵਿੱਚ ਅਦਾਕਾਰੀ ਅਤੇ ਦੋ ਦਰਜਨ ਨਾਟਕਾਂ ਦੀ ਨਿਰਦੇਸ਼ਨਾ ਕੀਤੀ ਹੈ। ਉਸਦਾ ਐਂਟਨੀ ਚੈਖਵ ਦੀ ਕਹਾਣੀ ਗਿਰਗਟ 'ਤੇ ਅਧਾਰਤ ਨਿਰਦੇਸ਼ਤ ਕੀਤਾ ਗਏ ਨਾਟਕ ਦੇ 700 ਤੋਂ ਵੱਧ ਸ਼ੋ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਕੀਤੇ ਗਏ ਹਨ। ਪੰਜਾਬ ਦੇ ਮਾੜੇ ਦਿਨਾਂ ਵਿੱਚ ਗੋਲੀਆਂ ਦੀ ਛਾਂ ਹੇਠ ਵੀ ਗੋਪਾਲ ਸ਼ਰਮਾ ਦਿਹਾਤੀ ਇਲਾਕਿਆਂ ਵਿੱਚ ਨਾਟਕਾਂ ਦੀ ਨਿਰਦੇਸ਼ਨਾ ਅਤੇ ਅਦਾਕਾਰੀ ਕਰਦਾ ਰਿਹਾ। 1990 ਵਿੱਚ ਕੇਂਦਰੀ ਲਾਇਬ੍ਰੇਰੀ ਪਟਿਆਲਾ ਵਿੱਚ ਸਫ਼ਦਰ ਹਾਸ਼ਮੀ ਦਾ ਨਾਟਕ 'ਅਪਹਰਣ ਭਾਈਚਾਰੇ ਦਾ' ਨਾਟਕ ਨਿਰਦੇਸ਼ਤ ਕੀਤਾ ਗਿਆ, ਜਿਸਨੇ ਪਰਸ਼ਕਾਂ ਦੇ ਦਿਲ ਜਿੱਤ ਲਈ। ਗੋਪਾਲ ਸ਼ਰਮਾ ਸਕੂਲ ਦੀਆਂ ਪ੍ਰਾਰਥਨਾ ਸਭਾਵਾਂ ਵਿੱਚ ਭਾਸ਼ਣ ਦਿੰਦਾ ਰਿਹਾ, ਜਿਥੋਂ ਉਸਦੀ ਅਦਾਕਰੀ ਦੀ ਕਲ਼ਾ ਨੂੰ ਪ੍ਰੇਰਨਾ ਮਿਲੀ। ਨੰਦ ਲਾਲ ਨੂਰਪੁਰੀ ਦੀ ਕਵਿਤਾ ਪਹਿਲੀ ਵਾਰ ਗੋਪਾਲ ਸ਼ਰਮਾ ਨੇ ਸਕੂਲ ਦੀ ਪ੍ਰਾਰਥਨਾ ਸਭਾ ਵਿੱਚ 'ਮੈਂ ਵਤਨ ਦਾ ਸ਼ਹੀਦ ਹਾਂ' ਪੜ੍ਹੀ ਸੀ। ਉਸਨੂੰ ਬਹੁਤ ਸਾਰੀਆਂ ਸਮਾਜਿਕ, ਸਭਿਆਚਾਰਕ ਅਤੇ ਨਾਟਕ ਮੰਡਲੀਆਂ ਨੇ ਮਾਨ ਸਨਮਾਨ ਦਿੱਤੇ ਹਨ, ਜਿਨ੍ਹਾਂ ਵਿੱਚ 'ਰਾਸ਼ਟਰੀ ਜੋਤੀ ਕਲਾ ਮੰਚ' ਅਤੇ 'ਜਸ਼ਨ ਐਂਟਰਟੇਨਮੈਂਟ ਗਰੁਪ' ਵੱਲੋਂ 'ਸ਼ਾਨ-ਏ-ਪੰਜਾਬ ਐਵਾਰਡ', ਹਰਿਆਣਾ ਇਨਸਟੀਚਿਊਟ ਫ਼ਾਰ ਪਰਫ਼ਾਰਮਿੰਗ



ਆਰਟਿਸਟ ਵੱਲੋਂ ਮਾਰਚ 2025 ਵਿੱਚ 'ਗੈਸਟ ਥੇਟਰ ਪ੍ਰਮੋਟਰ ਅਵਾਰਡ, ਰੋਹਤਕ ਵਿਖੇ ਬੈਸਟ ਐਕਟ ਅਵਾਰਡ, ਕੂਲੂ ਦੁਸ਼ਹਿਰਾ ਕਮੇਟੀ ਵੱਲੋਂ ਬੈਸਟ ਐਕਟਰ ਅਵਾਰਡ ਅਤੇ ਮੋਦੀ ਕਾਲਜ ਵੱਲੋਂ ਬੈਸਟ ਐਕਟਰ ਤੇ ਡਾਇਰੈਕਟਰ ਅਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਗੋਪਾਲ ਸ਼ਰਮਾ ਆਲ ਇੰਡੀਆ ਥੇਟਰ ਕੌਂਸਲ ਦਾ ਪੰਜਾਬ ਦਾ ਪ੍ਰਭਾਰੀ ਹੈ। ਗੋਪਾਲ ਸ਼ਰਮਾ ਦਾ ਜਨਮ 1 ਜੂਨ 1964 ਨੂੰ ਸੰਗਰੂਰ ਵਿਖੇ ਮਾਤਾ ਤਾਰਾ ਦੇਵੀ ਦੀ ਕੁੱਖੋਂ ਪਿਤਾ ਬੱਧਰੀ ਦੱਤ ਤਿਵਾੜੀ ਦੇ ਘਰ ਹੋਇਆ। ਉਨ੍ਹਾਂ ਦਾ ਪਰਿਵਾਰ ਉਤਰਾ ਖੰਡ ਰਾਜ ਨਾਲ ਸੰਬੰਧ ਰੱਖਦਾ ਹੈ ਪ੍ਰੰਤੂ ਉਸਦੇ ਪਿਤਾ ਦੀ ਇਨਕਮ ਟੈਕਸ ਵਿਭਾਗ ਵਿੱਚ 1952 ਵਿੱਚ ਨੌਕਰੀ ਲੱਗਣ ਕਰਕੇ ਉਹ ਸੰਗਰੂਰ ਆ ਗਏ ਸਨ। 1977 ਵਿੱਚ ਉਨ੍ਹਾਂ ਦਾ ਪਰਿਵਾਰ ਪਟਿਆਲਾ ਆ ਕੇ ਵਸ ਗਿਆ। ਦਸਵੀ ਪਾਸ ਕਰਨ ਤੋਂ ਬਾਅਦ ਥੋੜ੍ਹਾ ਸਮਾਂ ਲਈ ਉਹ 1980-81 ਵਿੱਚ ਮਰਦਮਸ਼ੁਮਾਰੀ ਵਿਭਾਗ ਵਿੱਚ ਨੌਕਰ ਹੋ ਗਿਆ ਸੀ ਪ੍ਰੰਤੂ ਅੱਗੇ ਪੜ੍ਹਾਈ ਜ਼ਾਰੀ ਰੱਖਣ ਲਈ ਉਸਨੇ ਨੌਕਰੀ ਛੱਡ ਕੇ ਮੋਦੀ ਕਾਲਜ ਪਟਿਆਲਾ ਵਿੱਚ ਦਾਖ਼ਲਾ ਲੈ ਲਿਆ। ਉਥੋਂ ਉਸਨੇ ਬੀ.ਏ.ਦੀ ਡਿਗਰੀ ਪਾਸ ਕੀਤੀ।

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ,
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਗੁਰਸੇਵਕ ਸਿੰਘ ਸਪੁੱਤਰ ਸ੍ਰੀ ਨੱਥਾ ਸਿੰਘ** ਦੇ ਨਾਮ ਤੋਂ (1) **ਸ੍ਰੀ ਸੀਤਾ ਰਾਮ ਸਪੁੱਤਰ ਸ੍ਰੀ ਨੌਰੰਗ ਰਾਮ ਅਤੇ** (2) **ਸ੍ਰੀਮਤੀ ਰਾਧਾ ਸੁਪਤਨੀ ਸ੍ਰੀ ਸੀਤਾ ਰਾਮ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-1 ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3141** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-1 ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3141,** ਅਲਾਟੀ/ਟ੍ਰਾਂਸਫਰੀ **ਸ੍ਰੀ ਗੁਰਸੇਵਕ ਸਿੰਘ ਸਪੁੱਤਰ ਸ੍ਰੀ ਨੱਥਾ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਗੁਰਸੇਵਕ ਸਿੰਘ ਸਪੁੱਤਰ ਸ੍ਰੀ ਨੱਥਾ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 22.04.2016 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ (1) **ਸ੍ਰੀ ਸੀਤਾ ਰਾਮ ਸਪੁੱਤਰ ਸ੍ਰੀ ਨੌਰੰਗ ਰਾਮ ਅਤੇ** (2) **ਸ੍ਰੀਮਤੀ ਰਾਧਾ ਸੁਪਤਨੀ ਸ੍ਰੀ ਸੀਤਾ ਰਾਮ** ਨੂੰ ਵੇਚ ਦਿੱਤੀ ਹੈ। (1) **ਸ੍ਰੀ ਸੀਤਾ ਰਾਮ ਸਪੁੱਤਰ ਸ੍ਰੀ ਨੌਰੰਗ ਰਾਮ ਅਤੇ** (2) **ਸ੍ਰੀਮਤੀ ਰਾਧਾ ਸੁਪਤਨੀ ਸ੍ਰੀ ਸੀਤਾ ਰਾਮ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ,
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਜਨਕ ਦੁਲਾਰੀ ਸੁਪਤਨੀ ਸਵ. ਸ੍ਰੀ ਸੋਹਨ ਲਾਲ** ਦੇ ਨਾਮ ਤੋਂ **ਸ੍ਰੀ ਜਗਮੋਹਨ ਅਗਰਵਾਲ ਸਪੁੱਤਰ ਸਵ. ਸ੍ਰੀ ਸੋਹਨ ਲਾਲ** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਫੇਜ਼-1, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-3 ਦੀ ਰਿਹਾਇਸ਼ੀ ਇਕਾਈ ਨੰਬਰ 5105 (ਜ਼ਮੀਨੀ ਤਲ)** ਦੇ ਸਬੰਧ ਵਿਚ ਟ੍ਰਾਂਸਫਰੀ ਦਾ ਤਬਾਦਲਾ/ਪਰਿਵਰਤਨ।

**(ਮਾਂ ਤੋਂ ਪੁੱਤਰ ਨੂੰ)**

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਫੇਜ਼-1, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-3 ਦੀ ਰਿਹਾਇਸ਼ੀ ਇਕਾਈ ਨੰਬਰ 5105 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਜਨਕ ਦੁਲਾਰੀ ਸੁਪਤਨੀ ਸਵ. ਸ੍ਰੀ ਸੋਹਨ ਲਾਲ** ਦੇ ਨਾਮ 'ਤੇ ਦਰਜ ਹੈ। **ਸ੍ਰੀ ਜਗਮੋਹਨ ਅਗਰਵਾਲ ਸਪੁੱਤਰ ਸਵ. ਸ੍ਰੀ ਸੋਹਨ ਲਾਲ** ਵੱਲੋਂ ਸੂਚਨਾ ਦਿੱਤੀ ਗਈ ਹੈ, ਜਿਨ੍ਹਾਂ ਨੇ 05.09.2025 ਨੂੰ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ ਤਬਾਦਲੇ ਬਿਨੈ ਕੀਤਾ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

# ਡੀ.ਸੀ. ਵੱਲੋਂ ਪਾਇਲਟ ਪ੍ਰੋਜੈਕਟ ਦੇ ਲਾਗੂਕਰਨ ਦੀ ਸਮੀਖਿਆ ਕਰਨ ਲਈ ਮੀਟਿੰਗ



ਚੰਡੀਗੜ੍ਹ, 31 ਅਕਤੂਬਰ, (ਅੰਮ੍ਰਿਤਪਾਲ ਸਿੰਘ) : ਅੱਜ, ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਚੰਡੀਗੜ੍ਹ ਵਿੱਚ NAKSHA ਪਾਇਲਟ ਪ੍ਰੋਜੈਕਟ ਦੇ ਲਾਗੂਕਰਨ ਦੀ ਸਮੀਖਿਆ ਕਰਨ ਲਈ ਸਾਰੇ ਹਿੱਸੇਦਾਰਾਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਦੌਰਾਨ, ਇਹ ਦੱਸਿਆ ਗਿਆ ਕਿ NAKSHA (ਨੈਸ਼ਨਲ ਜੀਓਸਪੇਸ਼ੀਅਲ ਗਿਆਨ-ਅਧਾਰਤ ਭੂਮੀ ਸਰਵੇਖਣ ਸ਼ਹਿਰੀ ਹੈਬੀਟੇਸ਼ਨ) ਪ੍ਰੋਗਰਾਮ ਦੇ ਤਹਿਤ ਸਮੇਂ ਸਿਰ ਅਤੇ ਠੋਸ ਪ੍ਰਗਤੀ ਪ੍ਰਾਪਤ ਕੀਤੀ ਗਈ ਹੈ। ਇਹ ਭਾਰਤ ਸਰਕਾਰ ਦੀ ਇੱਕ ਪ੍ਰਮੁੱਖ ਪਹਿਲਕਦਮੀ ਹੈ ਜਿਸਦਾ ਉਦੇਸ਼ ਉੱਨਤ ਭੂ-ਸਥਾਨਕ ਮੈਪਿੰਗ ਅਤੇ ਡਿਜੀਟਲ ਡੇਟਾ ਏਕੀਕਰਣ ਦੁਆਰਾ ਸ਼ਹਿਰੀ ਭੂਮੀ ਸ਼ਾਸਨ ਨੂੰ ਬਦਲਣਾ ਹੈ। ਇੱਕ ਸੰਗਠਿਤ ਅਤੇ ਸਮੇਂ ਸਿਰ ਲਾਗੂ ਕੀਤੇ ਗਏ, ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਪਰਿਵਰਤਨਸ਼ੀਲ ਪ੍ਰੋਜੈਕਟ ਦੇ ਤਹਿਤ ਕਈ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤੇ ਹਨ, ਜੋ ਭੂਮੀ ਰਿਕਾਰਡ ਪ੍ਰਬੰਧਨ ਵਿੱਚ ਪਾਰਦਰਸ਼ਤਾ, ਕੁਸ਼ਲਤਾ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹਨ। ਡਿਪਟੀ ਕਮਿਸ਼ਨਰ ਨੇ ਪ੍ਰੋਜੈਕਟ ਦੇ ਪੜਾਅਵਾਰ ਲਾਗੂਕਰਨ ਅਤੇ ਪ੍ਰਗਤੀ ਦੀ ਵਿਸਥਾਰ ਵਿੱਚ ਸਮੀਖਿਆ ਕੀਤੀ। ਇਹ ਦੱਸਿਆ ਗਿਆ ਕਿ ਡਰੋਨ ਉਡਾਣ ਅਤੇ ਡੇਟਾ ਇਕੱਠਾ ਕਰਨ ਦੀਆਂ ਗਤੀਵਿਧੀਆਂ ਪਾਇਲਟ ਅਧਾਰ @ਤੇ ਚੰਡੀਗੜ੍ਹ ਦੇ ਸਾਰੇ 15 ਸੈਕਟਰਾਂ ਅਤੇ 5 ਪਿੰਡਾਂ ਵਿੱਚ ਸਫਲਤਾਪੂਰਵਕ ਪੂਰੀਆਂ ਕੀਤੀਆਂ ਗਈਆਂ ਹਨ। ਇਕੱਠੇ ਕੀਤੇ ਗਏ ਉੱਚ-ਰੈਜ਼ੋਲਿਊਸ਼ਨ ਡੇਟਾ ਦੀ ਵਰਤੋਂ ਇੱਕ ਸਹੀ ਡਿਜੀਟਲ ਬੇਸ ਮੈਪ ਬਣਾਉਣ ਲਈ ਕੀਤੀ ਗਈ ਹੈ। ਇਸ ਦੇ ਆਧਾਰ 'ਤੇ, ਪ੍ਰਸ਼ਾਸਨ ਨੇ ਡੇਟਾ ਵੈਰੀਫਿਕੇਸ਼ਨ, ਮਾਲਕੀ ਰਿਕਾਰਡਾਂ ਦੇ ਏਕੀਕਰਨ ਅਤੇ ਫੀਲਡ ਸਰਵੇਖਣਾਂ ਰਾਹੀਂ ਸ਼ਹਿਰੀ ਜਾਇਦਾਦ ਕਾਰਡ ਬਣਾਉਣ ਵੱਲ ਤਰੱਕੀ ਕੀਤੀ ਹੈ। ਇਹ ਚੱਲ ਰਿਹਾ ਪੜਾਅ ਨਾਗਰਿਕ ਤਸਦੀਕ @ਤੇ ਕੇਂਦ੍ਰਤ ਕਰਦਾ ਹੈ, ਜਿਸ ਨਾਲ ਜਾਇਦਾਦ ਮਾਲਕਾਂ ਨੂੰ ਇੱਕ ਪਾਰਦਰਸ਼ੀ ਡਿਜੀਟਲ ਪਲੇਟਫਾਰਮ ਰਾਹੀਂ ਆਪਣੀ ਜਾਣਕਾਰੀ ਦੀ ਪੁਸ਼ਟੀ ਅਤੇ ਅਪਡੇਟ ਕਰਨ ਦੀ ਆਗਿਆ ਮਿਲਦੀ ਹੈ। ਇੱਕ ਵਾਰ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ, ਨਕਸ਼ੇ ਪ੍ਰੋਗਰਾਮ ਚੰਡੀਗੜ੍ਹ ਦੇ ਨਾਗਰਿਕਾਂ ਨੂੰ ਕਈ ਲਾਭ ਪ੍ਰਦਾਨ ਕਰੇਗਾ - ਜਿਸ ਵਿੱਚ GIS-ਅਧਾਰਤ ਸਹੀ ਡਿਜੀਟਲ ਸ਼ਹਿਰੀ ਜ਼ਮੀਨੀ ਰਿਕਾਰਡ, ਜ਼ਮੀਨੀ ਵਿਵਾਦਾਂ ਅਤੇ ਕਾਨੂੰਨੀ ਅਸਪਸ਼ਟਤਾਵਾਂ ਨੂੰ ਘਟਾਉਣਾ, ਰਹਿਣ-ਸਹਿਣ ਦੀ ਸੌਖ, ਭਰੋਸੇਯੋਗ ਡਿਜੀਟਲ ਡੇਟਾ 'ਤੇ ਅਧਾਰਤ ਤੇਜ਼ ਅਤੇ ਬੁੱਧੀਮਾਨ ਸ਼ਹਿਰੀ ਯੋਜਨਾਬੰਦੀ, ਸਰਲ ਜਾਇਦਾਦ ਲੈਣ-ਦੇਣ, ਸੰਸਥਾਗਤ ਕ੍ਰੈਡਿਟ ਤੱਕ ਆਸਾਨ ਪਹੁੰਚ, ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਵਿੱਚ ਵਾਧਾ, ਅਤੇ ਰੀਅਲ ਅਸਟੇਟ ਅਤੇ ਬੁਨਿਆਦੀ ਢਾਂਚੇ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਕਿਸੇ ਵੀ ਸਮੇਂ ਦੇ ਦ੍ਰਿਸ਼ਟੀਕੋਣ ਨਾਲ, ਨਕਸ਼ੇ ਪਹਿਲਕਦਮੀ ਇਹ ਯਕੀਨੀ ਬਣਾਉਂਦੀ ਹੈ ਕਿ ਜਾਇਦਾਦ ਦੀ ਜਾਣਕਾਰੀ ਪਹੁੰਚਯੋਗ, ਸੁਰੱਖਿਅਤ ਅਤੇ ਪਾਰਦਰਸ਼ੀ ਰਹੇ।

---

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ,
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ ਚੰਡੀਗੜ੍ਹ





## ਜਨਤਕ ਸੂਚਨਾ

**ਵਿਸ਼ਾ** :- ਪੰਜੀਕ੍ਰਿਤ ਵਸੀਅਤ ਦੇ ਅਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਪਰਮਜੀਤ ਸਿੰਘ ਸਪੁੱਤਰ ਸ੍ਰੀ ਪ੍ਰੀਤਮ ਸਿੰਘ (50% ਹਿੱਸੇ ਨਾਲ)** ਦੇ ਨਾਮ ਤੋਂ **ਸ੍ਰੀ ਮਿਲਨ ਸਿੰਘ ਸਪੁੱਤਰ ਸਵ. ਸ੍ਰੀ ਪਰਮਜੀਤ ਸਿੰਘ (50% ਹਿੱਸੇ ਨਾਲ)** ਦੇ ਨਾਮ 'ਤੇ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਚਆਈਜੀ-1 ਵਰਗ ਦੇ ਡੀਯੂ ਨੰਬਰ 1039-1** ਦੇ ਸਬੰਧ ਵਿਚ ਮਾਲਕੀ ਦੀ ਅਲਾਟਮੈਂਟ/ਪੰਜੀਕਰਨ ਦੇ **50% ਹਿੱਸੇ** ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ **ਸ੍ਰੀ ਮਿਲਨ ਸਿੰਘ ਸਪੁੱਤਰ ਸਵ. ਸ੍ਰੀ ਪਰਮਜੀਤ ਸਿੰਘ (50% ਹਿੱਸੇ ਨਾਲ)** ਨੇ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਚਆਈਜੀ-1 ਵਰਗ ਦੇ ਡੀਯੂ ਨੰਬਰ 1039-1** ਦੇ ਅਲਾਟੀ/ਟ੍ਰਾਂਸਫਰੀ **ਸ੍ਰੀ ਪਰਮਜੀਤ ਸਿੰਘ ਸਪੁੱਤਰ ਸ੍ਰੀ ਪ੍ਰੀਤਮ ਸਿੰਘ (50% ਹਿੱਸੇ ਨਾਲ)** ਦੀ ਮੌਤ ਉਪਰੰਤ ਆਪਣੇ ਨਾਮ 'ਤੇ ਇਸ ਦੇ 50% ਹਿੱਸੇ ਦੇ ਤਬਾਦਲੇ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਬਿਨੈ ਕੀਤਾ ਹੈ। **ਸ੍ਰੀ ਪਰਮਜੀਤ ਸਿੰਘ ਸਪੁੱਤਰ ਸ੍ਰੀ ਪ੍ਰੀਤਮ ਸਿੰਘ (50% ਹਿੱਸੇ ਨਾਲ)** ਦੀ **ਬਠਿੰਡਾ (ਪੰਜਾਬ)** ਵਿਖੇ **01.05.2025** ਨੂੰ ਮੌਤ ਹੋ ਗਈ ਹੈ ਅਤੇ ਉਹ ਉਨ੍ਹਾਂ ਦੇ ਪੱਖ ਵਿਚ **27.03.2025** ਦੀ ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ, ਫਾਜ਼ਿਲਕਾ ਕੋਲ ਪੰਜੀਕ੍ਰਿਤ ਵਸੀਅਤ ਛੱਡ ਗਏ ਹਨ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਮ੍ਰਿਤਕ ਅਲਾਟੀ/ਟ੍ਰਾਂਸਫਰੀ ਦੀ ਵਸੀਅਤ ਉਨ੍ਹਾਂ ਵੱਲੋਂ ਕਾਰਜਰੂਪ ਕੀਤੀ ਆਖਰੀ ਵਸੀਅਤ ਹੈ, ਜੋ ਕਿ ਮ੍ਰਿਤਕ ਦੀ ਮੌਤ ਤੱਕ ਨਾ ਤਾਂ ਬਦਲੀ ਗਈ, ਨਾ ਹੀ ਰੱਦ ਕੀਤੀ ਗਈ।

ਜੇਕਰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ਦੀ ਸੂਰਤ ਵਿਚ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਰਸਾਏ ਦਾਅਵੇਕਾਰਾਂ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ,
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ ਚੰਡੀਗੜ੍ਹ

## ਜਨਤਕ ਸੂਚਨਾ

**ਸ੍ਰੀਮਤੀ ਬਿੰਦੂ ਸਿੰਘ ਸੁਪਤਨੀ ਸ੍ਰੀ ਪੁਸ਼ਪਿੰਦਰ ਸਿੰਘ** ਨੇ ਰਿਹਾਇਸ਼ੀ ਇਕਾਈ ਨੰਬਰ **2809, ਸੈਕਟਰ 47-ਸੀ, ਚੰਡੀਗੜ੍ਹ** ਦੇ ਸਬੰਧ ਵਿਚ **ਤਬਾਦਲਾ ਪੱਤਰ ਨੰ. 17688 ਮਿਤੀ 06.08.2018 ਸਰਟੀਫਿਕੇਟ ਦੇ** ਦਸਤਾਵੇਜ਼ ਗੁੰਮ ਜਾਣ ਕਾਰਨ ਇਨ੍ਹਾਂ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਉਕਤ ਦਰਸਾਏ ਦਸਤਾਵੇਜ਼ਾਂ ਦੇ ਗੁੰਮ ਹੋਣ ਸਬੰਧੀ ਮਿਤੀ **28.10.2025** ਨੂੰ ਚੰਡੀਗੜ੍ਹ ਪੁਲਿਸ ਕੋਲ ਪੰਜੀਕ੍ਰਿਤ ਲੜੀ ਨੰ. 225977 ਐਲਏਆਰ ਨੰ. 2025/033827 'ਤੇ ਪੀਐਸ 31 ਵਿਚ ਗੁੰਮ ਹੋਈ ਵਸਤੂ ਦੀ ਸੂਚਨਾ ਰਿਪੋਰਟ ਵੀ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿੱਚ **ਤਬਾਦਲਾ ਪੱਤਰ ਨੰ. 17688 ਮਿਤੀ 06.08.2018** ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

---

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ 0172-2511141

## ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਉਪਹਾਰ/ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ | ਵਿਕਰੀਕਾਰ ਦਾ ਨਾਮ | ਡੀਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀਮਤੀ ਹਰਦੀਪ ਕੌਰ ਸੁਪਤਨੀ ਸ੍ਰੀ ਦਵਿੰਦਰ ਸਿੰਘ | ਸ੍ਰੀਮਤੀ ਸੁਵਰਸ਼ ਖੰਨਾ ਸੁਪਤਨੀ ਸਵ. ਸ੍ਰੀ ਗੋਪਾਲ ਕੇ. ਖੰਨਾ (ਗੋਪਾਲ ਕ੍ਰਿਸ਼ਨ ਖੰਨਾ) | 427-1 | MIG-III | 45-ਏ, ਚੰਡੀਗੜ੍ਹ |
| 2. | (1) ਸ੍ਰੀ ਅਨਿਲ ਕੁਮਾਰ ਸਕਸੇਨਾ ਸਪੁੱਤਰ ਸ੍ਰੀ ਗੁਰੂ ਪ੍ਰਸਾਦ ਸਕਸੇਨਾ ਅਤੇ (2) ਸ੍ਰੀਮਤੀ ਨੀਲਮ ਸਕਸੇਨਾ ਸੁਪਤਨੀ ਸ੍ਰੀ ਅਨਿਲ ਕੁਮਾਰ ਸਕਸੇਨਾ | ਸ੍ਰੀਮਤੀ ਕਿਰਨਜੀਤ ਕੌਰ ਸੁਪਤਨੀ ਸ੍ਰੀ ਹਰਪ੍ਰੀਤ ਸਿੰਘ | 1087-1 | HIG-I | 39-ਬੀ, ਚੰਡੀਗੜ੍ਹ |
| | ਸ੍ਰੀ ਪਿਆਰੇ ਲਾਲ ਸਪੁੱਤਰ ਸ੍ਰੀ ਬਿਸ਼ੇਸਵਰ ਪ੍ਰਸਾਦ | ਸ੍ਰੀ ਅੱਬਲ ਸਿੰਘ ਪੰਵਰ ਸਪੁੱਤਰ ਸ੍ਰੀ ਕੇਦਾਰ ਸਿੰਘ ਪੰਵਰ | 198-2 | II | 55, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

ਕੇਨਰਾ ਬੈਂਕ Canara Bank ਸ਼ਾਖਾ ਐਸਏਆਰਐਮ ਸੈਕਟਰ 34, ਚੰਡੀਗੜ੍ਹ (ਯੂ. ਟੀ.)

## ਕਬਜ਼ਾ ਸੂਚਨਾ (ਭੌਤਿਕ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਂਵਾਂ ਅਧੀਨ ਦਰਸਾਈ ਧਾਰਾ 13 (2) ਅਧੀਨ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰਾਂ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤਿਆਂ ਅਧੀਨ ਦਰਸਾਈ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ **ਧਾਰਾ** 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਮ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ ਕੇਨਰਾ ਬੈਂਕ ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 8 ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਦੇ ਵੇਰਵੇ ਅਤੇ ਖਾਤੇ ਦਾ ਨਾਮ ਕਰਜ਼ਦਾਰਾਂ ਅਤੇ ਜ਼ਾਮਨਾਂ | ਸੰਪੱਤੀ ਦੇ ਵੇਰਵੇ | ਕਬਜ਼ੇ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਮੈਸਰਜ਼ ਤਾਜ ਐਂਟਰਪ੍ਰਾਈਜ਼ ਆਪਣੇ ਮਾਲਕ ਸ੍ਰੀ ਮੁਹੰਮਦ ਸਾਹੀਬਾਨ ਪੁੱਤਰ ਸ੍ਰੀ ਅਬਦੁਲ ਸਲਾਮ ਨਿਵਾਸੀ ਪਿੰਡ-ਜਗਤਪੁਰਾ, ਜੀ.ਟੀ. ਰੋਡ ਨੇੜੇ ਮਾਇਆ ਮੰਦਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144410 (ਕਰਜ਼ਦਾਰ), ਸ੍ਰੀ ਧਰਮਵੀਰ ਗੁਪਤਾ ਪੁੱਤਰ ਸ੍ਰੀ ਜਗਦੀਸ਼ ਪ੍ਰਸਾਦ, ਨਿਵਾਸੀ ਮਕਾਨ ਨੰਬਰ ਬੀ5/57 ਮੁਹੱਲਾ ਬਾਣੀਆ ਫਿਲੌਰ, ਜ਼ਿਲ੍ਹਾ ਜਲੰਧਰ-144410 (ਜ਼ਾਮਨ) ਰਾਹੀਂ। | 1K-1M-35 ਦੀ ਜਾਇਦਾਦ ਦਾ EMT, ਪਿੰਡ ਨੰਗਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਖਸਰਾ ਨੰਬਰ 21/22/1 (2-12) ਦਾ 64/156 ਹਿੱਸਾ ਹੈ। ਵਿਸ਼ਾ ਜਾਇਦਾਦ ਵਾਸਿਕਾ ਨੰਬਰ 1891 ਮਿਤੀ 18/12/2009 ਦੁਆਰਾ ਰਜਿਸਟਰਡ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ ਹਨ: ਪੂਰਬ: ਰਸਤਾ, ਪੱਛਮ: ਦੂਜਿਆਂ ਦਾ ਪਲਾਟ, ਉੱਤਰ: ਬਿਨੈਕਾਰ ਦਾ ਘਰ, ਦੱਖਣ: ਰਾਮ ਪ੍ਰਕਾਸ਼। | 30.10.2025 | 28.08.2023 | ਰੁ. 37,89,170.33 (ਰੁਪਏ ਸੈਂਤੀ ਲੱਖ ਉਣਾਨਵੇਂ ਹਜ਼ਾਰ ਇੱਕ ਸੌ ਸੱਤਰ ਅਤੇ ਤੇਤੀ ਪੈਸੇ ਕੇਵਲ) 30.09.2025 ਨੂੰ ਅਤੇ 01.10.2025 ਤੋਂ ਅਗਲੇਰਾ ਵਿਆਜ ਅਤੇ ਉਸ 'ਤੇ ਖਰਚੇ। |

ਮਿਤੀ : 01.11.2025 ਸਥਾਨ : ਚੰਡੀਗੜ੍ਹ **ਅਧਿਕਾਰਤ ਅਧਿਕਾਰੀ**

---

## ਨਗਰ ਨਿਗਮ ਚੰਡੀਗੜ੍ਹ

### ਈ-ਟੈਂਡਰ ਸੂਚਨਾ

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | **ਕਾਰਜਕਾਰੀ ਇੰਜੀਨੀਅਰ - ਸੜਕ ਡਵੀਜ਼ਨ ਨੰ. 1** | | |
| 1. | ਫਿਰਨੀ ਰੋਡ ਪਿੰਡ ਕਜਹੇੜੀ, ਚੰਡੀਗੜ੍ਹ (ਬਕਾਇਆ ਹਿੱਸਾ) 'ਤੇ 80ਐਮਐਮ ਇੰਟਰਲਾਕਿੰਗ ਪੇਵਰ ਬਲਾਕਾਂ ਦੀ ਸਪਲਾਈ ਅਤੇ ਫਿਕਸਿੰਗ। ਹੈੱਡ: ਵੀਡੀਐਫ **ਅਨੁਮਾਨਤ ਲਾਗਤ: 36.70 ਲੱਖ ਰੁਪਏ ਬਿਆਨਾ ਰਕਮ: 73,390/- ਰੁਪਏ ਸਮਾਂ ਸੀਮਾ: 06 ਮਹੀਨੇ** | 01.11.2025 To 10.11.2025 upto 12.00 noon | 10.11.2025 at 12.00 noon |

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕਰ ਦਿੱਤੇ ਗਏ ਹਨ।

**ਕਾਰਜਕਾਰੀ ਇੰਜੀਨੀਅਰ**
ਸੜਕ ਡਵੀਜ਼ਨ ਨੰ. 1, ਕਮਰਾ ਨੰ. 304, ਐਮ.ਸੀ. ਚੰਡੀਗੜ੍ਹ (ਦਫ਼ਤਰ) 0172-5021626

---

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਦੁਵਾਰਾ ਈ-ਨੀਲਾਮੀ ਕੀਤੀ ਜਾਵੇਗੀ, ਜਿਸਦਾ ਵੇਰਵਾ ਸਾਰਣੀਬੱਧ ਹੈ-

| ਲ. ਨੰ: | ਕੰਮ ਦਾ ਵੇਰਵਾ | ਈ-ਕੈਟਲਾਗ ਨੰ: | ਨੀਲਾਮੀ ਮਿਤੀ ਤੇ ਸਮਾਂ |
|---|---|---|---|
| 1 | ਸ਼ਿਮਲਾ ਰੇਲਵੇ ਸਟੇਸ਼ਨ ਉਤੇ 144 ਵਰਗ ਫੁਟ ਖੇਤਰਫਲ ਵਾਲੇ ਕਲੋਕ ਰੂਮ ਪ੍ਰਬੰਧਨ ਦੇ ਲਈ ਅਨੁਬੰਧ | PnU-UMB-SML-WRL-49-23-1 (Pay and Use-Lounges/ Waiting/Retiring/Cloak Rooms) | 12.11.2025 12.00 Hrs. |
| 2 | ਬਠਿੰਡਾ ਰੇਲਵੇ ਸਟੇਸ਼ਨ ਉਤੇ 20.78 ਵਰਗ ਮੀਟਰ ਖੇਤਰਫਲ ਵਾਲੇ ਕਲੋਕ ਰੂਮ ਪਰਬੰਧਨ ਅਤੇ ਸਟੇਸ਼ਨਰੀ ਦੁਕਾਨ ਜਿਸ ਵਿੱਚ ਛਪਾਈ/ਫੋਟੋਕਾਪੀ ਸੁਵਿਧਾ ਉਪਲਬਧ ਹੈ, ਦੇ ਲਈ ਅਨੁਬੰਧ | PnU-UMB-BTI-WRL-66-25-1 (Pay and Use-Lounges/ Waiting/ Retiring/Cloak Rooms) | 12.11.2025 12.00 Hrs. |
| 3 | ਰਾਜਪੁਰਾ ਰੇਲਵੇ ਸਟੇਸ਼ਨ ਉਤੇ 3 ਮੀਟਰ X 4 ਮੀਟਰ ਆਕਾਰ (ਕੁਲ ਖੇਤਰਫਲ 12 ਵਰਗ ਮੀਟਰ) ਵਾਲੇ ਕਲੋਕ ਰੂਮ ਪਰਬੰਧਨ ਅਤੇ ਸਟੇਸ਼ਨਰੀ ਦੁਕਾਨ ਜਿਸ ਵਿਚ ਛਪਾਈ/ਫੋਟੋਕਾਪੀ ਸੁਵਿਧਾ ਉਪਲਬਧ ਹੈ, ਦੇ ਲਈ ਅਨੁਬੰਧ | PnU-UMB-RPJ-WRL-59-25-2 (Pay and Use-Lounges/ Waiting/ Retiring/Cloak Rooms) | 12.11.2025 12.00 Hrs. |
| 4 | ਸਹਾਰਨਪੁਰ ਰੇਲਵੇ ਸਟੇਸ਼ਨ ਉਤੇ ਕੁਲ ਖੇਤਰਫਲ 20.44 ਵਰਗ ਮੀਟਰ ਦੇ ਨਾਲ ਕਲੋਕ ਰੂਮ ਪਰਬੰਧਨ ਸਹ ਸਟੇਸ਼ਨਰੀ ਦੁਕਾਨ ਜਿਸ ਵਿਚ ਛਪਾਈ/ਫੋਟੋਕਾਪੀ ਸੁਵਿਧਾ ਉਪਲਬਧ ਹੈ, ਦੇ ਲਈ ਅਨੁਬੰਧ | PnU-UMB-SRE-WRL-44-25-1 (Pay and Use-Lounges/ Waiting/ Retiring/Cloak Rooms) | 12.11.2025 12.00 Hrs. |
| 5 | ਅੰਬਾਲਾ ਕੈਂਟ ਰੇਲਵੇ ਸਟੇਸ਼ਨ ਉਤੇ 12 ਫੀਟ X 12 ਫੀਟ ਆਕਾਰ (ਕੁਲ ਖੇਤਰਫਲ 144 ਵਰਗ ਮੀਟਰ) ਵਾਲੇ ਕਲੋਕ ਰੂਮ ਪਰਬੰਧਨ ਅਤੇ ਸਟੇਸ਼ਨਰੀ ਦੁਕਾਨ ਜਿਸ ਵਿਚ ਛਪਾਈ/ਫੋਟੋਕਾਪੀ ਸੁਵਿਧਾ ਉਪਲਬਧ ਹੈ, ਦੇ ਲਈ ਅਨੁਬੰਧ | PnU-UMB-UMB-WRL-47-25-1 (Pay and Use-Lounges/ Waiting/ Retiring/Cloak Rooms) | 12.11.2025 12.00 Hrs. |
| 6 | ਸਰਹਿੰਦ ਰੇਲਵੇ ਸਟੇਸ਼ਨ ਉਤੇ 3 ਮੀਟਰ X 5.37 ਮੀਟਰ ਆਕਾਰ (ਕੁਲ ਖੇਤਰਫਲ 16.11 ਵਰਗ ਮੀਟਰ) ਵਾਲੇ ਕਲੋਕ ਰੂਮ ਪਰਬੰਧਨ ਅਤੇ ਸਟੇਸ਼ਨਰੀ ਦੁਕਾਨ ਜਿਸ ਵਿੱਚ ਛਪਾਈ / ਫੋਟੋਕਾਪੀ ਸੁਵਿਧਾ ਉਪਲਬਧ ਹੈ, ਦੇ ਲਈ ਅਨੁਬੰਧ | PnU-UMB-SIR-WRL-60-25-2 (Pay and Use-Lounges/ Waiting/ Retiring/Cloak Rooms) | 12.11.2025 12.00 Hrs. |
| 7 | ਅੰਬਾਲਾ ਕੈਂਟ ਰੇਲਵੇ ਸਟੇਸ਼ਨ ਉਤੇ ਪਾਰਸਲ ਪੈਕਿੰਗ ਦੇ ਉਦੇਸ਼ਯ ਤੋਂ 10'X10' (100 ਵਰਗ ਫੁਟ) ਫਰਸ਼ ਜਗ੍ਹਾਂ ਉਪਲਬਧ ਕਰਾਣ ਦਾ ਪ੍ਰਾਵਧਾਨ | MSS-UMB-UMB-TWnOPS-23-23-1(Misc-Static-Services-Two wheeler and other parcel packing) | 12.11.2025 12.00 Hrs. |

ਈ-ਨੀਲਾਮੀ ਲੀਜਿੰਗ ਮੰਗ ਸੂਚਨਾ, ਨੀਲਾਮੀ ਪ੍ਰਪੱਤਰ, ਇਕ ਵਾਰ ਰਜਿਸਟਰੈਸ਼ਨ ਤੇ ਜ਼ਿਆਦਾ ਜਾਣਕਾਰੀ ਲਈ, ਰੇਲਵੇ ਵੈੱਬਸਾਈਟ www.ireps.gov.in ਉਤੇ ਜਾਉਂ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3388/25

---

# ਰਾਕੇਸ਼ ਸ਼ਰਮਾ ਨੂੰ ਮਾਰਤੰਡ ਐਵਾਰਡ 2025 ਨਾਲ ਸਨਮਾਨਿਤ ਕੀਤਾ ਜਾਵੇਗਾ

ਨਵੀਂ ਦਿੱਲੀ, 31 ਅਕਤੂਬਰ (ਅੰਮ੍ਰਿਤਪਾਲ ਸਿੰਘ) : ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਸਟੇਸ਼ਨ ਮੈਨੇਜਰ ਸ਼੍ਰੀ ਰਾਕੇਸ਼ ਸ਼ਰਮਾ ਨੂੰ ਉਨ੍ਹਾਂ ਦੀ ਅਸਾਧਾਰਣ ਮਨੁੱਖੀ ਸੇਵਾ, ਕਰਤਵ ਨਿਸ਼ਠਾ ਅਤੇ ਯਾਤਰੀਆਂ ਪ੍ਰਤੀ ਅਟੁੱਟ ਸਮਰਪਣ ਭਾਵਨਾ ਲਈ ਕੁਰੁਕਸ਼ੇਤਰ ਗੁਰੁਕੁਲਮ ਫਾਊਂਡੇਸ਼ਨ ਵੱਲੋਂ ਪ੍ਰਸਿੱਧ ਮਾਰਤੰਡ ਐਵਾਰਡ 2025 ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਸਨਮਾਨ 16 ਨਵੰਬਰ 2025 ਨੂੰ ਹੋਣ ਵਾਲੇ ਕੁਰੁਕਸ਼ੇਤਰ ਧਰਮੋਤਸਵ 2025 ਦੌਰਾਨ ਪਰਮ ਪੂਜਯ ਸਵਾਮੀ ਸ਼੍ਰੀ ਅਵਿਮੁਕਤੇਸ਼ਵਰਾਨੰਦ ਸਰਸਵਤੀ ਜੀ ਮਹਾਰਾਜ, ਸ਼ੰਕਰਾਚਾਰਯ, ਜੋਤੀਰਮਠ, ਉੱਤਰਾਖੰਡ ਦੇ ਕਰ-ਕਮਲਾਂ ਦੁਆਰਾ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਦੀ ਇਸ ਲਗਾਤਾਰ ਮਨੁੱਖੀ ਪਹਲ ਨੇ ਯਾਤਰੀਆਂ ਦੇ ਮਨ ਵਿਚ ਭਾਰਤੀ ਰੇਲ ਪ੍ਰਤੀ ਵਿਸ਼ਵਾਸ, ਸੁਰੱਖਿਆ ਅਤੇ ਆਦਰ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਹੈ।

---

ਚੰਡੀਗੜ੍ਹ ਹਾਊਸਿੰਗ ਬੋਰਡ 8, ਜਨ ਮਾਰਗ, ਸੈਕਟਰ 9-ਡੀ,
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਰੁਪਿੰਦਰਪਾਲ ਸਿੰਘ ਸਪੁੱਤਰ ਸ੍ਰੀ ਪਰਮਾਤਮ ਸਿੰਘ** ਦੇ ਨਾਮ ਤੋਂ **ਸ੍ਰੀ ਮੁਕੇਸ਼ ਮਹਿਰਾ ਸਪੁੱਤਰ ਸ੍ਰੀ ਕਨ੍ਹੱਈਆ ਲਾਲ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-2 ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3007** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 46-ਸੀ, ਚੰਡੀਗੜ੍ਹ ਵਿਚ ਐਮਆਈਜੀ-2 ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 3007,** ਅਲਾਟੀ/ਟ੍ਰਾਂਸਫਰੀ **ਸ੍ਰੀ ਰੁਪਿੰਦਰਪਾਲ ਸਿੰਘ ਸਪੁੱਤਰ ਸ੍ਰੀ ਪਰਮਾਤਮ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਰੁਪਿੰਦਰਪਾਲ ਸਿੰਘ ਸਪੁੱਤਰ ਸ੍ਰੀ ਪਰਮਾਤਮ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ **08.10.2025** ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਮੁਕੇਸ਼ ਮਹਿਰਾ ਸਪੁੱਤਰ ਸ੍ਰੀ ਕਨ੍ਹੱਈਆ ਲਾਲ** ਨੂੰ ਵੇਚ ਦਿੱਤੀ ਹੈ। **ਸ੍ਰੀ ਮੁਕੇਸ਼ ਮਹਿਰਾ ਸਪੁੱਤਰ ਸ੍ਰੀ ਕਨ੍ਹੱਈਆ ਲਾਲ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

---

**ਪੰਜਾਬ ਸਰਕਾਰ**
**ਟੈਂਡਰ/ਆਰਐਫਪੀ ਹਵਾਲਾ ਨੰ. ਈ-ਟੈਂਡਰ/ਐਮਸੀ/ਲੌਂਗੋਵਾਲ/2025-26/9**

**ਨਗਰ ਕੌਂਸਲ, ਲੌਂਗੋਵਾਲ** ਦੇ ਵਿਭਾਗ ਵੱਲੋਂ ਲੌਂਗੋਵਾਲ ਵਿਖੇ ਇੰਟਰਲਾਕਿੰਗ ਟਾਇਲਾਂ ਦੀ ਵਿਵਸਥਾ/ਸਥਾਪਨਾ ਅਤੇ ਡਰੇਨਾਂ, ਧਰਮਸ਼ਾਲਾ, ਚਾਰਦੀਵਾਰੀ ਆਦਿ ਦੇ ਨਿਰਮਾਣ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

**ਬੰਦ ਹੋਣ ਦੀ ਮਿਤੀ ਅਤੇ ਸਮਾਂ10.11.2025 ਨੂੰ ਸਵੇਰੇ 11.00 ਵਜੇ**

**ਵੇਰਵਿਆਂ ਲਈ ਲਾਗ ਆਨ ਕਰੋ** : www.eproc.punjab.gov.in

**ਸੂਚਨਾ : ਟੈਂਡਰ/ਆਰਐਫਪੀ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।**

**ਸਹੀ/-**
**ਪ੍ਰਧਾਨ, ਨਗਰ ਕੌਂਸਲ, ਲੌਂਗੋਵਾਲ**

**ਸਹੀ/-**
**ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ, ਲੌਂਗੋਵਾਲ**

**RO.No.PR-Advt.No.1256/12/2025-26/4627/Dated CHD : 31/10/2025**

---

PSPCL Punjab State Power Corporation Limited

**(Regd. Office: PSEB Head Office, The Mall, Patiala)**
**Corporate Identification Number U40109PB2010SGC033813, Website : www.pspcl.in**
**(Contact No. 96461-23609)**

**ਟੈਂਡਰ ਇਨਕੁਆਰੀ ਨੰ: CCM/J/T-14/2025-2026 ਮਿਤੀ : 30.10.2025**

**ਦਫ਼ਤਰ :** ਵਧੀਕ ਨਿਗਰਾਨ ਇੰਜੀਨੀਅਰ ਸਿਵਲ ਉਸਾਰੀ ਤੇ ਸੰਭਾਲ ਮੰਡਲ, ਸ਼ਕਤੀ ਸਦਨ ਪੀ.ਐਸ.ਪੀ.ਸੀ.ਐਲ., ਜਲੰਧਰ ਵੱਲੋਂ ਹੇਠ ਦਰਸਾਏ ਕੰਮ ਵਾਸਤੇ ਖੁੱਲ੍ਹੇ ਟੈਂਡਰ ਭਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ। 1.66 ਕੇ.ਵੀ. ਸ/ਸ ਤਲਵੰਡੀ ਮਾਧੋ ਦੀ ਸਵਿਚ ਹਾਊਸ ਬਿਲਡਿੰਗ ਦੇ ਵਾਧੇ ਦਾ ਕੰਮ, ਹਲਕਾ ਕਪੂਰਥਲਾ (CCM/J/T-14/2025-2026)

ਇਸ ਦੀ ਵਧੇਰੀ ਜਾਣਕਾਰੀ ਵਾਸਤੇ ਮਿਤੀ : 03.11.2025 ਨੂੰ 12:00 ਵਜੇ ਤੋਂ ਬਾਅਦ ਇਸ ਕੰਮ ਲਈ https://eproc.punjab.gov.in 'ਤੇ ਲਾਗਇਨ ਕਰੋ ਜੀ।

**ਨੋਟ : ਕੋਰੀਜੰਡਮ ਅਤੇ ਜੋੜ (ਜੇਕਰ ਕੋਈ ਹੈ), ਉਪਰੋਕਤ ਦਰਸਾਈਆਂ ਵੈੱਬਸਾਈਟਾਂ 'ਤੇ ਅਪਲੋਡ ਕੀਤੇ ਜਾਣਗੇ।**

**C 777/25**
**Ro No. PR-Advt. No. 1079 / 12 / 2025-26 / 4651 / Dated CHD : 31.10.2025**

---

**ਬਾ ਅਦਾਲਤ ਸ੍ਰੀ ਵਿਸ਼ਵਜੀਤ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਅੰਮ੍ਰਿਤਸਰ-1**

**ਨੋਟਿਸ**

**ਵਿਸ਼ਾ:- ਮੋਹਤਮਿਮ ਇੰਤਕਾਲ ਕਰਨ ਸਬੰਧੀ।**
**ਅਖਬਾਰ/ਇਸ਼ਤਿਹਾਰ ਨੋਟਿਸ**

ਇਸ ਅਦਾਲਤੀ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਹੰਤ ਨਿਹਾਲ ਦਾਸ ਚੇਲਾ ਮਹੰਤ ਨਰੈਣ ਦਾਸ ਚੇਲਾ ਹਰੀ ਦਾਸ ਗੱਦੀਨਸ਼ੀਨ ਅਖਾੜਾ ਮਹੰਤ ਟਹਿਲ ਦਾਸ ਜੀ ਚੌਂਕ ਘੰਟਾ ਘਰ, ਅੰਮ੍ਰਿਤਸਰ ਦੀ ਮੌਤ ਮਿਤੀ 02.07.2024 ਨੂੰ ਹੋ ਚੁੱਕੀ ਹੈ। ਜਿਸ ਦਾ ਵਰਾਸਤ ਮੋਹਤਮਿਮ ਦਾ ਇੰਤਕਾਲ ਬਾਹੱਕ ਹਰਨਿਹਾਲ ਦਾਸ ਗੁਰੂ ਭਾਈ ਮਹੰਤ ਨਿਹਾਲ ਦਾਸ ਚੇਲਾ ਮਹੰਤ ਨਰੈਣ ਦਾਸ ਚੇਲਾ ਹਰੀ ਦਾਸ ਗੱਦੀਨਸ਼ੀਨ ਅਖਾੜਾ ਮਹੰਤ ਟਹਿਲ ਦਾਸ ਜੀ ਚੌਂਕ ਘੰਟਾ ਘਰ, ਅੰਮ੍ਰਿਤਸਰ ਦੇ ਨਾਮ ਪਰ ਕੀਤਾ ਜਾਣਾ ਹੈ। ਇਹ ਅਦਾਲਤੀ (ਅਖਬਾਰ) ਇਸ਼ਤਿਹਾਰ ਜਾਰੀ ਕਰਕੇ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਉਕਤ ਅਰਜੀ ਨਾਲ ਸਬੰਧਤ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਨਿਮਨਹਸਤਾਖਰ ਦੇ ਦਫਤਰ ਵਿੱਚ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ ਅਸਾਲਤਨ ਜਾਂ ਵਕਾਲਤਨ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ। ਅੱਜ ਮਿਤੀ 31.10.2025 ਨੂੰ ਇਹ ਅਦਾਲਤੀ ਇਸ਼ਤਿਹਾਰ ਮੇਰੇ ਦਸਤਖਤਾਂ ਅਤੇ ਦਫਤਰੀ ਮੋਹਰ ਹੇਠ ਜਾਰੀ ਹੋਇਆ ਹੈ।

**ਸਹਾਇਕ ਕੁਲੈਕਟਰ ਦਰਜਾ ਪਹਿਲਾ, ਅੰਮ੍ਰਿਤਸਰ-1**

---

## ਉੱਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ ਨੰਬਰ ETrU-T-07-2025-26

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਕ.ਵਿ./ ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਕੰਮਾਂ ਦੇ ਲਈ ਈ-ਟੈਂਡਰਿੰਗ ਦੇ ਮਾਧਿਅਮ ਨਾਲ ਟੈਂਡਰਾਂ ਦੀ ਮੰਗ ਕਰਦੇ ਹਨ। ਇਨਾਂ ਟੈਂਡਰਾਂ ਨੂੰ ਹਰੇਕ ਕੰਮ ਦੇ ਅਗੇ ਦਰਸਾਈ ਗਈ ਮਿਤੀ ਨੂੰ 15:00 ਵਜੇ ਤਕ www.ireps.gov.in ਤੇ ਅਪਲੋਡ ਕੀਤਾ ਜਾ ਸਕਦਾ ਹੈ। ਇਨਾਂ ਨੂੰ 15:00 ਵਜੇ ਦੇ ਉਪਰੰਤ ਤੁਰੰਤ ਖੋਹਲਿਆ ਜਾਵੇਗਾ।

| ਲ. ਨੰ. | ਟੈਂਡਰ ਨੰਬਰ | ਕੰਮ ਦਾ ਵੇਰਵਾ | ਟੈਂਡਰ ਬੰਦ/ ਖੁਲਣ ਦੀ ਮਿਤੀ | ਲਗਭਗ ਲਾਗਤ | ਬਿਆਨਾ ਰਾਸ਼ੀ | ਕੰਮ ਪੂਰਾ ਕਰਨ ਦਾ ਸਮਾਂ | ਵੈਲਿਡ ਸਮਾਂ | ਟੈਂਡਰ ਫਾਰਮ ਦੀ ਕੀਮਤ |
|---|---|---|---|---|---|---|---|---|
| 1. | ETrU-T-07-2025-26 | ਅੰਬਾਲਾ ਡਵੀਜਨ ਵਿਚ ਟੀ.ਆਰ.ਡੀ. ਹੈਡਕੁਆਟਰ ਐਕਸ਼ਨ ਪਲਨ ਦੇ ਟਾਰਗੇਟ ਅਤੇ ਸਪੇਸ਼ਲ ਮੇਂਟਨੇਂਸ ਵਰਕ ਨੂੰ ਪੂਰਾ ਕਰਨ ਦੇ ਲਈ ਕੰਮ, ਜਿਵੇਂ ਸੈਕ੍ਰਿਫਾਇਸਿੰਗ ਮਾਸਟ ਲਗਾਉਣਾ, ਮਫ ਨੂੰ ਉਪਰ ਚੁਕਣਾ ਅਤੇ ਕਮਜੋਰ ਕੈਟੇਨਰੀ/ਕਾਨਟੈਕਟ ਵਾਯਰ ਨੂੰ ਬਦਲਣ ਲਈ ਕੰਮ। | 21.11.2025 | ₹ 56,06,785.90/- | ₹ 1,12,100/- | 06 ਮਹੀਨੇ | 60 ਦਿਨ | Downloading through IREPS portal-NIL (₹ 5,000/- Sr. DEE/TRD/UMB ਆਫਿਸ ਤੋਂ ਹਾਰਡ ਕਾਪੀ ਦੇ ਲਈ) |

1. ਟੈਂਡਰਕਾਰ ਨੂੰ ਸਾਰੀਆਂ ਜਰੂਰੀ ਯੋਗਤਾ ਦਸਤਾਵੇਜ ਅਤੇ PAN/GSTIN ਦੀ Scanned Copies IRESP ਪੋਰਟਲ ਤੇ ਅਪਲੋਡ ਕਰਨੀ ਹੈ। 2. ਟੈਂਡਰਕਾਰ ਦੇ ਕੋਲ ਈ-ਟੈਂਡਰ ਵਿਚ ਭਾਗ ਲੈਣ ਦੇ ਲਈ Class-III Digital Signature Certificate ਹੋਣੀ ਚਾਹੀਦੀ। 3. ਕੰਮ ਵਿਚ GST, BOCWW, Income Tax ਅਤੇ ਨਿਯਮ ਅਨੁਸਾਰ ਜਰੂਰੀ ਟੈਕਸ ਲਾਗੂ ਹੋਣਗੇ। 4. ਕੰਮ ਵਿਚ ਸਿਮਿਲਰ ਨੇਚਰ ਕੰਡੀਸ਼ਨ ਲਾਗੂ ਹੈ ਅਤੇ ਇਸ ਪ੍ਰਕਾਰ ਹੈ, ``Design, Drawing, supply, testing and commissioning of 50 Hz, Single 25 KV AC OHE 5. ਟੈਂਡਰ ਡਾਕੂਮੈਂਟ ਅਤੇ ਟੈਂਡਰ ਸੂਚਨਾ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ ਰੇਲਵੇ ਦੀ ਵੈਬਸਾਈਟ www.ireps.gov.in ਤੇ ਜਾਓ।

ਨੰਬਰ : ETrU-T-07-2025-26 ਤਾਰੀਕ 30.10.2025 3378/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

**ਜ਼ਮੀਨੀ ਤਲ, ਐਸ.ਸੀ.ਓ. 33-34-35, ਸੈਕਟਰ 17-ਏ, ਚੰਡੀਗੜ੍ਹ-160017**

**ਮਾਮਲਾ ਨੰ. : ਓਏ/625/2023**

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**

**ਈਐਕਸਐਚ ਨੰ. 26320**

**ਬੈਂਕ ਆਫ ਬੜੌਦਾ**
**ਬਨਾਮ**
**ਮੈਸ. ਜੀ ਕੇ ਇੰਜੀਨੀਅਰਿੰਗ ਅਤੇ ਇਨੋਵੇਟਿਵ ਅਤੇ ਹੋਰ**

**ਵੱਲ,**

**(1) ਮੈਸ. ਜੀ ਕੇ ਇੰਜੀਨੀਅਰਿੰਗ ਅਤੇ ਇਨੋਵੇਟਿਵ ਰਾਹੀਂ ਇਸ ਦੇ ਇਕਲੌਤੇ ਮਾਲਕ ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਪ੍ਰਿਤਪਾਲ ਸਿੰਘ ਪਲਾਟ ਨੰ. 147-148, ਗੌਤਮ ਕਲੋਨੀ, ਜਗੀਰਪੁਰ, ਰਾਹੋਂ ਰੋਡ, ਲੁਧਿਆਣਾ-141007**

**(2) ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਪ੍ਰਿਤਪਾਲ ਸਿੰਘ ਇਕਲੌਤੇ ਮਾਲਕ ਮੈਸ. ਜੀ ਕੇ ਇੰਜੀਨੀਅਰਿੰਗ ਅਤੇ ਇਨੋਵੇਟਿਵ, ਪਲਾਟ ਨੰ. 147-148, ਗੌਤਮ ਕਲੋਨੀ, ਜਗੀਰਪੁਰ, ਰਾਹੋਂ ਰੋਡ, ਲੁਧਿਆਣਾ-141007**

**ਹੋਰ ਪਤਾ : ਪਲਾਟ ਨੰ. 177, ਗਲੀ ਨੰ. 1, ਗੌਤਮ ਕਲੋਨੀ, ਰਾਹੋਂ ਰੋਡ, ਲੁਧਿਆਣਾ-141007**

**ਸੰਮਨ**

**ਜਿਥੇ ਕਿ, ਓ. ਏ./625/2023, 11.07.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 22,92,310.59** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ** 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **03.12.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 16.07.2025 ਨੂੰ ਜਾਰੀ।**

**ਰਜਿਸਟਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)**

---

## ਕੈਨਬੈਂਕ ਫੈਕਟਰਜ਼ ਲਿਮਟਿਡ

**(ਕੇਨਰਾ ਬੈਂਕ ਦੀ ਇੱਕ ਸਹਾਇਕ ਕੰਪਨੀ)**

**ਰਜਿਸਟਰਡ ਦਫ਼ਤਰ: #67/1, ਕਨਕਾਪੁਰਾ ਮੇਨ ਰੋਡ, ਬਸਵਨਗੁੜੀ, ਬੰਗਲੌਰ-560004**
**ਸ਼ਾਖਾ ਦਫ਼ਤਰ: ਨੰਬਰ 1, ਡੀਡੀਏ ਬਿਲਡਿੰਗ, ਪਹਿਲੀ ਮੰਜ਼ਿਲ, ਪਾਰਸ ਸਿਨੇਮਾ ਦੇ ਨੇੜੇ, ਨਹਿਰੂ ਪਲੇਸ, ਨਵੀਂ ਦਿੱਲੀ-110019**
**ਫੋਨ: 011-40113698/26287129, ਸੀਆਈਐਨ ਨੰਬਰ U85110KA1991PLC011960**
**ਈ-ਮੇਲ: canfact.del@canbankfactors.com ਵੈੱਬਸਾਈਟ: www.canbankfactors.com**

**ਫਾਰਮ ਬੀ** **ਮਿਤੀ: 18.06.2025**
**[ਨਿਯਮ 7(1) ਵੇਖੋ]**
**ਮੰਗ ਨੋਟਿਸ ਦਾ ਫਾਰਮ**

[ਅਤਰਲਤਾ ਅਤੇ ਦੀਵਾਲੀਆਪਨ (ਕਾਰਪੋਰੇਟ ਕਰਜ਼ਦਾਰਾਂ ਨੂੰ ਨਿੱਜੀ ਜ਼ਾਮਨਾਂ ਦੀ ਦੀਵਾਲੀਆਪਨ ਹੱਲ ਪ੍ਰਕਿਰਿਆ ਲਈ ਨਿਰਣਾਇਕ ਅਥਾਰਟੀ ਨੂੰ ਅਰਜ਼ੀ) ਨਿਯਮ, 2019 ਦੇ ਨਿਯਮ 7(1) ਦੇ ਤਹਿਤ]

ਵੱਲ,
ਸ਼੍ਰੀ ਅਜੈ ਗੁਪਤਾ, 445, ਸੰਤ ਨਗਰ, ਸਿਵਲ ਲਾਈਨਜ਼, ਲੁਧਿਆਣਾ
ਇਸ ਤੋਂ ਇਲਾਵਾ, ਮੈਸਰਜ਼ ਸੁਪਰੀਮ ਟੈਕਸ ਮਾਰਟ ਲਿਮਟਿਡ, 424, ਇੰਡਸਟਰੀਅਲ ਏਰੀਆ - ਏ, ਲੁਧਿਆਣਾ
ਕੈਨਬੈਂਕ ਫੈਕਟਰਜ਼ ਲਿਮਟਿਡ, ਐਸਸੀਐਫ-21, ਪਹਿਲੀ ਮੰਜ਼ਿਲ, ਕੇਨਰਾ ਬੈਂਕ ਦੇ ਉੱਪਰ, ਭਦੌੜ ਹਾਊਸ, ਲੁਧਿਆਣਾ - 141008 ਤੋਂ, ਈਮੇਲ-canfact.lud@canbankfactors.com

ਵਿਸ਼ਾ: ਮੈਸਰਜ਼ ਸੁਪਰੀਮ ਟੈਕਸ ਮਾਰਟ ਲਿਮਟਿਡ (ਕਰਜ਼ਦਾਰ) ਤੋਂ ਉਸ ਕੋਡ ਦੇ ਤਹਿਤ ਕੁਤਾਹੀ ਦੇ ਬਕਾਏ ਵਿਚ ਅਣ ਅਦਾ ਕੀਤੇ ਕਰਜ਼ੇ ਦੇ ਸਬੰਧ ਵਿਚ ਮੰਗ ਨੋਟਿਸ ਜਿਸ ਵਿੱਚ ਸ਼੍ਰੀ ਅਜੈ ਗੁਪਤਾ ਨੇ ਆਪਣੀ ਨਿੱਜੀ ਗਾਰੰਟੀ ਦਿੱਤੀ ਹੈ।

ਸ਼੍ਰੀਮਾਨ ਜੀ,
1. ਇਹ ਪੱਤਰ ਸ਼੍ਰੀ ਅਜੈ ਗੁਪਤਾ ਵੱਲੋਂ ਬਕਾਇਆ ਬਕਾਇਆ ਕਰਜ਼ੇ ਦਾ ਡਿਮਾਂਡ ਨੋਟਿਸ ਹੈ।
2. ਕਿਰਪਾ ਕਰਕੇ ਨਿਮਨ ਕੁਤਾਹੀ ਵਿਚ ਅਣ ਅਦਾ ਕੀਤੇ ਕਰਜ਼ੇ ਦੇ ਵੇਰਵਿਆਂ ਨੂੰ ਪਾਓ :

**ਕਰਜ਼ੇ ਦੇ ਵੇਰਵੇ**

| | | |
|---|---|---|
| 1. | **ਕੁੱਲ ਬਕਾਇਆ ਕਰਜ਼ਾ (ਕਿਸੇ ਵੀ ਵਿਆਜ ਜਾਂ ਜੁਰਮਾਨੇ ਸਮੇਤ)** | **18,65,05,143.45/- ਰੁਪਏ (ਅਠਾਰਾਂ ਕਰੋੜ ਪੈਂਹਠ ਲੱਖ ਪੰਜ ਹਜ਼ਾਰ ਇੱਕ ਸੌ ਤਰਤਾਲੀ ਅਤੇ ਪੰਤਾਲੀ ਪੈਸੇ ਸਿਰਫ਼)** |
| 2. | **ਉਹ ਤਾਰੀਖ ਜਦੋਂ ਕਰਜ਼ਾ ਬਕਾਇਆ ਸੀ** | **17.03.2025** |
| 3. | **ਉਹ ਤਾਰੀਖ ਜਦੋਂ ਡਿਫਾਲਟ ਹੋਇਆ** | **24.03.2025** |
| 4. | **ਕਰਜ਼ੇ ਦੀ ਪ੍ਰਕਿਰਤੀ** | **ਫੈਕਟਰਿੰਗ-ਕਮ-ਪੂਰਵ-ਭੁਗਤਾਨ ਸਮਝੌਤੇ ਅਧੀਨ ਵਿਕਰੀ ਬਿੱਲ ਛੋਟ** |
| 5. | **ਸੁਰੱਖਿਅਤ ਕਰਜ਼ਾ ਜਿਸ ਵਿੱਚ ਰੱਖੀ ਗਈ ਸੁਰੱਖਿਆ ਦੇ ਵੇਰਵੇ, ਇਸਦੀ ਸਿਰਜਣਾ ਦੀ ਮਿਤੀ, ਲੈਣਦਾਰ ਦੇ ਅਨੁਸਾਰ ਇਸਦਾ ਅਨੁਮਾਨਿਤ ਮੁੱਲ (ਜਿਵੇਂ ਲਾਗੂ ਹੋਵੇ), ਅਤੇ ਪ੍ਰਤੀਭੂਤੀਆਂ ਦੇ ਵੇਰਵੇ ਸ਼ਾਮਲ ਹਨ** | **ਸੁਰੱਖਿਅਤ ਕਰਜ਼ੇ ਦੀ ਰਕਮ-18,65,05,143.45/- ਰੁਪਏ ਸਕਿਉਰਿਟੀ : 1. ਬੁੱਕ ਕਰਜ਼ਿਆਂ ਦਾ ਅਸਾਈਨਮੈਂਟ 2. ਨਿੱਜੀ ਗਰੰਟੀ** |
| 6. | **ਅਸੁਰੱਖਿਅਤ ਕਰਜ਼ਾ (ਜਿਵੇਂ ਲਾਗੂ ਹੋਵੇ)** | **ਲਾਗੂ ਨਹੀਂ** |
| 7. | **ਉਨ੍ਹਾਂ ਚੀਜ਼ਾਂ ਦੇ ਸੰਬੰਧ ਵਿੱਚ ਸਿਰਲੇਖ ਪ੍ਰਬੰਧਾਂ ਦੀ ਧਾਰਨਾ (ਜੇ ਕੋਈ ਹੋਵੇ) ਦੇ ਵੇਰਵੇ ਜਿਨ੍ਹਾਂ ਦਾ ਕਰਜ਼ਾ ਹਵਾਲਾ ਦਿੱਤਾ ਜਾਂਦਾ ਹੈ (ਇੱਕ ਕਾਪੀ ਨੱਥੀ ਕਰੋ)** | **ਕਰਜ਼ਿਆਂ ਦਾ ਅਸਾਈਨਮੈਂਟ** |
| 8. | **ਡਿਫਾਲਟ 'ਤੇ ਫੈਸਲਾ ਕਰਨ ਵਾਲੇ ਅਦਾਲਤ, ਟ੍ਰਿਬਿਊਨਲ ਜਾਂ ਆਰਬਿਟਰਲ ਪੈਨਲ ਦੇ ਆਦੇਸ਼ ਦੇ ਵੇਰਵੇ, ਜੇਕਰ ਕੋਈ ਹੋਵੇ (ਆਰਡਰ ਦੀ ਇੱਕ ਕਾਪੀ ਨੱਥੀ ਕਰੋ)** | **ਲਾਗੂ ਨਹੀਂ** |
| 9. | **ਜਾਣਕਾਰੀ ਉਪਯੋਗਤਾ ਦੇ ਨਾਲ ਡਿਫਾਲਟ ਦਾ ਰਿਕਾਰਡ, ਜੇਕਰ ਕੋਈ ਹੋਵੇ (ਇੱਕ ਕਾਪੀ ਨੱਥੀ ਕਰੋ)** | **CIBIL/CRILIC ਰਿਪੋਰਟ** |
| 10. | **ਭਾਰਤੀ ਉੱਤਰਾਧਿਕਾਰ ਐਕਟ, 1925 (1925 ਦਾ 10) ਦੇ ਤਹਿਤ ਉਤਰਾਧਿਕਾਰ ਸਰਟੀਫਿਕੇਟ, ਜਾਂ ਵਸੀਅਤ ਦਾ ਪ੍ਰੋਬੇਟ, ਜਾਂ ਪ੍ਰਸ਼ਾਸਨ ਪੱਤਰ, ਜਾਂ ਅਦਾਲਤੀ ਫ਼ਰਮਾਨ (ਜਿਵੇਂ ਲਾਗੂ ਹੋਵੇ) ਦੇ ਵੇਰਵੇ (ਇੱਕ ਕਾਪੀ ਨੱਥੀ ਕਰੋ)** | **ਲਾਗੂ ਨਹੀਂ** |
| 11. | **ਕਾਨੂੰਨ, ਇਕਰਾਰਨਾਮੇ ਜਾਂ ਹੋਰ ਦਸਤਾਵੇਜ਼ ਦਾ ਪ੍ਰਬੰਧ ਜਿਸ ਦੇ ਤਹਿਤ ਕਰਜ਼ਾ ਬਕਾਇਆ ਹੋ ਗਿਆ ਹੈ (ਇੱਕ ਨੱਥੀ ਕਰੋ) ਕਾਪੀ)** | **ਮਨਜ਼ੂਰੀ ਪੱਤਰ (ਪ੍ਰਿੰਸੀਪਲ) ਮਿਤੀ 15.02.2013 ਫੈਕਟਰਿੰਗ-ਕਮ-ਪ੍ਰੀਪੇਮੈਂਟ ਸਮਝੌਤਾ (ਘਰੇਲੂ - ਵਿਕਰੀ ਬਿੱਲ/ਇਨਵੌਇਸ) ਮਿਤੀ 18.02.2013 ਗਾਰੰਟੀ ਪੱਤਰ ਮਿਤੀ 18.02.2013 ਗਰੰਟੀ ਦੇ ਨਵੀਨੀਕਰਨ ਦਾ ਪੱਤਰ ਮਿਤੀ 14.10.2014** |
| 12. | **ਬੈਂਕ ਖਾਤੇ ਦਾ ਇੱਕ ਸਟੇਟਮੈਂਟ ਜਿੱਥੇ ਲੈਣਦਾਰ ਦੁਆਰਾ ਕਾਰਪੋਰੇਟ ਕਰਜ਼ਦਾਰ ਦੇ ਕਰਜ਼ੇ ਦੇ ਸੰਬੰਧ ਵਿੱਚ ਆਮ ਤੌਰ 'ਤੇ ਜਮ੍ਹਾਂ ਰਕਮਾਂ ਜਾਂ ਕ੍ਰੈਡਿਟ ਪ੍ਰਾਪਤ ਕੀਤੇ ਜਾਂਦੇ ਹਨ, ਉਸ ਮਿਤੀ ਤੋਂ ਜਿਸ ਦਿਨ ਕਰਜ਼ਾ ਲਿਆ ਗਿਆ ਸੀ** | **ਪੂਰਵ-ਭੁਗਤਾਨ ਖਾਤੇ ਦਾ ਬਿਆਨ** |
| 13. | ਕਰਜ਼ੇ ਦੀ ਮੌਜੂਦਗੀ ਅਤੇ ਡਿਫਾਲਟ ਰਕਮ ਨੂੰ ਸਾਬਤ ਕਰਨ ਲਈ ਇਸ ਨੋਟਿਸ ਨਾਲ ਜੁੜੇ ਦਸਤਾਵੇਜ਼ਾਂ ਦੀ ਸੂਚੀ | **ਮਨਜ਼ੂਰੀ ਪੱਤਰ (ਪ੍ਰਿੰਸੀਪਲ) ਫੈਕਟਰਿੰਗ-ਕਮ-ਪ੍ਰੀਪੇਮੈਂਟ ਸਮਝੌਤਾ (ਘਰੇਲੂ ਵਿਕਰੀ ਬਿੱਲ/ਇਨਵੌਇਸ) ਪਾਵਰ ਆਫ਼ ਅਟਾਰਨੀ ਗਰੰਟੀ ਪੱਤਰ ਗਰੰਟੀ ਦੇ ਨਵੀਨੀਕਰਨ ਦਾ ਪੱਤਰ ਇਨਵੋਕੇਸ਼ਨ ਆਫ ਗਰੰਟੀ ਕਮ ਮੰਗ ਸੂਚਨਾ ਮਿਤੀ 17.03.2025 ਪੂਰਵ-ਭੁਗਤਾਨ ਖਾਤੇ ਦਾ ਬਿਆਨ। ਮਿਰਰ ਖਾਤਾ** |

3. ਜੇਕਰ ਤੁਹਾਨੂੰ ਲੱਗਦਾ ਹੈ ਕਿ ਇਸ ਨੋਟਿਸ ਦੀ ਪ੍ਰਾਪਤੀ ਤੋਂ ਪਹਿਲਾਂ ਕਰਜ਼ਾ ਚੁਕਾ ਦਿੱਤਾ ਗਿਆ ਹੈ, ਤਾਂ ਕਿਰਪਾ ਕਰਕੇ ਇਸ ਨੋਟਿਸ ਦੀ ਪ੍ਰਾਪਤੀ ਦੇ ਚੌਦਾਂ ਦਿਨਾਂ ਦੇ ਅੰਦਰ, ਸਾਨੂੰ ਭੇਜ ਕੇ ਅਜਿਹੀ ਅਦਾਇਗੀ ਦਾ ਸਬੂਤ ਦਿਓ:-
ਏ. ਜ਼ਾਮਨ ਦੇ ਬੈਂਕ ਖਾਤੇ ਤੋਂ ਅਦਾਇਗੀ ਨਾ ਕੀਤੀ ਗਈ ਰਕਮ ਦੇ ਇਲੈਕਟ੍ਰਾਨਿਕ ਟਰਾਂਸਫਰ ਦੇ ਰਿਕਾਰਡ ਦੀ ਇੱਕ ਪ੍ਰਮਾਣਿਤ ਕਾਪੀ; ਜਾਂ
ਬੀ. ਜ਼ਾਮਨ ਦੁਆਰਾ ਜਾਰੀ ਕੀਤੀ ਗਈ ਅਦਾਇਗੀ ਨਾ ਕੀਤੀ ਗਈ ਰਕਮ ਲਈ ਚੈੱਕ ਦੇ ਨਕਦੀਕਰਨ ਦਾ ਸਬੂਤ; ਜਾਂ
ਸੀ. ਕਿਸੇ ਵੀ ਰਿਕਾਰਡ ਦੀ ਇੱਕ ਪ੍ਰਮਾਣਿਤ ਕਾਪੀ ਕਿ ਕੈਨਬੈਂਕ ਫੈਕਟਰਸ ਲਿਮਟਿਡ ਨੂੰ ਭੁਗਤਾਨ ਪ੍ਰਾਪਤ ਹੋਇਆ ਹੈ।
4. ਹੇਠਾਂ ਹਸਤਾਖਰ ਕਰਨ ਵਾਲਾ ਤੁਹਾਨੂੰ ਬੇਨਤੀ ਕਰਦਾ ਹੈ ਕਿ ਇਸ ਪੱਤਰ ਦੀ ਪ੍ਰਾਪਤੀ ਤੋਂ ਚੌਦਾਂ ਦਿਨਾਂ ਦੇ ਅੰਦਰ ਅਦਾਇਗੀ ਨਾ ਕੀਤੇ ਗਏ ਕਰਜ਼ੇ ਦਾ ਬਿਨਾਂ ਸ਼ਰਤ ਭੁਗਤਾਨ ਕਰੋ, ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਕੋਡ ਦੇ ਤਹਿਤ, ਤੁਹਾਡੇ ਵਿਰੁੱਧ ਦੀਵਾਲੀਆਪਨ ਹੱਲ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

**ਕਰਜ਼ਦਾਰ/ਕਰਜ਼ਦਾਰ ਦੀ ਤਰਫੋਂ ਕਾਰਵਾਈ ਕਰਨ ਲਈ ਅਧਿਕਾਰਤ ਵਿਅਕਤੀ ਦੇ ਦਸਤਖਤ**
**ਸੰਦੀਪ ਸ਼ਰਮਾ**
**ਐਸਸੀਐਫ-21, ਪਹਿਲੀ ਮੰਜ਼ਿਲ, ਕੈਨਰਾ ਬੈਂਕ ਦੇ ਉੱਪਰ, ਭਦੌੜ ਹਾਊਸ, ਲੁਧਿਆਣਾ - 141008।**


हरियाणा सरकार
11 साल घणा कमाल
11 साल, तरक्की बेमिसाल
"हरियाणा के अपने सभी परिवारजनों को राज्य के स्थापना दिवस पर मेरी हार्दिक शुभकामनाएं। इस प्रदेश ने हमेशा ही कृषि और रक्षा जैसे बड़े क्षेत्रों में देश को महत्वपूर्ण योगदान दिया है। यहां के युवा इनोवेशन की दुनिया में भी अपना परचम लहरा रहे हैं। मेरी कामना है कि विकास के हर मानदंड पर यह राज्य नए-नए कीर्तिमान गढ़ता रहे।"
- नरेन्द्र मोदी
ਹਰਿਆਣਾ ਵਾਸੀਆਂ ਨੂੰ
ਹਰਿਆਣਾ ਦਿਵਸ
ਦੀਆਂ
ਹਾਰਦਿਕ ਸ਼ੁਭਕਾਮਨਾਵਾਂ
1 ਨਵੰਬਰ, 2025
ਇਸ ਮੌਕੇ 'ਤੇ
ਤਿੰਨ ਦਿਨਾਂ ਸੱਭਿਆਚਾਰਕ ਪ੍ਰੋਗਰਾਮ ਅਤੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਜਾਵੇਗਾ
ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਦੇ ਤਹਿਤ ₹ 2100 ਦੀ ਪਹਿਲੀ ਕਿਸ਼ਤ ਜਾਰੀ ਕੀਤੀ ਜਾਵੇਗੀ
ਮੁੱਖ ਮਹਿਮਾਨ
ਪ੍ਰੋਫੈਸਰ ਅਸੀਮ ਕੁਮਾਰ ਘੋਸ਼
ਮਾਣਯੋਗ ਰਾਜਪਾਲ, ਹਰਿਆਣਾ
ਮਾਣਯੋਗ ਮੌਜੂਦਗੀ
ਸ੍ਰੀ ਨਾਇਬ ਸਿੰਘ ਸੈਣੀ
ਮੁੱਖ ਮੰਤਰੀ, ਹਰਿਆਣਾ
ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ QR ਕੋਡ ਸਕੈਨ ਕਰੋ
1 ਨਵੰਬਰ, 2025 | ਸਵੇਰੇ 10:00 ਵਜੇ | ਯਵਨਿਕਾ ਗਾਰਡਨ, ਸੈਕਟਰ 5, ਪੰਚਕੂਲਾ
ਆਪ ਸਭ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੇ Whatsapp ਚੈਨਲ ਨਾਲ ਜੁੜਨ ਲਈ QR ਕੋਡ ਨੂੰ ਸਕੈਨ ਕਰੋ
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ
www.prharyana.gov.in | Follow us on @diprharyana

## ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ

# ਜ਼ਿਲ੍ਹਾ ਬਰਨਾਲਾ 'ਚ ਗੁਰੂ ਸਾਹਿਬਾਨ ਦੇ 11 ਚਰਨ ਛੋਹ ਥਾਵਾਂ ਵਿਖੇ ਕਰਵਾਏ ਜਾਣਗੇ ਸਮਾਗਮ : ਡੀ.ਸੀ.

ਬਰਨਾਲਾ, 31 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਨਿਰਸਵਾਰਥ ਕੁਰਬਾਨੀ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬਾਨ ਦਾ 350ਵਾਂ ਸ਼ਹੀਦੀ ਦਿਹਾੜਾ ਵੱਖ ਵੱਖ ਸਮਾਗਮਾਂ ਰਾਹੀਂ ਮਨਾਇਆ ਜਾ ਰਿਹਾ ਹੈ। ਇਸ ਤਹਿਤ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਥਾਵਾਂ ਉੱਤੇ ਵਿਸ਼ੇਸ਼ ਸਮਾਗਮ, ਵਿਸ਼ਾਲ ਨਗਰ ਕੀਰਤਨ ਅਤੇ ਲਾਇਟ ਐਂਡ ਸਾਊਂਡ ਸ਼ੋਅ ਕਰਵਾਏ ਜਾ ਰਹੇ ਹਨ। ਜ਼ਿਲ੍ਹਾ ਬਰਨਾਲਾ ਚ 6 ਨਵੰਬਰ ਤੋਂ 16 ਨਵੰਬਰ ਤੱਕ 11 ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਥਾਵਾਂ ਉੱਤੇ ਕਵੀ ਦਰਬਾਰ/ਕੀਰਤਨ ਸਮਾਗਮ ਕਰਵਾਏ ਜਾਣਗੇ। 14 ਨਵੰਬਰ ਨੂੰ ਬਾਬਾ ਕਾਲਾ ਮੇਹਰ ਸਟੇਡੀਅਮ ਵਿਖੇ ਗੁਰੂ ਸਾਹਿਬਾਨ ਨੂੰ ਸਮਰਪਿਤ ਲਾਇਟ ਐਂਡ ਸਾਊਂਡ ਸ਼ੋਅ ਅਤੇ 20 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਆਯੋਜਤ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੈਨਿਥ ਨੇ ਇਸ ਗੱਲ ਦਾ ਪ੍ਰਗਟਾਵਾ ਜ਼ਿਲ੍ਹਾ ਪੱਧਰੀ ਸੱਭਿਆਚਰਕ ਕਮੇਟੀ ਦੀ ਬੈਠਕ ਦੌਰਾਨ ਕੀਤਾ । ਇਹ ਬੈਠਕ ਗੁਰੂ ਸਾਹਿਬਾਨ ਦੇ ਸ਼ਹੀਦੀ ਦਿਹਾੜਾ ਮਨਾਉਣ ਸਬੰਧੀ ਪ੍ਰਬੰਧਾਂ ਲਈ ਬੁਲਾਈ ਗਈ ਸੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 6 ਨਵੰਬਰ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸੇਖਾ ਅਤੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਗੁਰੂਸਰ ਸਾਹਿਬ ਕੱਟੂ ਵਿਖੇ, 8 ਨਵੰਬਰ ਨੂੰ ਗੁਰਦੁਆਰਾ ਸੋਹੀਆਣਾ ਸਾਹਿਬ ਪਾਤਸ਼ਾਹੀ ਨੌਵੀਂ ਧੌਲਾ ਅਤੇ ਗੁਰਦੁਆਰਾ ਸ੍ਰੀ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਪੰਧੇਰ, 9 ਨਵੰਬਰ ਨੂੰ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੁਲੱਮਸਰ ਮੌੜ ਅਤੇ ਗੁਰਦੁਆਰਾ ਦਾਤਨਸਰ ਸਾਹਿਬ ਪਾਤਸ਼ਾਹੀ ਨੌਵੀਂ ਭਗਤਪੁਰਾ, 14 ਨਵੰਬਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਢਿਲਵਾਂ, ਬਾਬਾ ਕਾਲਾ ਮੇਹਰ ਸਟੇਡੀਅਮ ਵਿਖੇ ਲਾਇਟ ਐਂਡ ਸਾਊਂਡ ਸ਼ੋਅ, 15 ਨਵੰਬਰ ਨੂੰ ਗੁਰਦੁਆਰਾ ਅੜੀਸਰ ਸਾਹਿਬ ਪਾਤਸ਼ਾਹੀ ਨੌਵੀਂ ਕੋਠੇ ਚੁੰਗਾ ਅਤੇ ਗੁਰਦੁਆਰਾ ਗੁਰੂਸਰ ਸਾਹਿਬ ਪਾਤਸ਼ਾਹੀ ਨੌਵੀਂ ਪੱਖੋਂ ਕਲਾਂ, 16 ਨਵੰਬਰ ਨੂੰ ਇਹ ਸਮਾਗਮ ਗੁਰਦੁਆਰਾ ਪਾਤਸ਼ਾਹੀ ਨੌਵੀਂ ਫਰਵਾਹੀ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਪਾਤਸ਼ਾਹੀ ਨੌਵੀਂ ਭੈਣੀ ਮਹਿਰਾਜ ਵਿਖੇ ਕਰਵਾਏ ਜਾਣਗੇ। ਇਨ੍ਹਾਂ ਸਾਰੀਆਂ ਧਾਰਮਕ ਥਾਵਾਂ ਤੇ ਗੁਰੂ ਸਾਹਿਬ ਨੂੰ ਸਮਰਪਿਤ ਕਵੀ ਦਰਬਾਰ, ਢਾਡੀ, ਕੀਰਤਨ ਅਤੇ ਕਵੀਸ਼ਰੀਆਂ ਵੀ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਕੱਢੀ ਜਾ ਰਹੀ ਯਾਤਰਾ ਜ਼ਿਲ੍ਹਾ ਬਰਨਾਲਾ ਵਿਖੇ 20 ਨਵੰਬਰ ਨੂੰ ਪੁੱਜੇਗੀ। ਇਹ ਯਾਤਰਾ ਜ਼ਿਲ੍ਹਾ ਬਰਨਾਲਾ 'ਚ ਗੁਰਦੁਆਰਾ ਸੋਹੀਆਣਾ ਸਾਹਿਬ ਵਿਖੇ ਰੁਕੇਗੀ। ਜ਼ਿਲ੍ਹਾ ਬਠਿੰਡਾ ਤੋਂ ਆ ਰਹੀ ਇਸ ਯਾਤਰਾ ਨੂੰ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਸ਼ਰਧਾਲੂਆਂ ਵੱਲੋਂ ਗੁਰਦੁਆਰਾ ਸੋਹੀਆਣਾ ਸਾਹਿਬ ਵਿਖੇ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸੋਹੀਆਣਾ ਸਾਹਿਬ ਤੋਂ ਯਾਤਰਾ ਹੰਡਿਆਇਆ ਵਿਖੇ ਪੁੱਜੇਗੀ। ਹੰਡਿਆਇਆ ਤੋਂ ਕਚਹਿਰੀ ਚੌਂਕ, ਗੁਰਦੁਆਰਾ ਨਾਨਕਸਰ ਸਾਹਿਬ, ਆਈ.ਟੀ.ਆਈ. ਚੌਂਕ ਤੋਂ ਬਡਬਰ ਟੋਲ ਪਲਾਜ਼ਾ ਵਿਖੇ ਪੁੱਜੇਗੀ। ਉਨ੍ਹਾਂ ਹਦਾਇਤ ਕੀਤੀ ਕਿ ਯਾਤਰਾ ਦੇ ਰੂਟ ਦੀ ਚੰਗੀ ਤਰ੍ਹਾਂ ਸਾਫ਼ ਸਫ਼ਾਈ ਕੀਤੀ ਜਾਵੇ, ਸੜਕਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੌਰਾਨ ਬੈਠਕ 'ਚ ਵਧੀਕ ਡਿਪਟੀ ਕਮਿਸ਼ਨਰ ਮੈਡਮ ਅਨੁਪ੍ਰਿਤਾ ਜੌਹਲ, ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਅਤੇ ਮਹਿਲ ਕਲਾਂ ਮੈਡਮ ਸੋਨਮ, ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਫਸਰ ਸਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸੁਨੀਤਇੰਦਰ ਸਿੰਘ, ਅਮਨਦੀਪ ਸਿੰਘ ਟੱਲੇਵਾਲੀਆ, ਗੁਰਜੰਟ ਸਿੰਘ ਬਰਨਾਲਾ, ਰਾਮਸਰੂਪ ਸ਼ਰਮਾ, ਮਾਲਵਿੰਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਫਸਰ ਅਤੇ ਕਰਮਚਾਰੀ ਹਾਜ਼ਰ ਸਨ।

# ਡੀ. ਸੀ. ਨੇ ਐਸ.ਐਸ.ਡੀ ਕਾਲਜ ਦੇ ਵਿਦਿਆਰਥੀਆਂ ਨੂੰ ਪਰਾਲ਼ੀ ਪ੍ਰਬੰਧਨ ਲਈ ਕੀਤਾ ਜਾਗਰੂਕ



ਬਰਨਾਲਾ, 31 ਅਕਤੂਬਰ (ਇਸ਼ਨ ਕੰਗ) : ਜ਼ਿਲ੍ਹਾ ਬਰਨਾਲਾ ਵਿੱਚ ਪਰਾਲੀ ਪ੍ਰਬੰਧਨ 2025 ਤਹਿਤ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਕਿਸਾਨ ਮਿਲਣੀ, ਪਰਾਲੀ ਪ੍ਰਬੰਧਨ ਲਈ ਚਲਾਈਆਂ ਜਾ ਰਹੀ ਖੇਤੀ ਮਸ਼ੀਨਰੀ ਦਾ ਜਾਇਜ਼ਾ ਲਿਆ ਜਾ ਰਿਹਾ, ਉੱਥੇ ਵੱਖ ਵੱਖ ਅਧਿਕਾਰੀਆਂ ਵੱਲੋਂ ਕਿਸਾਨ ਸਿਖਲਾਈ ਕੈਂਪ, ਨੁੱਕੜ ਨਾਟਕ, ਕਰਕੇ ਜਾਗਰੂਕਤਾ ਫੈਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਐਸ.ਐਸ.ਡੀ ਕਾਲਜ ਬਰਨਾਲਾ ਵਿਖੇ ਸੈਮੀਨਾਰ ਕਰਵਾਏ ਗਏ, ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਮੁਹਿੰਮ ਵਿੱਚ ਵਿਦਿਆਰਥੀ ਅਹਿਮ ਭੂਮਿਕਾ ਨਿਭਾਉਂਦੇ ਹਨ, ਇਸੇ ਤਹਿਤ ਬਰਨਾਲਾ ਵਿਖੇ ਪਰਾਲੀ ਪ੍ਰਬੰਧਨ ਕਰਨ ਲਈ ਵੱਖ ਵੱਖ ਸਕੂਲ, ਕਾਲਜਾਂ ਵਿੱਚ ਸੈਮੀਨਾਰ ਕਰਵਾ ਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਕੇ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਇੱਕ ਵੱਖਰੀ ਪਹਿਲ ਕਰਕੇ ਲੱਕੀ ਡਰਾਅ (ਪਰਾਲੀ) ਸ਼ੁਰੂ ਕੀਤਾ ਗਿਆ, ਜੋ ਸਿਰਫ਼ ਬਰਨਾਲਾ ਜ਼ਿਲ੍ਹੇ ਦੇ ਉਨ੍ਹਾਂ ਕਿਸਾਨਾਂ ਲਈ ਹੈ ਜੋ ਪਰਾਲੀ ਨੂੰ ਅੱਗ ਨਹੀਂ ਲਗਾਉਂਦੇ ਤੇ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਦੇ ਹਨ। ਇਸ ਲਈ 7 ਲੱਖ ਰੁਪਏ ਕਿਸਾਨਾਂ ਵਿੱਚ ਲਗਾਤਾਰ 7 ਹਫ਼ਤੇ 1 ਲੱਖ ਰੁਪਏ ਵੰਡਿਆਂ ਜਾਣਾ ਹੈ, ਜਿਸ ਵਿੱਚ ਪਹਿਲਾ ਇਨਾਮ 20000 ਰੁਪਏ, ਦੂਜਾ ਇਨਾਮ 15000 ਰੁਪਏ , ਤੀਜਾ ਇਨਾਮ 10000 ਰੁਪਏ ਅਤੇ 22 ਕਿਸਾਨਾਂ ਨੂੰ 2500–2500 ਰੁਪਏ ਵੰਡੇ ਜਾਣਗੇ। ਡਿਪਟੀ ਕਮਿਸ਼ਨਰ ਨੇ ਜਾਗਰੂਕ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਪਰਾਲੀ ਦੀ ਖ਼ਰੀਦ ਕਰਨ ਵਾਲੀ ਕੋਈ ਇੰਡਸਟਰੀ ਨਾ ਹੋਣ ਕਾਰਨ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਦੀ ਵੱਡੀ ਸਮੱਸਿਆ ਸੀ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਨੇ ਵੱਖ ਵੱਖ ਜ਼ਿਲਿਆਂ ਤੋਂ ਐਗਰੀਗੇਟਰਾਂ ਨੂੰ ਜ਼ਿਲ੍ਹੇ ਵਿੱਚ ਕੰਮ ਕਰਨ ਲਈ ਬੁਲਾਇਆ ਗਿਆ ਹੈ, ਜਿਨ੍ਹਾਂ ਨੂੰ ਸਾਮਲਾਟ, ਪੰਚਾਇਤੀ ਜ਼ਮੀਨ ਡੰਪ ਲਈ ਮੁਹੱਈਆ ਕਰਵਾਈ ਗਈ ਹੈ। ਇਸ ਵਾਰ ਪਰਾਲੀ ਪ੍ਰਬੰਧਨ ਵਿੱਚ ਅਹਿਮ ਰੋਲ ਅਦਾ ਕਰੇਗਾ। ਇਸ ਸਮੇਂ ਖੇਤੀਬਾੜੀ ਵਿਭਾਗ ਦੇ ਧਰਮਵੀਰ ਸਿੰਘ ਖੇਤੀਬਾੜੀ ਅਫ਼ਸਰ, ਸੁਨੀਤਾ ਸ਼ਰਮਾ ਨੋਡਲ ਅਫ਼ਸਰ ਪਰਾਲੀ ਖੇਤੀਬਾੜੀ ਵਿਭਾਗ, ਸ਼ਿਵ ਸਿੰਗਲਾ ਟੰਡਨ ਪਬਲਿਕ ਸਕੂਲ, ਵਿਜੇ ਜਿੰਦਲ ਪ੍ਰਿੰਸੀਪਲ ਐਸ.ਐਸ. ਡੀ ਕਾਲਜ ਬਰਨਾਲਾ, ਸਿਵਲ ਡਿਫੈਂਸ ਟੀਮ ਦੇ ਸਮੂਹ ਮੈਂਬਰ, ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਸੰਘੇੜਾ ਕਾਲਜ ਵਿਖੇ ਪਰਾਲ਼ੀ ਨਾ ਜਲਾਓ, ਖੁਸ਼ਹਾਲੀ ਪਾਓ ਵਿਸ਼ੇ 'ਤੇ ਸੈਮੀਨਾਰ



ਬਰਨਾਲਾ, 31 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਡਿਪਟੀ ਕਮਿਸ਼ਨਰ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੰਸਥਾ ਪ੍ਰਧਾਨ ਭੋਲਾ ਸਿੰਘ ਵਿਰਕ ਸਟੇਟ ਐਵਾਰਡੀ ਦੀ ਰਹਿਨੁਮਾਈ ਹੇਠ ਸੰਸਥਾ ਦੇ ਪ੍ਰਿੰਸੀਪਲ ਡਾ ਸਰਬਜੀਤ ਸਿੰਘ ਕੁਲਾਰ ਦੀ ਦੇਖ ਰੇਖ ਹੇਠ ਪ੍ਰੋਗਰਾਮ ਅਫ਼ਸਰ ਐਨ ਐਸ ਐਸ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਪਰਾਲੀ ਨਾ ਜਲਾਓ ਖੁਸ਼ਹਾਲੀ ਪਾਓ, ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਮੈਡਮ ਸੁਨੀਤਾ ਸ਼ਰਮਾ ਨੋਡਲ ਅਫ਼ਸਰ, ਬੇਅੰਤ ਸਿੰਘ ਇੰਜੀਨੀਅਰ, ਪ੍ਰਿੰਸੀਪਲ ਚਰਨਜੀਤ ਸਿੰਘ ਮਿੱਤਲ ਸਿਵਲ ਡਿਫੈਂਸ ਵਿਭਾਗ ਬਰਨਾਲਾ ਸ਼ਾਮਲ ਹੋਏ। ਆਏ ਮਹਿਮਾਨਾਂ ਨੂੰ ਜੀ ਆਇਆਂ ਪ੍ਰੋ ਮਿੰਟੂ ਪਾਠਕ ਪ੍ਰੋਗਰਾਮ ਅਫ਼ਸਰ ਐਨ ਐਸ ਐਸ ਵਿਭਾਗ ਨੇ ਕਿਹਾ। ਉਨ੍ਹਾਂ ਤੋਂ ਬਾਅਦ ਮੁੱਖ ਮਹਿਮਾਨ ਮੈਡਮ ਸੁਨੀਤਾ ਨੇ ਬੋਲਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਬਰਨਾਲਾ ਜੀ ਦਾ ਬਹੁਤ ਵੱਡਾ ਉਪਰਾਲਾ ਹੈ ਜੋ ਸਾਨੂੰ ਬਿਮਾਰੀਆਂ ਰਹਿਤ ਜੀਵਨ ਦੇਣ ਲਈ ਪਿੰਡ ਪਿੰਡ ਟੀਮਾਂ ਭੇਜ ਕੇ ਲੋਕਾਂ ਨੂੰ ਜਾਗ੍ਰਿਤ ਕੀਤਾ ਜਾਂਦਾ ਹੈ। ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਲਈ ਸੱਤ ਲੱਖ ਰੁਪਏ ਦੇ ਇਨਾਮੀ ਡਰਾਅ ਕੱਢੇ ਜਾ ਰਹੇ ਹਨ ਜੋ ਹੁਣ ਤੱਕ ਪਹਿਲੀ ਵਾਰ ਹੋਇਆ ਹੈ ਇਸ ਦਾ ਸਿਹਰਾ ਬਰਨਾਲਾ ਡਿਪਟੀ ਕਮਿਸ਼ਨਰ ਨੂੰ ਜਾਂਦਾ ਹੈ। ਉਹਨਾਂ ਤੋਂ ਬਾਅਦ ਸਤਿਕਾਰ ਯੋਗ ਸਿਵਲ ਡਿਫੈਂਸ ਵਿਭਾਗ ਤੋਂ ਆਪਣੀ ਪੂਰੀ ਟੀਮ ਨਾਲ ਪਹੁੰਚੇ ਚਰਨਜੀਤ ਮਿੱਤਲ ਨੇ ਵੀ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਕਾਲਜ ਦੇ ਪ੍ਰੋਫ਼ੈਸਰ ਡਾ ਭੁਪਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਪ੍ਰੋ ਮਿੰਟੂ ਪਾਠਕ ਨੇ ਨਿਭਾਈ। ਇਸ ਮੌਕੇ ਸਮੂਹ ਐਨ ਐਸ ਐਸ ਵਲੰਟੀਅਰਜ਼ ਤੋਂ ਇਲਾਵਾ ਰੈੱਡ ਰਿਬਨ ਕਲੱਬ,ਈਕੋ ਕਲੱਬ ਆਦਿ ਨੇ ਵੀ ਸ਼ਮੂਲੀਅਤ ਕੀਤੀ ਅਖੀਰ ਵਿੱਚ ਐਨ ਐਸ ਐਸ ਵਲੰਟੀਅਰਜ਼ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਸ਼ਲਾਘਾ ਯੋਗ ਸੀ।

# ਤਪਾ ਦੀ ਸ਼ਿਫਾਲੀ ਬਾਂਸਲ ਨੇ ਯੂ.ਪੀ.ਐਸ.ਸੀ. ਸਾਇੰਟਿਸਟ ਵਿੱਚੋਂ ਭਾਰਤ 'ਚੋਂ ਤੀਜਾ ਅਤੇ ਪੰਜਾਬ 'ਚੋਂ ਪਹਿਲਾ ਰੈਂਕ ਪ੍ਰਾਪਤ ਕੀਤਾ



ਤਪਾ ਮੰਡੀ, 31 ਅਕਤੂਬਰ (ਭੂਸ਼ਨ ਘੜੈਲਾ) :ਅਗਰ ਇਨਸਾਨ ਦਾ ਪੱਕਾ ਇਰਾਦਾ ਹੋਵੇ ਤਾਂ ਉਸ ਲਈ ਕਿਸੇ ਵੀ ਮੰਜ਼ਿਲ 'ਤੇ ਪਹੁੰਚਣਾ ਮੁਸ਼ਕਿਲ ਨਹੀਂ ਹੋਵੇਗਾ ਅਤੇ ਇੱਕ ਨਾ ਇੱਕ ਦਿਨ ਉਸ ਮੰਜ਼ਿਲ 'ਤੇ ਪਹੁੰਚਿਆ ਜਾ ਸਕਦਾ ਹੈ ਪਰ ਉਸ ਲਈ ਕੁਝ ਨਾ ਕੁਝ ਤਿਆਗਣਾ ਪੈਂਦਾ ਹੈ ਅਤੇ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ ਇਸ ਸਖ਼ਤ ਮਿਹਨਤ ਵਿੱਚ ਪਰਮਾਤਮਾ ਵੀ ਆਪਣਾ ਸਾਥ ਜ਼ਰੂਰ ਦਿੰਦਾ ਹੈ ਅਗਰ ਕੋਈ ਵਿਅਕਤੀ ਮੰਜ਼ਿਲ ਨੂੰ ਸਰ ਕਰ ਲੈਂਦਾ ਹੈ ਉਸ ਦੇ ਮਾਪਿਆਂ ਦਾ ਨਾਮ ਤਾਂ ਰੌਸ਼ਨ ਹੁੰਦਾ ਹੀ ਹੈ, ਸਗੋਂ ਉਸ ਦੀ ਦੁਨੀਆ ਵਿੱਚ ਪਹਿਚਾਣ ਵੀ ਵੱਖਰੀ ਹੋ ਜਾਂਦੀ ਹੈ। ਇਸੇ ਤਰ੍ਹਾਂ ਦੀ ਆਪਣੀ ਵੱਖਰੀ ਪਹਿਚਾਣ ਬਣਾਈ ਤਪਾ ਦੀ ਜੰਮਪਲ ਸ਼ਿਫਾਲੀ ਬਾਂਸਲ ਪੁੱਤਰੀ ਕ੍ਰਿਸ਼ਨ ਲਾਲ ਬਾਂਸਲ ਲੈਕਚਰਾਰ ਕਾਮਰਸ ਨੇ, 28 ਸਾਲਾ ਸ਼ਿਫਾਲੀ ਬਾਂਸਲ ਨੇ, ਜਿਸ ਨੇ ਯੂਪੀਐਸਸੀ ਸਾਇੰਟਿਸਟ ਦੀ ਪੜ੍ਹਾਈ ਵਿੱਚੋਂ ਭਾਰਤ ਵਿੱਚੋਂ ਤੀਸਰਾ ਰੈਂਕ ਅਤੇ ਪੰਜਾਬ ਵਿੱਚੋਂ ਪਹਿਲਾ ਰੈਂਕ ਲੈ ਕੇ ਆਪਣੇ ਮਾਪਿਆਂ ਅਤੇ ਤਪਾ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ, ਜਿਸ ਨੂੰ ਵਧਾਈਆਂ ਦੇਣ ਵਾਲਿਆਂ ਦੇਣ ਵਾਲਿਆਂ ਤਾਂਤਾ ਲੱਗਿਆ ਹੋਇਆ ਹੈ। ਅਜੀਤ ਨਾਲ ਗੱਲਬਾਤ ਕਰਦਿਆਂ ਹੋਇਆਂ ਸ਼ਿਫਾਲੀ ਬਾਂਸਲ ਨੇ ਕਿਹਾ ਕਿ ਸ਼ੁਰੂ ਤੋਂ ਹੀ ਮੇਰਾ ਸੁਪਨਾ ਸੀ ਕਿ ਮੈਂ ਸਾਇੰਟਿਸਟ ਬਣਾਂ ਜੋ ਪਰਮਾਤਮਾ ਨੇ ਮੇਰੀ ਮਿਹਨਤ ਨੂੰ ਫਲ ਲਾਇਆ। ਉਸ ਨੇ ਦੱਸਿਆ ਕਿ ਮੈਂ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਸਕੂਲ ਘੁੰਨਸ ਤੋਂ ਕੀਤੀ ਉਸ ਤੋਂ ਬਾਅਦ ਪਲੱਸ ਟੂ ਦੀ ਪੜ੍ਹਾਈ ਕੋਟਾ ਰਾਜਸਥਾਨ ਵਿਖੇ ਪੂਰੀ ਕਰਨ ਤੋਂ ਬਾਅਦ ਤਿੰਨ ਸਾਲ ਬੀਐਸਸੀ ਫਿਰੋਜ਼ਪੁਰ ਤੋਂ ਕੀਤੀ ਉਸ ਤੋਂ ਬਾਅਦ ਐਮਐਸਸੀ ਦੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ ਤੋਂ ਕੀਤੀ ਇਸ ਤੋਂ ਇਲਾਵਾ ਸ਼ਿਫਾਲੀ ਸ਼ਰਮਾ ਨੇ ਪੀਐਚਡੀ ਆਈਟੀ ਚੇਨਈ ਤੋਂ ਕੀਤੀ। ਉਸਨੇ ਦੱਸਿਆ ਕਿ ਯੂਪੀਐਸਸੀ ਦੀ ਪੜ੍ਹਾਈ ਲਈ ਪਹਿਲਾਂ ਪ੍ਰੀ ਟੈਸਟ ਦਿੱਤਾ ਉਸ ਤੋਂ ਬਾਅਦ ਮੇਨ ਲਿਖਤੀ ਟੈਸਟ ਦਿੱਤਾ ਉਸ ਤੋਂ ਬਾਅਦ ਇੰਟਰਵਿਊ ਕਲੀਅਰ ਕਰਕੇ ਯੂਪੀਐਸ ਵਿੱਚ ਸਾਇੰਟਿਸਟ ਲਈ ਚੁਣਿਆ ਗਿਆ ਹੈ। ਸ਼ਿਫਾਲੀ ਬਾਂਸਲ ਨੇ ਦੱਸਿਆ ਕਿ ਇਸ ਪ੍ਰਾਪਤੀ ਪਿੱਛੇ ਮੇਰੇ ਪਿਤਾ ਕ੍ਰਿਸ਼ਨ ਲਾਲ ਬਾਂਸਲ ,ਮਾਤਾ ਸ੍ਰੀਮਤੀ ਨੀਲਮ ਰਾਣੀ ਅਤੇ ਛੋਟੇ ਭਰਾ ਲਵਿਸ਼ ਬਾਂਸਲ ਦਾ ਹੱਥ ਹੈ। ਉਸ ਨੇ ਦੱਸਿਆ ਕਿ ਇਸ ਪ੍ਰਾਪਤੀ ਲਈ ਮੇਰੇ ਪਾਪਾ ਦਾ ਵਿਸ਼ੇਸ਼ ਸਹਿਯੋਗ ਹੈ। ਸ਼ਿਫਾਲੀ ਬਾਂਸਲ ਇਸ ਤੋਂ ਪਹਿਲਾਂ ਬਰਨਾਲਾ ਜ਼ਿਲੇ ਦੇ ਮਹਿਤਾ ਪਿੰਡ ਦੇ ਸਰਕਾਰੀ ਮਿਡਲ ਸਕੂਲ ਵਿਖੇ ਬਤੌਰ ਸਾਇੰਸ ਅਧਿਆਪਕਾ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੀ ਸੀ ਉਸਨੇ ਅੱਜ ਦੀ ਨੌਜਵਾਨਾਂ ਨੂੰ ਦੱਸਿਆ ਕਿ ਇਮਾਨਦਾਰੀ ਨਾਲ ਪੂਰੀ ਮਿਹਨਤ ਕਰਨ ਤਾਂ ਇੱਕ ਨਾ ਇੱਕ ਦਿਨ ਤੁਹਾਨੂੰ ਮੰਜ਼ਿਲ ਤੇ ਪਹੁੰਚਣ ਤੋਂ ਕੋਈ ਵੀ ਰੋਕ ਨਹੀਂ ਸਕਦਾ ਇਸ ਲਈ ਪੱਕਾ ਇਰਾਦਾ ਤੇ ਵਿਸ਼ਵਾਸ ਮਜ਼ਬੂਤ ਹੋਣਾ ਚਾਹੀਦਾ ਹੈ। ਜੇਕਰ ਹੋ ਕਿ ਸੁਖਾਲੀ ਜਾਣਕਾਰੀ ਦੇ ਪਿਤਾ ਸ੍ਰੀ ਕ੍ਰਿਸ਼ਨ ਲਾਲ ਬਾਂਸਲ ਲੈਕਚਰਾਰ ਕਾਮਰਸ ਮਾਤਾ ਸ੍ਰੀਮਤੀ ਨੀਲਮ ਰਾਣੀ ਬਾਬਾ ਲੌਂਗਪੁਰੀ ਸੀਨੀਅਰ ਸੈਕੰਡਰੀ ਸਕੂਲ ਪੱਖੋ ਕਲਾਂ ਅਤੇ ਛੋਟਾ ਭਰਾ ਲਵਿਸ਼ ਬਾਂਸਲ ਸਾਫ਼ਟ ਇੰਜੀਨੀਅਰ ਦਾ ਕੋਰਸ ਕਰ ਰਿਹਾ ਹੈ।ਸ਼ਿਫਾਲੀ ਬਾਂਸਲ ਦੀ ਇਸ ਪ੍ਰਾਪਤੀ ਤੇ ਉਸਦੇ ਮਾਤਾ ਪਿਤਾ ਅਤੇ ਛੋਟੇ ਭਰਾ ਨੇ ਮੂੰਹ ਮਿੱਠਾ ਕਰਵਾਇਆ। ਤਪਾ ਦੇ ਸ਼ਹਿਰ ਵਾਸੀਆਂ ਨੂੰ ਪੂਰਾ ਮਾਣ ਹੈ ਜਿਸਨੇ ਬਾਂਸਲ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

# ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਨੂੰ ਜਨਮ ਦਿਨ ਮੁਬਾਰਕ



ਬਰਨਾਲਾ, 31 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਕੌਪਲ ਕੰਪਨੀ ਸੂਲਰ ਘਰਾਟ ਦੇ ਐਮ ਡੀ ਸੰਜੀਵ ਬਾਂਸਲ ਨੇ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਜੀ ਨੂੰ ਜਨਮ ਦਿਨ ਮੌਕੇ ਮੁਬਾਰਕਬਾਦ ਦਿੰਦੇ ਹੋਏ ਕਿਹਾ ਹੈ ਕਿ ਡਾਇਰੈਕਟਰ ਡਾ ਜਸਵੰਤ ਸਿੰਘ ਬਹੁਪੱਖੀ,ਬਹੁ ਪਸਾਰੀ ਅਤੇ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਹਨ। ਇਹ ਕਿਸਾਨਾਂ ਅਤੇ ਖੇਤੀਬਾੜੀ ਦੇ ਸਹਾਇਕ ਧੰਦਿਆਂ ਨਾਲ ਜੁੜੇ ਕਾਰੋਬਾਰੀਆਂ ਦੀ ਮੱਦਦ ਅਤੇ ਹਰ ਪ੍ਰਕਾਰ ਦੀ ਬਣਦੀ ਸਹਾਇਤਾ ਦੇਣ ਲਈ ਤਿਆਰ ਰਹਿੰਦੇ ਹਨ। ਡਾ ਜਸਵੰਤ ਸਿੰਘ ਹਮੇਸ਼ਾ ਕਹਿੰਦੇ ਹਨ ਕਿ ਮੇਰੇ ਲਾਇਕ ਕਰਨ ਵਾਲਾ ਕੋਈ ਵੀ ਕੰਮ ਹੈ ਤਾਂ ਬੇਝਿਜਕ ਸਿੱਧਾ ਮੇਰੇ ਕੋਲ ਆਉ ਤਾਂ ਤੁਹਾਡਾ ਕੰਮ ਬਿਨਾਂ ਦੇਰੀ ਤੋਂ ਤੁਰੰਤ ਕੀਤਾ ਜਾਵੇਗਾ। ਐਮ ਡੀ ਸੰਜੀਵ ਬਾਂਸਲ ਨੇ ਕਿਹਾ ਕਿ ਮੈਨੂੰ ਡਾਕਟਰ ਜਸਵੰਤ ਸਿੰਘ ਦਾ ਸਨਮਾਨ ਕਰਨ ਸਮੇਂ ਬਹੁਤ ਖੁਸ਼ੀ ਹੋ ਰਹੀ ਹੈ, ਜਿਸ ਨੂੰ ਸ਼ਬਦਾਂ ਚ ਬਿਆਨ ਨਹੀਂ ਕੀਤਾ ਜਾ ਸਕਦਾ। ਮੈਂ ਅਤੇ ਮੇਰੀ ਕੰਪਨੀ ਦੁਆ ਕਰਦੀ ਹੈ ਕਿ ਪ੍ਰਮਾਤਮਾ ਡਾ ਜਸਵੰਤ ਸਿੰਘ ਨੂੰ ਹੋਰ ਵੀ ਵਧੇਰੇ ਵਿਵੇਕ, ਬੁਧੀ ਅਤੇ ਤੰਦਰੁਸਤੀ ਦੇਵੇ, ਤਾਂ ਜੋ ਇਹ ਹਮੇਸ਼ਾ ਲੋਕਾਂ ਦੀ ਸੇਵਾ ਕਰਦੇ ਰਹਿਣ।

# ਸ੍ਰੀ ਖਾਟੂ ਸਿਆਮ ਦੇ ਜਨਮ ਦਿਨ ਮੌਕੇ ਕਰਵਾਏ ਜਾਣ ਵਾਲੇ ਜਾਗਰਣ ਦਾ ਕਾਰਡ ਰਿਲੀਜ਼



ਤਪਾ ਮੰਡੀ, 31 ਅਕਤੂਬਰ (ਭੂਸ਼ਨ ਘੜੈਲਾ) : ਦਰਾਜ ਫਾਟਕ ਨੇੜੇ ਸਥਿਤ ਸਥਾਨਕ ਸ਼ਹਿਰ ਦੇ ਪ੍ਰਸਿੱਧ ਪੰਚਮੁੱਖੀ ਹਨੂੰਮਾਨ ਅਤੇ ਸ਼ਨੀਦੇਵ ਮੰਦਿਰ ਕਮੇਟੀ ਵੱਲੋਂ ਸ੍ਰੀ ਖਾਟੂ ਸ਼ਿਆਮ ਜੀ ਦੇ ਜਨਮ ਦਿਨ ਦੀ ਖੁਸ਼ੀ ਕਰਵਾਏ ਜਾ ਰਹੇ ਵਿਸ਼ਾਲ ਜਾਗਰਣ ਦਾ ਕਾਰਡ ਪ੍ਰਬੰਧਕਾਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਸੰਬੰਧੀ ਮੰਦਿਰ ਕਮੇਟੀ ਦੇ ਪ੍ਰਧਾਨ ਹਰੀਸ਼ ਕੁਮਾਰ ਗੋਸ਼ਾ ਨੇ ਦੱਸਿਆ ਕਿ ਇਹ ਜਾਗਰਣ 1 ਨਵੰਬਰ ਨੂੰ ਖਾਟੂ ਸ਼ਿਆਮ ਦੇ ਮੰਦਿਰ ਵਿਖੇ ਹੋਵੇਗਾ, ਜਿਸ ਵਿੱਚ ਪੂਜਨ ਦੀ ਰਸਮ ਮੰਦਿਰ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ,ਜੋਤੀ ਪ੍ਰਚੰਡ ਨਗਰ ਕੌਂਸਲ ਤਪਾ ਦੇ ਪ੍ਰਧਾਨ ਡਾ.ਸੋਨਿਕਾ ਬਾਂਸਲ ਅਤੇ ਉਘੇ ਸਮਾਜ ਸੇਵੀ ਡਾ.ਬਾਲ ਚੰਦ ਕਰਨਗੇ। ਜਾਗਰਣ ਦੀ ਸ਼ੁਰੂਆਤ ਤੋਂ ਪਹਿਲਾਂ ਸਵੇਰੇ 6 ਵਜੇ ਮੰਦਰ ਕਮੇਟੀ ਅਤੇ ਅਗਰਵਾਲ ਸੰਮੇਲਨ ਰਜਿ ਤਪਾ ਵੱਲੋਂ ਮੰਡੀ ਨਿਵਾਸੀਆਂ ਦੇ ਸਹਿਯੋਗ ਨਾਲ ਨਿਸ਼ਾਨ ਯਾਤਰਾ ਕੱਢੀ ਜਾਵੇਗੀ, ਜੋ ਗੀਤਾ ਭਵਨ ਤੋਂ ਸ਼ੁਰੂ ਹੋਕੇ ਮੰਡੀ ਦੀ ਪਰਿਕ੍ਰਮਾ ਕਰਦੇ ਹੋਏ ਮੰਦਿਰ 'ਚ ਝੰਡਾ ਚੜ੍ਹਾਉਣ 'ਤੇ ਸਮਾਪਤ ਹੋਵੇਗੀ। ਇਸ ਵਿਸ਼ਾਲ ਜਾਗਰਣ 'ਚ ਮਾਤਾ ਦਾ ਗੁਣਗਾਨ ਬੱਬੂ ਚਾਵਲਾ ਅਤੇ ਭਈਆ ਕਰਨ ਕਰੂਛੇਤਰ ਵਾਲੇ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਜਾਗਰਣ 'ਚ ਸ਼ਹਿਰ ਦੀਆਂ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਵਿਸ਼ੇਸ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਮੌਕੇ ਹਰੀਸ਼ ਕੁਮਾਰ ਗੋਸ਼ਾ,ਦੀਪਕ ਗਰਗ, ਸੁਰੇਸ਼ ਕੁਮਾਰ ਸੰਭੂ, ਰਾਜ ਕੁਮਾਰ ਬਾਂਸਲ, ਭੁਪਿੰਦਰ ਹਸੀਜਾ ਭੂਟੋ ਰੋਹਿਤ ਮੌੜ, ਮਨੋਜ ਕੁਮਾਰ,ਕਰਨ ਮਿੱਤਲ,ਸੁਭਮ,ਗੋਲੂ, ਸੁਭਾਸ਼ ਕਾਂਸਲ, ਰਿੰਕੂ ਮੌੜ ਆਦਿ ਵੀ ਹਾਜ਼ਰ ਸਨ।

# ਆਰੀਆ ਕਾਲਜ ਵਿਖੇ ਸੁੰਦਰਤਾ ਵਧਾਉਣ ਲਈ ਲਗਾਏ ਗਏ ਕਈ ਬੂਟੇ



ਬਰਨਾਲਾ, 31 ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) ਸ਼੍ਰੀ ਐਲ ਬੀ ਐਸ ਆਰੀਆ ਮਹਿਲਾ ਕਾਲਜ ਬਰਨਾਲਾ ਦੇ ਕਾਰਜਕਰਨੀ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ ਨੇ ਦੱਸਿਆ ਕਿ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਭਾਰਤ ਮੋਦੀ ਦੀ ਰਹਿਨੁਮਾਈ ਅਤੇ ਕੇਵਲ ਜਿੰਦਲ ਜਨਰਲ ਸਕੱਤਰ ਦੇ ਮਾਰਗ ਦਰਸ਼ਨ ਅਧੀਨ ਮੈਂਬਰ ਸਤਪਾਲ ਅਤੇ ਦੀਪਕ ਸੋਨੀ ਨੇ ਕਾਲਜ ਦੀ ਸੋਹਜ ਅਤੇ ਸੁੰਦਰਤਾ ਵਧਾਉਣ ਦੇ ਲਈ ਕਾਲਜ ਵਿੱਚ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਵਿੱਚ ਕਾਲਜ ਦੇ ਐਨ ਐਸ ਐਸ ਵਿਭਾਗ ਨੇ ਸਾਥ ਦਿੱਤਾ, ਉਹਨਾਂ ਨੇ ਇੱਕ ਪੇੜ ਮੇਰੀ ਮਾਂ ਕੇ ਨਾਮ ਤਹਿਤ ਬੂਟੇ ਲਾਏ। ਇਸ ਮੁਹਿੰਮ ਤਹਿਤ ਕਾਲਜ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਸ਼ਹਿਰ ਦੇ ਉੱਘੇ ਸਮਾਜ ਸੇਵੀ ਦੀਪਕ ਸੋਨੀ ਨੇ ਕਾਲਜ ਨੂੰ 80 ਪੌਦੇ ਭੇਂਟ ਕੀਤੇ, ਜਿਨਾਂ ਨੂੰ ਅੱਜ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਕਾਲਜ ਵਿੱਚ ਲਗਾਇਆ ਗਿਆ । ਇਸ ਦੇ ਨਾਲ ਹੀ ਵਲੰਟੀਅਰਸ ਤੋਂ ਵੀ ਬੂਟੇ ਲਗਵਾਏ ਗਏ। ਇਸ ਮੌਕੇ ਤੇ ਕਾਲਜ ਕਾਰਜਕਾਰੀ ਪ੍ਰਿੰਸੀਪਲ ਡਾਕਟਰ ਸੁਸ਼ੀਲ ਬਾਲਾ , ਮੈਡਮ ਅੰਜਨਾ ਬਾਂਸਲ ,ਡਾਕਟਰ ਜਸਵੀਰ ਕੌਰ, ਡਾਕਟਰ ਸਰੀਤਾ, ਮੈਡਮ ਮੋਨੀਕਾ ਬਾਂਸਲ, ਮੈਡਮ ਰਾਜਵੀਰ ਜੀ,ਮੈਡਮ ਦਿਲਪ੍ਰੀਤ ਅਤੇ ਪ੍ਰੋਗਰਾਮ ਅਫ਼ਸਰ ਮੈਡਮ ਅਰਚਨਾ ਨੇ ਸਾਰੇ ਬੂਟੇ ਕਾਲਜ ਵਿੱਚ ਲਗਵਾਏ ਅਤੇ ਉਹਨਾਂ ਨੇ ਸਮੂਹ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਵੈੱਲਫ਼ੇਅਰ ਟਰੱਸਟ ਵੱਲੋਂ ਸ਼ਹੀਦੀ ਨਗਰ ਕੀਰਤਨ ਦਾ ਸਵਾਗਤ



ਬਰਨਾਲਾ, 31 ਅਕਤੂਬਰ (ਚਮਕੌਰ ਸਿੰਘ ਗੱਗੀ) : ਧਰਮ ਹੇਤ ਸਾਕਾ ਜਿਨੀ ਕੀਆ ॥ ਤਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਭਾਈ ਦਿਆਲਾ ਜੀ ਭਾਈ, ਸਤੀ ਦਾਸ ਅਤੇ ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧੋਬੜੀ ਸਾਹਿਬ (ਅਸਾਮ) ਤੋਂ ਅਰੰਭ ਸ਼ਹੀਦੀ ਸ਼ਤਾਬਦੀ ਨਗਰ ਕੀਰਤਨ ਭਾਰਤ ਦੇ ਵੱਖ ਵੱਖ ਰਾਜਾਂ ਮਹਾਂਨਗਰਾਂ ਅਤੇ ਸ਼ਹਿਰਾਂ ਵਿੱਚ ਹੁੰਦਾ ਹੋਇਆ ਪੰਜਾਬ ਵਿੱਚ ਪ੍ਰਵੇਸ਼ ਕੀਤਾ ਜਿਥੇ 30 ਅਕਤੂਬਰ 25 ਨੂੰ ਦੇਰ ਰਾਤ ਸ੍ਰੀ ਗੁਰੂ ਰਵਿਦਾਸ ਚੌਕ ਬਰਨਾਲਾ ਪਹੁੰਚਣ 'ਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਰਜਿ: ਜ਼ਿਲ੍ਹਾ ਬਰਨਾਲਾ ਤੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਗੁਰੂ ਘਰ ਸੰਧੂ ਪੱਤੀ ਅਤੇ ਸਮੂਹ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਟਰੱਸਟ ਦੇ ਪ੍ਰਧਾਨ ਜਗਤਾਰ ਸਿੰਘ ਤੇ ਸੰਧੂ ਪੱਤੀ ਗੁਰੂ ਘਰ ਦੇ ਪ੍ਰਧਾਨ ਰਾਜ ਸਿੰਘ ਨੇ ਦੱਸਿਆ ਕਿ ਜੋ ਸਾਨੂੰ ਸੇਵਾ ਲੱਗੀ ਸੀ ਉਹ ਅਸੀਂ ਪੂਰੀ ਤਨਦੇਹੀ, ਤਨ, ਮਨ, ਧਨ ਨਾਲ ਸੇਵਾ ਨਿਭਾਈ । ਟਰੱਸਟ ਬਰਨਾਲਾ ਅਤੇ ਸੰਧੂ ਪੱਤੀ ਗੁਰੂ ਘਰ ਵੱਲੋਂ ਸ੍ਰੀ ਗੁਰੂ ਰਵਿਦਾਸ ਚੌਕ ਦੀ ਸਜਾਵਟ ਕਰਵਾਈ ਗਈ, ਜੋ ਮਨਮੋਹਤ ਕਰਨ ਵਾਲੀ ਸੀ ਅਤੇ ਜਿੰਨੀ ਸ਼ਹੀਦੀ ਨਗਰ ਕੀਰਤਨ ਦੇ ਸਬੰਧ ਵਿੱਚ ਸੰਗਤ ਪਹੁੰਚੀ ਸੀ । ਉਨ੍ਹਾਂ ਸੰਗਤ ਵਾਸਤੇ ਚਾਹ ਪਾਣੀ ਅਤੇ ਰਸਾਂ ਦਾ ਪ੍ਰਬੰਧ ਕੀਤਾ ਗਿਆ ਜੋ ਕਿ ਸਾਮ 5 ਵਜੇ ਤੋਂ ਲੈ ਕੇ ਦੇਰ ਰਾਤ 11 ਵਜੇ ਤੱਕ ਚੱਲਦਾ ਰਿਹਾ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਟਰੱਸਟ ਅਤੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਗੁਰੂ ਘਰ ਵੱਲੋਂ ਗੁਰੂ ਮਹਾਰਾਜ ਨੂੰ ਸਾਂਝੇ ਤੌਰ 'ਤੇ ਰੁਮਾਲਾ ਭੇਟ ਕੀਤਾ ਗਿਆ ਅਤੇ ਪੰਜ ਪਿਆਰਿਆਂ ਨੂੰ ਲੋਈਆਂ ਦੇ ਕੇ ਸਨਮਾਨ ਕੀਤਾ ਗਿਆ । ਅੱਜ ਦੇ ਸਮਾਗਮ ਵਿੱਚ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਰਾਜਵਰਿੰਦਰ ਸਿੰਘ ਟਿੱਬਾ ਵੀ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪਹੁੰਚੇ ਅਤੇ ਪੂਰਾ ਸਮਾਂ ਸੰਗਤ ਵਿੱਚ ਸੇਵਾ ਕੀਤੀ। ਐਸ ਜੀ ਪੀਸੀ ਮੈਂਬਰ ਪਰਮਜੀਤ ਸਿੰਘ ਜੀ ਖਾਲਸਾ ਅਤੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲ ਜੀ ਨੇ ਪ੍ਰਬੰਧਾਂ ਵਿੱਚ ਸਹਿਯੋਗ ਕਰਨ ਵਾਲੀਆਂ ਕਮੇਟੀਆਂ ਦਾ ਧੰਨਵਾਦ ਕੀਤਾ ।ਅੱਜ ਦੀ ਇਸ ਸੇਵਾ ਦੌਰਾਨ ਟਰੱਸਟ ਦੇ ਜਨਰਲ ਸਕੱਤਰ ਮਾਸਟਰ ਭੁਪਿੰਦਰ ਸਿੰਘ ਢਿੱਲੋਂ, ਮੇਜਰ ਸਿੰਘ ਸਲਾਹਕਾਰ, ਬਾਬੂ ਸਿੰਘ ਕੁਭੜਵਾਲ, ਸਕੱਤਰ ਅਵਤਾਰ ਸਿੰਘ ਢਿੱਲੋਂ, ਰਜਿੰਦਰ ਸਿੰਘ ਘੁਮਾਣ, ਰਾਜ ਸਿੰਘ ਪ੍ਰਧਾਨ ਅਮਰ ਬਾਬਾ ਜੀਵਨ ਸਿੰਘ ਗੁਰੂ ਘਰ ਸੰਧੂ ਪੱਤੀ ਬਰਨਾਲਾ, ਭੁਪਿੰਦਰ ਸਿੰਘ ਪ੍ਰਿੰਸ, ਕ੍ਰਿਸ਼ਨ ਸਿੰਘ ਭੰਗੂ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸੇਵਾ ਨਿਭਾਈ, ਸਮੂਹ ਸੰਗਤਾਂ ਗੁਰੂ ਜੀ ਦੇ ਸਤਿਕਾਰ ਵਿੱਚ ਕੀਰਤਨ ਸਿਮਰਨ ਨਾਲ ਜੁੜੀਆਂ ਰਹੀਆਂ।

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਹੰਡਿਆਇਆ ਤੋਂ ਰਵਾਨਾ



ਬਰਨਾਲਾ, 31ਅਕਤੂਬਰ (ਸੁਖਵਿੰਦਰ ਸਿੰਘ ਭੰਡਾਰੀ) : ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋ ਆਰੰਭ ਹੋਇਆ ਨਗਰ ਕੀਰਤਨ ਧੰਨ -ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਜ਼ਿਲ੍ਹਾ ਬਰਨਾਲਾ ਦੇ ਕਸਬਾ ਹੰਡਿਆਇਆ ਤੋਂ ਜੈਕਾਰਿਆਂ ਦੀ ਗੂੰਜ ਨਾਲ ਰਵਾਨਾ ਹੋਇਆ। ਇਸ ਮੌਕੇ 'ਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਕਥਾ ਵਿਚਾਰਾਂ ਕਰਨ, ਅਰਦਾਸ ਉਪਰੰਤ ਰਵਾਨਾ ਕੀਤਾ। ਇਸ ਸਮੇ ਜਥੇਦਾਰ ਟੇਕ ਸਿੰਘ ਧਨੌਲਾ, ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅੰਤਰਿੰਗ ਕਮੇਟੀ ਮੈਬਰ ਜਥੇਦਾਰ ਪਰਮਜੀਤ ਸਿੰਘ ਖਾਲਸਾ, ਸੰਤ ਬਲਵੀਰ ਸਿੰਘ ਘੁੰਨਸ, ਬਾਬਾ ਬੂਟਾ ਸਿੰਘ ਗੁੜਥੜੀ, ਜਥੇਦਾਰ ਬਲਦੇਵ ਸਿੰਘ ਚੂੰਘਾਂ ਸਾਰੇ ਮੈਂਬਰ ਸ਼੍ਰੋਮਣੀ ਕਮੇਟੀ, ਦਰਬਾਰਾ ਸਿੰਘ ਗੁਰੂ, ਐਡਵੋਕੇਟ ਸਤਨਾਮ ਸਿੰਘ ਰਾਹੀ, ਜਥੇਦਾਰ ਨਾਥ ਸਿੰਘ ਹਮੀਦੀ, ਗੁਰਪਿੰਦਰ ਸਿੰਘ ਸੰਧੂ ਇੰਚਾਰਜ ਬਲਜੀਤ ਸਿੰਘ, ਯਾਦਵਿੰਦਰ ਸਿੰਘ ਦੀਵਾਨਾ, ਸੰਜੀਵ ਸ਼ੋਰੀ, ਬਾਬਾ ਲਾਲ ਸਿੰਘ ਧੂਰਕੋਟ, ਬਾਬਾ ਬਾਬੂ ਸਿੰਘ ਅੜੀਸਰ, ਮੈਨੇਜਰ ਨਿਰਮਲ ਸਿੰਘ ਰਾਜੀਆ, ਭੋਲਾ ਸਿੰਘ ਇੰਚਾਰਜ ਧਰਮ ਪ੍ਰਚਾਰ ਸ਼੍ਰੀ ਦਮਦਮਾ ਸਾਹਿਬ, ਮੱਖਣ ਸਿੰਘ ਮਰਿਮੀਆ, ਨਛੱਤਰ ਸਿੰਘ ਭਰੀ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਮੈਨੇਜਰ ਜਗਦੇਵ ਸਿੰਘ, ਨਰਿੰਦਰਜੀਤ ਸਿੰਘ, ਮੈਨੇਜਰ ਤਰਸੇਮ ਸਿੰਘ, ਮੈਨੇਜਰ ਹਰਭਗਵਾਨ ਸਿੰਘ, ਮੈਨੇਜਰ ਅਮਰੀਕ ਸਿੰਘ, ਸਕੱਤਰ ਪ੍ਰੀਤਪਾਲ ਸਿੰਘ, ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਗੁਰਜੰਟ ਸਿੰਘ ਸੋਨਾ, ਬੇਅੰਤ ਸਿੰਘ ਧਾਲੀਵਾਲ, ਅਮਰਜੀਤ ਸਿੰਘ, ਕਲਵੰਤ ਸਿੰਘ ਪ੍ਰਚਾਰਕ, ਡਿੰਪਲ ਸਿੰਘ ਪ੍ਰਚਾਰਕ, ਤਰਨਜੀਤ ਸਿੰਘ, ਬਲਵਿੰਦਰ ਸਿੰਘ ਲੌਂਗੋਵਾਲ, ਮਨਪ੍ਰੀਤ ਸਿੰਘ ਅਰਦਾਸਪੁਰਾ ਆਦਿ ਸਮੇਤ ਸੰਗਤਾਂ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਿਲ ਸਨ॥

# ਐੱਸ.ਡੀ. ਕਾਲਜ ਵਿੱਚ ਚੱਲ ਰਹੇ ਬੀ.ਵਾਕ. (ਸਾਫ਼ਟਵੇਅਰ ਡਿਵੈਲਪਮੈਂਟ) ਕੋਰਸ ਨੂੰ ਅੰਤਰਰਾਸ਼ਟਰੀ ਮਾਨਤਾ




ਬਰਨਾਲਾ, 31 ਅਕਤੂਬਰ (ਬਲਵਿੰਦਰ ਸ਼ਰਮਾ) : ਐੱਸ.ਡੀ. ਕਾਲਜ ਵਿਚ ਚੱਲ ਰਹੇ ਤਿੰਨ ਸਾਲਾ ਬੀ.ਵਾਕ. (ਸਾਫਟਵੇਅਰ ਡਿਵੈਲਪਮੈਂਟ) ਕੋਰਸ ਨੂੰ ਅੰਤਰਰਾਸ਼ਟਰੀ ਮਾਨਤਾ ਮਿਲ ਗਈ ਹੈ। ਇਸ ਕੋਰਸ ਨੂੰ ਵਰਡ ਐਜੂਕੇਸ਼ਨ ਸਰਵਿਸਿਜ਼ ਕੈਨੇਡਾ ਵੱਲੋਂ ਚਾਰ ਸਾਲਾ ਕੈਨੇਡੀਅਨ ਬੈਚੁਲਰ ਡਿਗਰੀ ਦੇ ਬਰਾਬਰ ਮੰਨਣ ਦੀ ਘੋਸ਼ਣਾ ਕੀਤੀ ਗਈ ਹੈ। ਕਾਲਜ ਦੇ ਪੀਆਰਓ ਪ੍ਰੋ. ਸ਼ੋਇਬ ਜ਼ਫ਼ਰ ਨੇ ਦੱਸਿਆ ਕਿ ਇਹ ਅੰਤਰਰਾਸ਼ਟਰੀ ਪ੍ਰਮਾਣੀਕਰਨ ਕਾਲਜ ਦੇ ਉੱਚ ਅਕਾਦਮਿਕ ਮਿਆਰ, ਪ੍ਰੈਕਟੀਕਲ ਮਹੱਤਤਾ ਅਤੇ ਵਿਸ਼ਵ ਪੱਧਰੀ ਕੋਰਸ ਢਾਂਚੇ ਦੀ ਪੁਸ਼ਟੀ ਕਰਦਾ ਹੈ। ਐੱਸ ਡੀ ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਪ੍ਰਿੰਸੀਪਲ ਡਾ. ਰਮਾ ਸ਼ਰਮਾ ਨੇ ਵਿਭਾਗ ਦੇ ਮੁਖੀ ਪ੍ਰੋ. ਗੌਰਵ ਸਿੰਗਲਾ ਅਤੇ ਸਮੁੱਚੇ ਸਟਾਫ਼ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਟਾਫ਼ ਦੀ ਮਿਹਨਤ ਦਾ ਨਤੀਜਾ ਹੈ। ਉਹਨਾਂ ਕਿਹਾ ਕਿ ਇਹ ਪ੍ਰਮਾਣੀਕਰਨ ਵਿਦਿਆਰਥੀਆਂ ਲਈ ਉੱਚ ਸਿੱਖਿਆ, ਵਿਤੇਸ਼ੀ ਨੌਕਰੀਆਂ ਅਤੇ ਇਮੀਗ੍ਰੇਸ਼ਨ ਦੇ ਨਵੇਂ ਮੌਕੇ ਖੋਲ੍ਹਦਾ ਹੈ।

# ਡੇਂਗੂ ਤੇ ਚਿਕਨਗੁਨੀਆ ਦੀ ਰੋਕਥਾਮ ਸਾਡੀ ਸਭ ਦੀ ਜ਼ੁੰਮੇਵਾਰੀ : ਸਿਵਲ ਸਰਜਨ



ਬਰਨਾਲਾ, 31 ਅਕਤੂਬਰ (ਚਮਕੌਰ ਸਿੰਘ ਗੱਗੀ) : ਸਿਹਤ ਵਿਭਾਗ ਬਰਨਾਲਾ ਵੱਲੋਂ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਰਨਾਲਾ ਦੇ ਡੇਂਗੂ, ਚਿਕਨਗੁਨੀਆ ਤੋਂ ਪ੍ਰਭਾਵਿਤ ਏਰੀਏ ਚ ਵਿਸ਼ੇਸ਼ ਮੁਹਿੰਮ ਚਲਾ ਕੇ ਲਾਰਵਾ ਚੈੱਕ ਕੀਤਾ ਗਿਆ ਅਤੇ ਜਿਸ ਜਗ੍ਹਾ ਤੇ ਲਾਰਵਾ ਮਿਲਿਆ ਨੂੰ ਲਾਰਵੀਸਾਈਡ ਨਾਲ ਨਸ਼ਟ ਕੀਤਾ ਗਿਆ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਨੇ ਕੀਤਾ। ਉਨ੍ਹਾਂ ਜ਼ਿਲ੍ਹਾ ਬਰਨਾਲਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਡੇਂਗੂ, ਚਿਕਨਗੁਨੀਆ ਨੂੰ ਫ਼ੈਲਣ ਤੋਂ ਰੋਕਣ ਲਈ ਸਾਵਧਾਨੀਆਂ ਵਰਤੀਆਂ ਜਾਣ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ। ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ ਬੁਖਾਰ, ਮਾਸ ਪੇਸ਼ੀਆਂ ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਚ ਦਰਦ, ਸਰੀਰ ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮਸੂੜਿਆਂ ਚੋਂ ਖ਼ੂਨ ਆਉਣਾ ਅਤੇ ਸਰੀਰ ਵਿੱਚ ਬਹੁਤ ਜ਼ਿਆਦਾ ਦਰਦ ਆਦਿ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਗੁਰਮੇਲ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸ਼ਹਿਣਾ, ਰਾਜ ਕੁਮਾਰ ਅਤੇ ਸੁਰਿੰਦਰ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਅੱਜਕੱਲ ਡੇਂਗੂ, ਚਿਕਨਗੁਨੀਆ ਦਾ ਸੀਜ਼ਨ ਚੱਲ ਰਿਹਾ ਹੈ। ਇਸ ਲਈ ਆਪਣੇ ਘਰਾਂ,ਦੁਕਾਨਾਂ ਅਤੇ ਵਰਕਸ਼ਾਪਾਂ ਚ ਟਾਇਰ, ਘੜ੍ਹੇ, ਪਾਣੀ ਵਾਲੀਆਂ ਖੇਲ੍ਹਾਂ ,ਗਮਲੇ, ਕੂਲਰਾਂ ਅਤੇ ਫ਼ਰਿੱਜ਼ ਦੇ ਬੈਕ ਟਰੇਅ ਆਦਿ ਥਾਵਾਂ 'ਤੇ ਪਾਣੀ ਨੂੰ ਹਫ਼ਤੇ 'ਚ ਇੱਕ ਦਿਨ ਹਰ ਸ਼ੁੱਕਰਵਾਰ ਜ਼ਰੂਰ ਸੁਕਾਉਣਾ ਚਾਹੀਦਾ ਹੈ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਸਿਹਤ ਵਿਭਾਗ ਦੀਆਂ ਟੀਮਾਂ ਵਿੱਚ ਬਰਨਾਲਾ ਸ਼ਹਿਰ ਚ ਸਿਹਤ ਕਰਮਚਾਰੀ ਮਨਪ੍ਰੀਤ ਸ਼ਰਮਾ, ਗਣੇਸ਼ ਦੱਤ, ਜਸਵਿੰਦਰ ਸਿੰਘ, ਬਲਜਿੰਦਰ ਸਿੰਘ, ਲਖਵਿੰਦਰ ਸਿੰਘ , ਮੰਗਤ ਸਿੰਘ ਅਤੇ ਗੁਲਾਬ ਸਿੰਘ ਵੱਲੋਂ ਟੀਮਾਂ ਬਣਾ ਕੇ ਡੇਂਗੂ ਦਾ ਲਾਰਵਾ ਨਸ਼ਟ ਕਰਵਾਇਆ ਅਤੇ ਬਚਾਅ ਲਈ ਜਾਗਰੂਕਤਾ ਪੈਂਫਲੈਟ ਵੰਡੇ। ਇਸ ਸਮੇਂ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਨੇ ਦੱਸਿਆ ਕਿ ਡੇਂਗੂ, ਚਿਕਨਗੁਨੀਆ ਸਬੰਧੀ ਜੇਕਰ ਲੱਛਣ ਦਿਖਾਈ ਦੇਣ ਤਾਂ ਤੁਰੰਤ ਨੇੜੇ ਦੇ ਸਰਕਾਰੀ ਹਸਪਤਾਲ 'ਚ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ।

# ਡਿਪਟੀ ਕਮਿਸ਼ਨਰ ਨੇ ਲੱਕੀ ਡਰਾਅ (ਪਰਾਲ਼ੀ) ਦੇ ਦੂਜੇ ਡਰਾਅ ਵਿੱਚ ਜੇਤੂ ਉਮੀਦਵਾਰਾਂ ਨੂੰ ਸਰਟੀਫ਼ਿਕੇਟ ਵੰਡੇ



ਬਰਨਾਲਾ, 31 ਅਕਤੂਬਰ (ਬਘੇਲ ਸਿੰਘ ਧਾਲੀਵਾਲ) : ਪਰਾਲੀ ਪ੍ਰਬੰਧਨ 2025 ਲਈ ਸਾਰੇ ਪਾਸੇ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਸਾਰੇ ਪੱਬਾਂ ਭਾਰ ਹੋ ਕੇ ਪਰਾਲੀ ਦਾ ਕਿਵੇਂ ਨਿਪਟਾਰਾ ਕੀਤਾ ਜਾਵੇ, ਇਸਦਾ ਕੀ ਉਪਰਾਲਾ ਕੀਤਾ ਜਾਵੇ, ਲਈ ਨਵੀਆਂ ਨਵੀਆਂ ਯੋਜਨਾਵਾਂ ਬਣਾ ਕੇ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਕਰਨ ਤੇ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵੱਲੋਂ ਲੱਕੀ ਡਰਾਅ (ਪਰਾਲੀ) ਚਲਾਇਆ ਗਿਆ, ਜਿਸ ਤਹਿਤ 7 ਲੱਖ ਰੁਪਏ ਉਹਨਾਂ ਕਿਸਾਨਾਂ ਲਈ ਰੱਖੇ ਗਏ ਹਨ, ਜੋ ਪਰਾਲੀ ਨੂੰ ਅੱਗ ਲਗਾਏ ਬਿਨ੍ਹਾਂ ਇਸਦੀ ਸੰਭਾਲ ਕਰਦੇ ਹਨ। ਇਸ ਡਰਾਅ ਤਹਿਤ ਹਰ ਹਫ਼ਤੇ 1 ਲੱਖ ਰੁਪਏ 25 ਕਿਸਾਨਾਂ ਵਿੱਚ ਵੰਡੇ ਜਾ ਰਹੇ ਹਨ। ਇਸ ਦਾ ਪਹਿਲਾ ਡਰਾਅ 21 ਅਕਤੂਬਰ 2025 ਨੂੰ ਕੱਢਿਆ ਗਿਆ ਸੀ। ਇਸ ਦਾ ਦੂਜਾ ਡਰਾਅ ਇਸ ਹਫ਼ਤੇ ਕੱਢਿਆ ਗਿਆ ਹੈ, ਜਿਸ ਵਿੱਚ ਪਹਿਲਾ ਇਨਾਮ ਰਣਵੀਰ ਸਿੰਘ ਨਾਈਵਾਲਾ ਨੂੰ 20000 ਰੁਪਏ, ਦੂਜਾ ਇਨਾਮ ਤਰਸੇਮ ਸਿੰਘ ਸੁਰਜੀਤਪੁਰਾ ਕੋਠੇ ਬਰਨਾਲਾ ਨੂੰ 15000 ਰੁਪਏ ਤੇ ਤੀਸਰਾ ਇਨਾਮ ਕੁਲਦੀਪ ਸਿੰਘ ਉੱਗੋਕੇ ਨੂੰ 10000 ਰੁਪਏ ਤੇ ਬਾਕੀ 22 ਕਿਸਾਨਾਂ ਨੂੰ 2500—2500 ਰੁਪਏ ਇਨਾਮ ਨਿਕਲਿਆ ਸੀ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜੇਤੂ ਕਿਸਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਬਰਨਾਲਾ ਜ਼ਿਲ੍ਹੇ ਵਿੱਚ ਪਰਾਲੀ ਦੀ ਸੰਭਾਲ ਕਰਕੇ ਵਾਤਾਵਰਣ ਰਖਵਾਲੇ ਬਣੇ ਹੋ, ਤੁਸੀਂ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਦੇ ਦੂਤ ਬਣਕੇ ਹੋਰਨਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰ ਰਹੇ ਹੋ। ਕਿਸਾਨ ਰਣਵੀਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ 6 ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਗਾ ਰਹੇ ਤੇ 25 ਏਕੜ ਵਿੱਚ ਸੁਪਰਸੀਡਰ ਨਾਲ ਬਿਜਾਈ ਕਰਦੇ ਹਨ, ਉਨ੍ਹਾਂ ਨੂੰ ਕਦੇ ਕੋਈ ਸਮੱਸਿਆ ਨਹੀਂ ਆਈ। ਕਿਸਾਨ ਤਰਸੇਮ ਸਿੰਘ ਵਾਸੀ ਸੁਰਜੀਤਪੁਰਾ ਕੋਠੇ ਲਗਭਗ 8 ਸਾਲਾਂ ਤੋਂ ਪਰਾਲੀ ਨੂੰ ਅੱਗ ਨਾ ਲਗਾ ਕੇ ਆਲੂਆਂ ਦੀ ਬਿਜਾਈ ਕਰ ਰਿਹਾ ਹੈ। ਕਿਸਾਨ ਕੁਲਦੀਪ ਸਿੰਘ ਲਗਭਗ 4 ਸਾਲਾਂ ਤੋਂ ਪਰਾਲੀ ਨੂੰ ਅੱਗ ਨਾ ਲਗਾ ਕੇ ਆਲੂਆਂ ਦੀ ਬਿਜਾਈ ਕਰਦੇ ਹਨ। ਗੁਰਜੰਟ ਸਿੰਘ ਵਾਸੀ ਗੰਗਹੋਰ ਨੇ ਡਿਪਟੀ ਕਮਿਸ਼ਨਰ ਬਰਨਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸਨੇ ਪਰਾਲੀ ਦੀਆਂ ਗੰਢਾਂ ਬਣਵਾਈਆਂ ਹਨ ਤੇ ਉਸ ਦੀਆਂ ਪਰਾਲੀ ਦੀਆਂ ਗੰਢਾਂ ਨਾਲ ਦੀ ਨਾਲ ਹੀ ਚੁੱਕੀਆਂ ਗਈਆਂ ਜਿਹੜੀਆਂ ਪਹਿਲਾਂ ਕਈ ਦਿਨ ਖੇਤਾਂ ਵਿੱਚ ਪਈਆਂ ਰਹਿੰਦੀਆਂ ਸਨ। ਇਸ ਤੋਂ ਇਲਾਵਾ ਹੋਰਨਾਂ ਕਿਸਾਨਾਂ ਨੇ ਆਪਣੇ ਪਰਾਲੀ ਸੰਭਾਲ ਕਰਨ ਦੇ ਤਜ਼ਰਬੇ ਸਾਂਝੇ ਕੀਤੇ ਗਏ।

# ਭਾਕਿਯੂ ਡਕੌਂਦਾ ਦੇ ਆਗੂਆਂ ਦਾ ਵਫ਼ਦ ਪੁੱਜਾ ਜ਼ਿਲ੍ਹਾ ਖੇਤੀਬਾੜੀ ਦਫ਼ਤਰ



ਬਰਨਾਲਾ, 31 ਅਕਤੂਬਰ (ਬਲਵਿੰਦਰ ਸ਼ਰਮਾ) : ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦਾ ਵਫ਼ਦ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਦੀ ਅਗਵਾਈ ਹੇਠ ਵੱਖ -ਵੱਖ ਕਿਸਾਨੀ ਮਸਲਿਆਂ ਨੂੰ ਲੈਕੇ ਮੁੱਖ ਖੇਤੀਬਾੜੀ ਅਫ਼ਸਰ ਨੂੰ ਮਿਲਣ ਪਹੁੰਚਿਆ, ਜਿਸ ਵਿੱਚ ਸੂਬਾ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਸਮੇਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਪ੍ਰੈਸ ਸਕੱਤਰ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਅੰਦਰ ਵੇਖਣ ਵਿੱਚ ਆਇਆ ਹੈ ਕਿ ਕਿਸਾਨਾਂ ਦੇ ਝੋਨੇ ਦਾ ਨਾੜ ਦੀਆਂ ਗੰਢਾ ਬਣਾਕੇ ਚੁੱਕਣ ਵਾਲੇ ਬੇਲਰਾਂ ਦੀ ਬਹੁਤ ਘਾਟ ਹੈ। ਸਮੇਂ ਸਿਰ ਬਿਜਾਈ ਲਈ ਪਰਾਲੀ ਪ੍ਰਬੰਧਨ ਨਹੀਂ ਹੋ ਰਿਹਾ ਕਿਸਾਨਾਂ ਕੋਲ ਕਣਕ ਬਿਜਾਈ ਲਈ ਖਿੱਚਵਾਂ ਸਮਾਂ ਹੁੰਦਾ ਹੈ ਪਰ ਖੇਤੀਬਾੜੀ ਮਹਿਕਮਾ ਪਰਾਲੀ ਪ੍ਰਬੰਧਨ ਵਿੱਚ ਨਾਕਾਮ ਰਿਹਾ ਹੈ ਅਗਰ ਕੋਈ ਬੇਲਰ ਮਿਲਦਾ ਹੈ, ਤਾਂ ਉਹ ਕਿਸਾਨ ਕੋਲੋਂ 1500 ਤੋਂ 2000 ਰੁਪਏ ਪ੍ਰਤੀ ਏਕੜ ਦੀ ਮੰਗ ਕਰਦਾ ਹੈ ਜੋਕਿ ਸਿੱਧੀ ਕਿਸਾਨ ਦੀ ਸਰਕਾਰੀ ਸ਼ਹਿ 'ਤੇ ਦਬਾਅ ਹੇਠ ਆਰਥਿਕ ਲੁੱਟ ਹੈ ਅਗਰ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਕਿਸਾਨ ਆਪਣੇ ਪੱਧਰ ਤੇ ਝੋਨੇ ਦੇ ਨਾੜ ਦਾ ਨਬੇੜਾ ਕਰ ਦੇਵੇਗਾ ਅਤੇ ਤੁਸੀਂ ਉਸ ਸੰਬੰਧੀ ਵਰਤੇ ਢੰਗ ਤਰੀਕੇ ਤੇ ਤੁਸੀਂ ਉਜ਼ਰ ਨਹੀਂ ਕਰ ਸਕਦੇ। ਜੇਕਰ ਕਿਸਾਨ ਦੇ ਝੋਨੇ ਦਾ ਨਾੜ ਨਹੀਂ ਚੁਕਵਾਉਂਦੇ ਤਾਂ ਤੁਸੀਂ ਸਾਫ਼ ਸਾਫ ਮਾਨਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਸਿੱਧੀ ਅਵਹੇਲਣਾ ਹੋਵੇਗੀ। ਜ਼ਿਲ੍ਹਾ ਜਨਰਲ ਸਕੱਤਰ ਸਿਕੰਦਰ ਸਿੰਘ ਭੂਰੇ ਨੇ ਕਿਹਾ ਕੀ ਡੀ.ਏ.ਪੀ. ਖਾਦਾਂ ਨੂੰ ਬਲੈਕ ਵਿੱਚ ਵੇਚ ਦੁਕਾਨਦਾਰਾਂ ਵਲੋਂ ਕਿਸਾਨਾਂ ਦੀ ਅੰਨੇਵਾਹ ਲੁੱਟ ਕੀਤੀ ਜਾ ਰਹੀ ਹੈ । ਇਸ ਸਮੇਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਚਰਨ ਸਿੰਘ ਸੁਖਪੁਰਾ, ਜ਼ਿਲ੍ਹਾ ਮੀਤ ਪ੍ਰਧਾਨ ਬਲਵੰਤ ਸਿੰਘ ਚੀਮਾ, ਜ਼ਿਲ੍ਹਾ ਖਜ਼ਾਨਚੀ ਮਲਕੀਤ ਸਿੰਘ ਈਨਾ, ਜ਼ਿਲ੍ਹਾ ਪ੍ਰੈਸ ਸਕੱਤਰ ਕਰਮਜੀਤ ਮਾਨ, ਬਲਾਕ ਪ੍ਰਧਾਨ ਜਗਸੀਰ ਸਿੰਘ ਸੀਰਾ, ਬਲਾਕ ਪ੍ਰਧਾਨ ਜਗਸੀਰ ਸੀਰਾ, ਅਮਰਜੀਤ ਸਿੰਘ ਮਹਿਲ ਖੁਰਦ, ਜਸਵੰਤ ਸੰਘੇੜਾ, ਬਲਾਕ ਆਗੂ ਭਿੰਦਾ ਢਿੱਲਵਾਂ, ਬਲਜਿੰਦਰ ਸੰਘੇੜਾ ਆਦਿ ਆਗੂ ਹਾਜ਼ਰ ਸਨ।

# ਬਾਬਾ ਟਿੱਕਰੀ ਸ਼ਾਹ ਸਪੋਰਟਸ ਐਂਡ ਵੈਲ.ਫੇਅਰ ਕਲੱਬ ਵੱਲੋਂ ਪ੍ਰਦੀਪ ਮੈਨਨ ਦਾ ਸਨਮਾਨ



ਸੁਨਾਮ ਊਧਮ ਸਿੰਘ ਵਾਲਾ, 31 ਅਕਤੂਬਰ: (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) :ਬਾਬਾ ਟਿੱਕਰੀ ਸ਼ਾਹ ਸਪੋਰਟਸ ਐਂਡ ਵੈਲਫੇਅਰ ਕਲੱਬ, ਸੁਨਾਮ ਨੇ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਦੇ ਮਾਹੌਲ ਵਿੱਚ ਸ਼੍ਰੀ ਰਾਮ ਚਰਿਤਮਾਨਸ (ਸ਼੍ਰੀ ਰਾਮਾਇਣ ਜੀ) ਦਾ ਸ਼ਾਨਦਾਰ ਪਾਠ ਕਰਵਾਇਆ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿੱਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ, ਇਸ ਮੌਕੇ ਭਗਵਾਨ ਸ਼੍ਰੀ ਰਾਮ ਦੇ ਚਰਿੱਤਰ ਅਤੇ ਆਦਰਸ਼ਾਂ ਨੂੰ ਯਾਦ ਕੀਤਾ। ਭੋਗ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਦੇ ਮੁੱਖ ਸਰਪ੍ਰਸਤ ਸ਼੍ਰੀ ਪ੍ਰਦੀਪ ਮੈਨਨ ਨੂੰ ਕਲੱਬ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਏਕਤਾ, ਭਾਈਚਾਰਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦੇ ਹਨ। ਦਕਸ਼ ਸ਼ਰਮਾ, ਨੀਵ ਜਿੰਦਲ ਅਤੇ ਮੋਹਿਤ ਕੁਮਾਰ ਸਮੇਤ ਹੋਰ ਕਲੱਬ ਮੈਂਬਰ ਅਤੇ ਸ਼ਹਿਰ ਦੇ ਸਤਿਕਾਰਯੋਗ ਨਾਗਰਿਕ ਵੀ ਮੌਜੂਦ ਸਨ। ਪੂਰੇ ਸਮਾਗਮ ਦਾ ਮਾਹੌਲ ਸ਼ਰਧਾ, ਸਦਭਾਵਨਾ ਅਤੇ ਅਧਿਆਤਮਿਕ ਊਰਜਾ ਨਾਲ ਭਰਿਆ ਹੋਇਆ ਸੀ। ਭੇਟ ਤੋਂ ਬਾਅਦ, ਸ਼ਰਧਾਲੂਆਂ ਨੂੰ ਪ੍ਰਸ਼ਾਦ ਵੰਡਿਆ ਗਿਆ ਅਤੇ ਸਾਰਿਆਂ ਨੇ ਭਗਵਾਨ ਸ਼੍ਰੀ ਰਾਮ ਦੀ ਉਸਤਤ ਕਰਦੇ ਹੋਏ ਸਮਾਪਤ ਕੀਤਾ।

# ਨਗਰ ਕੀਰਤਨ ਦਾ ਪੂਨੀਆ ਟਾਵਰ ਦੇ ਬਾਹਰ ਭਰਵਾਂ ਸਵਾਗਤ

## ਪੁਲਿਸ ਦੀ ਟੁਕੜੀ ਵੱਲੋਂ ਦਿੱਤੀ ਗਈ ਨਗਰ ਕੀਰਤਨ ਨੂੰ ਸਲਾਮੀ



ਸੰਗਰੂਰ, 31 ਅਕਤੂਬਰ (ਹਰਕੰਵਲ ਸਿੰਘ ਹੈਪੀ) : ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੰਗਤਾਂ ਨੂੰ ਸ਼ਸ਼ਤਰਾਂ ਦੇ ਦਰਸ਼ਨ ਕਰਵਾਉਣ ਲਈ ਐਸ ਜੀ ਪੀ ਸੀ ਦੀ ਅਗਵਾਈ ਵਿੱਚ ਕੱਢੇ ਜਾ ਰਹੇ ਨਗਰ ਕੀਰਤਨ ਦਾ ਬੀਤੇ ਦਿਨੀਂ ਸੰਗਰੂਰ ਪਹੁੰਚਣ 'ਤੇ ਇਲਾਕੇ ਦੇ ਲੋਕਾਂ ਵੱਲੋਂ ਬੜੀ ਹੀ ਸ਼ਰਧਾ ਭਾਵਨਾ ਦੇ ਨਾਲ ਜਗ੍ਹਾ ਜਗ੍ਹਾ 'ਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਭਰਵਾਂ ਸਵਾਗਤ ਕੀਤਾ ਗਿਆ। ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਰਾਤਰੀ ਦੇ ਵਿਸ਼ਰਾਮ ਤੋਂ ਬਾਅਦ ਅੱਜ ਸਵੇਰੇ ਤਕਰੀਬਨ 10 ਵਜੇ ਆਪਣੇ ਅਗਲੇ ਰੂਟ ਲਈ ਨਗਰ ਕੀਰਤਨ ਦੀ ਰਵਾਨਗੀ ਮੌਕੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਦੇਖਣ ਨੂੰ ਮਿਲਿਆ। ਇਸ ਮੌਕੇ ਜਗ੍ਹਾ -ਜਗ੍ਹਾ 'ਤੇ ਸੰਗਤਾਂ ਵੱਲੋਂ ਅਨੇਕਾਂ ਪ੍ਰਕਾਰ ਦੇ ਲੰਗਰ ਲਗਾਏ ਗਏ ਤੇ ਵੱਖ -ਵੱਖ ਸ਼ਖਸੀਅਤਾਂ ਵੱਲੋਂ ਸਜਾਵਟੀ ਗੇਟ ਲਗਾਏ ਗਏ। ਇਸ ਮੌਕੇ ਹੋਟਲ ਪੂਨੀਆ ਟਾਵਰ ਦੇ ਬਾਹਰ ਵੱਡੀ ਗਿਣਤੀ ਵਿੱਚ ਸੰਗਤਾਂ ਨਗਰ ਕੀਰਤਨ ਦੇ ਸਵਾਗਤ ਅਤੇ ਸ਼ਸ਼ਤਰਾਂ ਦੇ ਦਰਸ਼ਨ ਕਰਨ ਲਈ ਸਵੇਰ ਤੋਂ ਹੀ ਉਡੀਕ ਕਰ ਰਹੇ ਸਨ।ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਜਿਨ੍ਹਾਂ ਵਿੱਚ ਵਿਨਰਜੀਤ ਸਿੰਘ ਗੋਲਡੀ, ਇਕਬਾਲ ਸਿੰਘ ਪੂਨੀਆ, ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ, ਨਰੇਸ਼ ਕੁਮਾਰ ਆਦਿ ਆਗੂਆਂ ਨੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸਵਾਗਤ ਕਰਦੇ ਹੋਏ ਆਪਣੀ ਸ਼ਰਧਾ ਦਾ ਸਬੂਤ ਪੇਸ਼ ਕੀਤਾ।ਇਸ ਮੌਕੇ ਪੁਲਿਸ ਲਾਈਨ ਸੰਗਰੂਰ ਵਿਖੇ ਪੁਲਿਸ ਦੀ ਟੁਕੜੀ ਵੱਲੋਂ ਸਲਾਮੀ ਦੇ ਕੇ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਜਿਸ ਤੋਂ ਬਾਅਦ ਇਹ ਨਗਰ ਕੀਰਤਨ ਬਡਰੁੱਖਾ ਪਿੰਡ ਵਿੱਚੋਂ ਦੀ ਹੁੰਦਾ ਹੋਇਆ ਸੁਨਾਮ ਵੱਲ ਨੂੰ ਰਵਾਨਾ ਹੋਇਆ।ਇਸ ਮੌਕੇ ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਦਿੱਲੀ ਦਾ ਚਾਂਦਨੀ ਚੌਂਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਕਰਕੇ ਪੂਰੇ ਦੇਸ਼ ਭਰ ਵਿੱਚ ਜਾਣਿਆ ਜਾਂਦਾ ਹੈ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਜੀ ਵਿਖੇ ਹਰ ਧਰਮ ਦੇ ਲੋਕ ਨਤਮਸਤਕ ਹੋਣ ਲਈ ਪਹੁੰਚਦੇ ਹਨ। ਉਹਨਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਹਿੰਦੂ ਧਰਮ ਦੀ ਰੱਖਿਆ ਖ਼ਾਤਰ ਆਪਣੇ ਜੀਵਨ ਦਾ ਬਲਿਦਾਨ ਦਿੱਤਾ, ਜਿਸ ਕਾਰਨ ਉਨਾਂ ਨੂੰ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਗੁਰੂ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਆਪਸੀ ਭਾਈਚਾਰਾ ਮਜ਼ਬੂਤ ਬਣਿਆ ਰਹੇ।ਇਸ ਮੌਕੇ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ ਦੇ ਮੈਨੇਜਰ ਸਮੇਤ ਵੱਡੀ ਗਿਣਤੀ ਵਿੱਚ ਐਸ ਜੀ ਪੀ ਸੀ ਦੇ ਨਗਰ ਕੀਰਤਨ ਵਿੱਚ ਮੌਜੂਦ ਰਹੇ।

# ਸ਼ਹੀਦ ਗੁਰਦੇਵ ਸਿੰਘ ਗਿੱਲ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ



ਮਲੋਟ, 31 ਅਕਤੂਬਰ ( ਅਮਨਦੀਪ ਸਿੰਘ ਮਹਿਰਾ) : ਸ਼ਹੀਦ ਗੁਰਦੇਵ ਸਿੰਘ ਗਿੱਲ ਦੀਆਂ ਬੇਮਿਸਾਲ ਸੇਵਾਵਾਂ ਅਤੇ ਕਾਲੇ ਦੌਰ ਵਿੱਚ ਪੰਜਾਬ ਦੀ ਰਾਖੀ ਦੌਰਾਨ ਹੋਈ ਸ਼ਹਾਦਤ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਸਰਾਵਾ (ਬੋਦਲਾਂ) ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸ਼ਹੀਦੀ ਜਾਮਾ ਪਾ ਕੇ, ਸ਼ਹੀਦ ਦੀ ਯਾਦ ਨੂੰ ਨਮ ਅੰਦਾਜ਼ ਵਿੱਚ ਸਨਮਾਨਿਤ ਕੀਤਾ ਗਿਆ।ਸਮਾਗਮ ਦੀ ਅਗਵਾਈ ਪਿੰਡ ਦੇ ਮੌਜੂਦਾ ਸਰਪੰਚ ਸਤਨਾਮ ਸਿੰਘ ਸੰਧੂ ਅਤੇ ਗੁਰਜੀਤ ਸਿੰਘ ਸੰਧੂ ਨੇ ਕੀਤੀ। ਸਮੁੱਚੀ ਪੰਚਾਇਤ ਅਤੇ ਸਥਾਨਕ ਸਮਿਤੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਰਿਵਾਰਕ ਹਾਜ਼ਰੀ ਵਿੱਚ ਕੁਲਵਿੰਦਰ ਸਿੰਘ ਗਿੱਲ ਵੀ ਮੌਜੂਦ ਸਨ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਬਲਰਾਜ ਸਿੰਘ ਅਤੇ ਸਮੂਹ ਸਕੂਲ ਸਟਾਫ ਨੇ ਵੀ ਹਾਜ਼ਰੀ ਲਵਾਈ । ਸ਼ਹੀਦ ਨੂੰ ਨਮਸਕਾਰ ਅਰਪਣ ਕਰਨ ਲਈ ਸ੍ਰੀ ਮੁਕਤਸਰ ਸਾਹਿਬ ਤੋਂ ਪੰਜਾਬ ਪੁਲਿਸ ਬੈਂਡ ਵਿਸ਼ੇਸ਼ ਰੂਪ ਵਿੱਚ ਪਹੁੰਚਿਆ। ਇਲਾਵਾ, ਇਲਾਕੇ ਦੇ ਰਸਪਾਲ ਸਿੰਘ, ਸੰਦੀਪ ਸਿੰਘ, ਜਸਵੀਰ ਸਿੰਘ, ਛਿੰਦਾ ਬਾਬਾ ਅਤੇ ਸਕੂਲੀ ਬੱਚਿਆਂ ਨੇ ਵੀ ਸਮਾਗਮ ਵਿੱਚ ਭਾਗ ਲਿਆ ਅਤੇ ਸ਼ਹੀਦ ਨੂੰ ਸ਼ਰਧਾਂਜਲੀ ਦਿੱਤੀ। ਸਕੂਲ ਦੇ ਸਮੂਹ ਸਟਾਫ ਨੇ ਵੀ ਸਮਾਗਮ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਦਿੱਤਾ।ਪਿੰਡ ਵਾਸੀਆਂ ਨੇ ਸ਼ਹੀਦ ਦੀ ਸ਼ਹਾਦਤ ਨੂੰ ਦੇਸ਼ ਭਗਤੀ ਅਤੇ ਬਲਿਦਾਨ ਦੀ ਪ੍ਰਤੀਕ ਵਜੋਂ ਦੇਖਦੇ ਹੋਏ, ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਨਹੀਂ ਭੁੱਲਣ ਦੀ ਅਪੀਲ ਕੀਤੀ। ਸਮਾਗਮ ਦੇ ਆਖ਼ਰੀ ਭਾਗ ਵਿੱਚ ਸ਼ਹੀਦਾਂ ਲਈ ਖਾਸ ਅਰਦਾਸ ਕੀਤੀ ਗਈ ਅਤੇ ਉਨ੍ਹਾਂ ਦੀ ਯਾਦ ਵਿੱਚ ਮਿੰਟ ਦੀ ਖਾਮੋਸ਼ੀ ਰੱਖੀ ਗਈ।

# ਕਾਮਰੇਡ ਜੰਗੀਰ ਸਿੰਘ ਜੋਗਾ ਸਕੂਲ ਵਿਖੇ ਕੌਮੀ ਏਕਤਾ ਦਿਵਸ ਮੌਕੇ ਸਮਾਗਮ



ਜੋਗਾ, 31 ਅਕਤੂਬਰ (ਵਿਰੋਂਦਰਪਾਲ ਮੰਤਰੋ ) : ਸਥਾਨਕ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਐੱਸ. ਐੱਸ.ਪੀ. ਭਾਗੀਰਥ ਮੀਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੁਲਿਸ ਪ੍ਰਸ਼ਾਸਨ ਵੱਲੋਂ ਕੌਮੀ ਸੇਵਾ ਯੋਜਨਾ ਇਕਾਈ ਦੇ ਸਹਿਯੋਗ ਨਾਲ ਕੌਮੀ ਏਕਤਾ ਦਿਵਸ ਮੌਕੇ ਰਨ ਫਾਰ ਯੂਨਿਟੀ ਤਹਿਤ ਸੈਮੀਨਾਰ ਅਤੇ ਵਿਦਿਆਰਥੀਆਂ ਦੇ ਦੌੜ ਮੁਕਾਬਲੇ ਦਾ ਆਯੋਜਨ ਕੀਤਾ ਗਿਆ । ਕੌਮੀ ਸੇਵਾ ਯੋਜਨਾ ਪ੍ਰੋਗਰਾਮ ਅਫ਼ਸਰ ਬਲਜੀਤ ਸਿੰਘ ਅਕਲੀਆ ਨੇ ਦੱਸਿਆ ਕਿ ਇਸ ਗਤੀਵਿਧੀ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ । ਸਕੂਲ ਵਿਖੇ ਪਹੁੰਚਣ 'ਤੇ ਮਹਿਮਾਨਾਂ ਦਾ ਸਮੁੱਚੇ ਸਟਾਫ਼ ਵੱਲੋਂ ਸਕੂਲ ਮੁਖੀ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ । ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਡਾ. ਮਲਕੀਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਇਸ ਮੌਕੇ ਕਰਵਾਏ ਸੈਮੀਨਾਰ ਨੂੰ ਥਾਣਾ ਜੋਗਾ ਦੇ ਮੁਖੀ ਸ੍ਰੀ ਗੁਰਮੇਲ ਸਿੰਘ ਅਤੇ ਸਕੂਲ ਮੁਖੀ ਸ਼੍ਰੀਮਤੀ ਰਾਜ ਕਮਲ ਨੇ ਸੰਬੋਧਨ ਕੀਤਾ । ਇਸ ਉਪਰੰਤ ਵਿਦਿਆਰਥੀਆਂ ਦੇ ਵੱਖ ਵੱਖ ਵਰਗਾਂ ਦੇ ਦੌੜ ਮੁਕਾਬਲੇ ਕਰਵਾਏ ਗਏ । ਇਨ੍ਹਾਂ ਮੁਕਾਬਲਿਆਂ ਦੌਰਾਨ ਸੈਕੰਡਰੀ ਵਰਗ ਵਿੱਚੋਂ ਮਨੀ ਸਿੰਘ ਬਾਰ੍ਹਵੀਂ, ਜਸ਼ਨਦੀਪ ਸਿੰਘ ਗਿਆਰ੍ਹਵੀਂ ਅਤੇ ਹੁਸਨਪ੍ਰੀਤ ਸਿੰਘ ਬਾਰ੍ਹਵੀਂ ਨੇ, ਹਾਈ ਵਰਗ ਵਿੱਚ ਅਰਮਾਨ ਸਿੰਘ ਨੌਵੀਂ, ਸਤਨਾਮ ਸਿੰਘ ਦਸਵੀਂ ਅਤੇ ਨਵਜੋਤ ਸਿੰਘ ਦਸਵੀਂ ਨੇ, ਮਿਡਲ ਵਰਗ ਵਿੱਚ ਸੋਨੂੰ ਰਾਮ ਅੱਠਵੀਂ, ਸ੍ਰੇਆਂਸ਼ ਸਿੰਘ ਛੇਵੀਂ ਅਤੇ ਮਨਜੋਤ ਸਿੰਘ ਅੱਠਵੀਂ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ । ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਥਾਣਾ ਮੁਖੀ, ਸਕੂਲ ਮੁਖੀ ਅਤੇ ਸਮੂਹ ਸਟਾਫ਼ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਦੀਪ ਸਿੰਘ ਇੰਚਾਰਜ ਸਾਂਝ ਕੇਂਦਰ ਜੋਗਾ, ਬੇਅੰਤ ਕੌਰ ਸਾਂਝ ਕੇਂਦਰ ਜੋਗਾ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ ।

# ਨੁਕਸਾਨੀਆਂ ਫਸਲਾਂ ਦਾ ਨਹੀਂ ਮਿਲਿਆ ਮੁਆਵਜ਼ਾ : ਰਾਹੁਲ ਸਿੱਧੂ



ਲਹਿਰਾਗਾਗਾ, 31 ਅਕਤੂਬਰ (ਗੁਰਦੀਪ ਸਿੰਘ) : ਪੰਜਾਬ ਭਰ ਵਿੱਚ ਹੋਈਆਂ ਬਰਸਾਤਾਂ ਅਤੇ ਹੜ੍ਹਾਂ ਕਾਰਨ ਬਹੁਤ ਸਾਰੇ ਲੋਕ ਪ੍ਰਭਾਵਿਤ ਹੋਏ ਹਨ, ਜਿਸ ਦੇ ਚਲਦਿਆਂ ਹਲਕਾ ਲਹਿਰਾ ਦੇ ਨੇੜਲੇ ਪਿੰਡ ਡਸਕਾ ਵਿਖੇ ਗਿਦੜਿਆਣੀ ਵਾਲੇ ਪਾਸੇ ਨੀਵੇਂ ਖੇਤਾਂ ਵਿੱਚ ਪਾਣੀ ਭਰ ਗਿਆ ਸੀ, ਜਿਸ ਕਾਰਨ ਕਿਸਾਨਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਬਰਬਾਦ ਹੋ ਗਈਆਂ ਸਨ, ਪਰੰਤੂ ਉਹਨਾਂ ਨੂੰ ਮੁਆਵਜ਼ੇ ਵਾਲੀ ਲਿਸਟ ਵਿੱਚ ਨਹੀਂ ਪਾਇਆ ਗਿਆ, ਜੋ ਕਿ ਪੰਜਾਬ ਸਰਕਾਰ ਦਾ ਸਰਾਸਰ ਧੱਕਾ ਹੈ। ਇਹ ਵਿਚਾਰ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਸ੍ਰ ਰਾਹੁੱਲਇੰਦਰ ਸਿੰਘ ਸਿੱਧੂ ਭੱਠਲ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਤੇ ਕਿਸਾਨ ਸੈਲ ਦੇ ਨੈਸ਼ਨਲ ਕੋਆਰਡੀਨੇਟਰ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਡਰੇਨਾਂ ਅਤੇ ਨਾਲੇ ਓਵਰਫਲੋ ਚੱਲਣ ਕਾਰਨ ਪਿੰਡ ਡਸਕਾ ਵਿਖੇ ਟੁੱਟਣ ਨਾਲ ਫਸਲਾਂ ਅਤੇ ਨੇੜਲੇ ਘਰ ਨੁਕਸਾਨੇ ਗਏ। ਪਿੰਡ ਵਿੱਚ ਗਰੀਬ ਲੋਕਾਂ ਘਰਾਂ ਦੀਆਂ ਛੱਤਾਂ ਅਤੇ ਕੰਧਾਂ, ਅਤੇ ਪਸ਼ੂਆਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਸੀ।ਜਿਸ ਪਾਸੇ ਨਜ਼ਰ ਮਾਰੀ ਜਾਂਦੀ ਸੀ, ਪਾਣੀ ਹੀ ਖੜਾ ਨਜ਼ਰ ਆਉਂਦਾ ਸੀ। ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ ਆਪਣੇ ਚਹੇਤਿਆਂ ਨੂੰ ਹੀ ਖਰਾਬੇ ਦੇ ਚੈੱਕ ਦਿੱਤੇ ਹਨ।ਲੋੜਵੰਦ ਕਿਸਾਨਾਂ ਨਾਲ ਸਰਕਾਰ ਵੱਲੋਂ ਪੱਖਪਾਤ ਕਰਕੇ ਧੱਕਾ ਕੀਤਾ ਗਿਆ ਹੈ। ਪਿੰਡ ਡਸਕਾ ਦੇ ਕਿਸਾਨ ਜਰਨੈਲ ਸਿੰਘ ਪੁੱਤਰ ਪੂਰਨ ਸਿੰਘ, ਬੂਟਾ ਸਿੰਘ,ਗੁਰਦੇਵ ਸਿੰਘ, ਜਸਵੰਤ ਸਿੰਘ, ,ਸਮੇਤ ਹੋਰ ਵੀ ਕਈ ਕਿਸਾਨਾਂ ਦੀ ਜਮੀਨ ਡਸਕੇ ਤੋਂ ਗਿਦੜਿਆਣੀ ਵਾਲੇ ਰਾਹ ਤੇ ਸਥਿਤ ਹੈ, ਜੋ ਪੂਰੀ ਤਰਾਂ ਨੁਕਸਾਨੀਆਂ ਗਈਆਂ,ਪਰ ਇੰਨਾ ਕਿਸਾਨਾਂ ਨੂੰ ਬਣਦਾ ਮੁਆਵਜਾ ਨਹੀਂ ਦਿੱਤਾ ਗਿਆ।ਸ੍ਰ ਰਾਹੁੱਲਇੰਦਰ ਸਿੰਘ ਸਿੱਧੂ ਦੇ ਮੀਡੀਆ ਸਲਾਹਕਾਰ ਦਲਜੀਤ ਸਿੰਘ ਵਿਰਕ ਨੇ ਕਿਹਾ, ਕਿ ਪਿੰਡ ਡਸਕਾ ਦੀ ਪੰਚਾਇਤ, ਨੰਬਰਦਾਰ, ਪਟਵਾਰੀ ਗਗਨਦੀਪ ਸਿੰਘ ਅਤੇ ਪਿੰਡ ਰੱਤਾ ਖੇੜਾ ਦੇ ਪਟਵਾਰੀ ਨਿਖੱਲ ਖੇਤੀਬਾੜੀ ਸਬੰਧਤ ਮਹਿਕਮੇ ਦੇ ਮੁਲਾਜ਼ਮਾਂ ਵੱਲੋਂ ਸਾਡੇ ਨਾਲ ਪੂਰਾ ਵਿਤਕਰਾ ਕੀਤਾ ਗਿਆ ਹੈ। ਕਿਉਂਕਿ ਜੋ ਸਾਡੀਆਂ ਫਸਲਾਂ ਨਕਸਾਨੀਆਂ ਸਨ, ਉਨ੍ਹਾਂ ਦਾ ਮੁਆਵਜਾ ਨਹੀਂ ਦਿੱਤਾ ਗਿਆ। ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਨ੍ਹਾਂ ਦੀ ਪੂਰੀ ਜਾਂਚ ਪੜਤਾਲ ਕੀਤੀ ਜਾਵੇ ਅਤੇ ਸਹੀ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ। ਸ੍ਰ ਰਾਹੁੱਲਇੰਦਰ ਸਿੰਘ ਸਿੱਧੂ ਨੇ ਕਿਹਾ,ਕਿ ਜੇਕਰ ਇਹਨਾਂ ਨੇ ਸਮਾਂ ਰਹਿੰਦਿਆਂ ਹੜ ਰੋਕੂ ਪੁਖਤਾ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਪੰਜਾਬ ਦੇ ਲੋਕਾਂ ਨੂੰ ਇਹ ਦਿਨ ਨਾ ਦੇਖਣੇ ਪੈਂਦੇ, ਜਿਸ ਦਾ ਖਮਿਆਜਾ ਅੱਜ ਪਿੰਡ ਡਸਕਾ ਸਮੇਤ ਪੰਜਾਬ ਦੇ ਲੋਕ ਭੁਗਤ ਰਹੇ ਹਨ

## 4 ਰੋਜ਼ਾ ਸਾਲਾਨਾ ਅੰਤਰਰਾਸ਼ਟਰੀ ਸੰਤ ਸਮਾਗਮ ਸ਼ੁਰੂ



ਧੂਰੀ, 31 ਅਕਤੂਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸੰਤ ਨਿਰੰਕਾਰੀ ਮਿਸ਼ਨ ਦਾ 78ਵਾਂ ਚਾਰ ਰੋਜ਼ਾ ਸਾਲਾਨਾ ਅੰਤਰਰਾਸ਼ਟਰੀ ਨਿਰੰਕਾਰੀ ਸੰਤ ਸਮਾਗਮ ਅੱਜ ਤੋਂ ਹਰਿਆਣਾ ਦੇ ਸਮਾਲਖਾਂ ਸ਼ਹਿਰ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਰਹਿਨੁਮਾਈ ਹੇਠ ,ਆਤਮ ਮੰਥਨ ਵਿਸ਼ੇ ਉੱਪਰ ਸ਼ੁਰੂ ਹੋਣ ਜਾ ਰਿਹਾ ਹੈ, ਜਿੱਥੇ ਭਾਰਤ ਦੇ ਵੱਖ-ਵੱਖ ਸੂਬਿਆਂ ਸਮੇਤ ਬਾਹਰਲੇ ਦੇਸ਼ਾਂ ਦੇ ਸ਼ਰਧਾਲੂ ਵੀ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ । ਇਹ ਜਾਣਕਾਰੀ ਦਿੰਦਿਆਂ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸ੍ਰੀ ਜੋਗਿੰਦਰ ਸੁਖੀਜਾ ਅਤੇ ਜੋਨਲ ਇੰਚਾਰਜ ਸੰਗਰੂਰ ਡਾ. ਵੀ ਸੀ ਲੂਥਰਾ ਨੇ ਦਿੰਦਿਆਂ ਦੱਸਿਆ ਕਿ ਅੰਬਾਲਾ ਦਿੱਲੀ ਹਾਈਵੇ ਉੱਪਰ ਸਮਾਲਖਾਂ ਵਿਖੇ ਬਣੇ ਸੰਤ ਨਿਰੰਕਾਰੀ ਅਧਿਆਤਮਕ ਸਥਲ ਦੇ ਵਿਸ਼ਾਲ ਗਰਾਊਂਡਾਂ ਵਿੱਚ ਇਹ ਸੰਤ ਸਮਾਗਮ 31 ਅਕਤੂਬਰ ਤੋਂ ਸ਼ੁਰੂ ਹੋ ਕੇ 3 ਨਵੰਬਰ ਤੱਕ ਚੱਲੇਗਾ। ਉਹਨਾਂ ਦੱਸਿਆ ਕਿ ਇਸ ਸੰਤ ਸਮਾਗਮ ਵਿੱਚ ਪਹੁੰਚਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਰਹਿਣ ਸਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਸੰਤ ਨਿਰੰਕਾਰੀ ਮੰਡਲ ਵੱਲੋਂ ਕੀਤਾ ਗਿਆ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਤਾਇਨਾਤ ਸੇਵਾ ਦਲ ਦੇ ਭੈਣ ਭਾਈ ਟਰੈਫਿਕ ਨਿਯਮਾਂ, ਸੁਰੱਖਿਆ ਅਤੇ ਬਜ਼ੁਰਗਾਂ ਉੱਤੇ ਸਪੈਸ਼ਲ ਲੋੜਾਂ ਵਾਲੇ ਵਿਅਕਤੀਆਂ ਦੀ ਸੇਵਾ ਸੰਭਾਲ ਆਦਿ ਦੇ ਕੰਮ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ।

# ਮੇਰਾ ਯੁਵਾ ਭਾਰਤ ਪ੍ਰੋਗਰਾਮ ਤਹਿਤ ਸੰਗਰੂਰ ਵਿਖੇ ਏਕਤਾ ਮਾਰਚ



ਸੰਗਰੂਰ, 31 ਅਕਤੂਬਰ (ਹਰਕੰਵਲ ਸਿੰਘ ਹੈਪੀ) : ਭਾਰਤ ਸਰਕਾਰ ਦੇ ਮੇਰਾ ਯੁਵਾ ਭਾਰਤ ਪ੍ਰੋਗਰਾਮ ਤਹਿਤ ਅੱਜ ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ (ਡੀ.ਆਈ.ਈ.ਟੀ.) ਸੰਗਰੂਰ ਵਿਖੇ ਏਕਤਾ ਮਾਰਚ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਨੌਜਵਾਨਾਂ ਵਿਚ ਰਾਸ਼ਟਰੀ ਏਕਤਾ ਤੇ ਸਮਾਜਿਕ ਜਾਗਰੂਕਤਾ ਦਾ ਸੰਦੇਸ਼ ਫੈਲਾਉਣਾ ਸੀ।ਪ੍ਰੋਗਰਾਮ ਵਿਚ ਸ਼੍ਰੀ ਲਵਪ੍ਰੀਤ ਸਿੰਘ ਔਲਖ, ਸਹਾਇਕ ਕਮਿਸ਼ਨਰ, ਸੰਗਰੂਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸ਼੍ਰੀ ਵਰਿੰਦਰ ਕੌਰ, ਪ੍ਰਿੰਸੀਪਲ(ਡੀ.ਆਈ.ਈ.ਟੀ.) ਨੇ ਵੀ ਪ੍ਰੋਗਰਾਮ ਵਿਚ ਹਾਜ਼ਰੀ ਭਰੀ।ਆਪਣੇ ਸੰਬੋਧਨ ਦੌਰਾਨ, ਸਹਾਇਕ ਕਮਿਸ਼ਨਰ ਨੇ ਨੌਜਵਾਨਾਂ ਨੂੰ ਰਾਸ਼ਟਰ-ਨਿਰਮਾਣ ਅਤੇ ਏਕਤਾ ਬਰਕਰਾਰ ਰੱਖਣ ਲਈ ਸਰਗਰਮ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਅਤੇ ਕਿਸੇ ਵੀ ਖੇਤਰ ਵਿੱਚ ਸਫਲ ਹੋਣ ਲਈ ਵੱਧ ਤੋਂ ਵੱਧ ਮਿਹਨਤ ਕਰਨ ਲਈ ਦੀ ਵੀ ਪ੍ਰੇਰਨਾ ਦਿੱਤੀ।ਪ੍ਰੋਗਰਾਮ ਵਿੱਚ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ ਵਿੱਚ ਏਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਸੰਦੇਸ਼ ਦਿੱਤਾ ਗਿਆ। ਜ਼ਿਲ੍ਹਾ ਯੂਥ ਅਫਸਰ ਸ਼੍ਰੀ ਰਾਹੁਲ ਸੈਣੀ ਨੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਸਮਾਜ ਸੇਵਾ ਅਤੇ ਜਾਗਰੂਕਤਾ ਕਾਰਜਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।ਸਹਾਇਕ ਕਮਿਸ਼ਨਰ ਵੱਲੋਂ ਡੀ.ਆਈ.ਈ.ਟੀ. ਸੰਗਰੂਰ ਤੋਂ ਏਕਤਾ ਮਾਰਚ ਨੂੰ ਝੰਡਾ ਦਿਖਾ ਕੇ ਰਵਾਨਾ ਕੀਤਾ ਗਿਆ। ਇਹ ਮਾਰਚ ਡੀ.ਐੱਫ.ਓ ਦਫ਼ਤਰ, ਡਾ. ਬੀ.ਆਰ. ਅੰਬੇਡਕਰ ਚੌਂਕ, ਰਣਬੀਰ ਕਾਲਜ, ਪਟਿਆਲਾ ਗੇਟ ਰਾਹੀਂ ਵਾਪਸ ਡੀ.ਆਈ.ਈ.ਟੀ. ਸੰਗਰੂਰ ਪੁੱਜਿਆ। ਮਾਰਚ ਦੌਰਾਨ ਨੌਜਵਾਨਾਂ ਨੇ ਸ਼ਹਿਰ ਵਾਸੀਆਂ ਨੂੰ ਏਕਤਾ ਤੇ ਭਾਈਚਾਰੇ ਦਾ ਸੰਦੇਸ਼ ਦਿੱਤਾ।ਇਹ ਪ੍ਰੋਗਰਾਮ ਨੌਜਵਾਨ ਸ਼ਕਤੀ, ਸਮਾਜਿਕ ਏਕਤਾ ਅਤੇ ਰਾਸ਼ਟਰੀ ਇੱਕਜੁੱਟਤਾ ਦਾ ਮਜ਼ਬੂਤ ਸੰਦੇਸ਼ ਦੇ ਕੇ ਸਮਾਪਤ ਹੋਇਆ। ਸ਼ਹਿਰ ਵਾਸੀਆਂ ਵੱਲੋਂ ਇਸ ਪਹਿਲ ਨੂੰ ਬਹੁਤ ਸਰਾਹਿਆ ਗਿਆ।ਇਸ ਮੌਕੇ ਸਰਜੀਵਨ ਜਿੰਦਲ, ਧਰਮਿੰਦਰ ਸਿੰਘ ਦੁੱਲਟ ਅਤੇ ਚਰਨਜੀਤ ਸ਼ਾਰਧਾ ਨੇ ਭਾਰਤ ਸਰਕਾਰ ਦੇ ਮੇਰਾ ਯੁਵਾ ਭਾਰਤ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

# ਸਾਹਿਤ ਹਮੇਸ਼ਾ ਨਰੋਏ ਸਮਾਜ ਦੀ ਸੰਕਲਪਨਾ ਕਰਦੈ : ਮਾਨਖੇੜਾ



ਸਰਦੂਲਗੜ੍ਹ, 31 ਅਕਤੂਬਰ ( ਲਛਮਣ ਸਿੱਧੂ ) :ਭਾਰਤੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਵਿਖੇ ਪੰਜਾਬੀ ਭਾਸ਼ਾ ਦੇ ਪਸਾਰ ਵਾਸਤੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਅਕਾਦਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਨਾਵਲਕਾਰ ਜਸਪਾਲ ਮਾਨਖੇੜਾ ਨੇ ਬਤੌਰ ਕਨਵੀਨਰ ਭੂਮਿਕਾ ਨਿਭਾਈ। ਮੁੱਖ ਮਹਿਮਾਨ ਦੇ ਤੌਰ ਤੇ ਉੱਘੇ ਕਹਾਣੀਕਾਰ ਦਰਸ਼ਨ ਜੋਗਾ ਨੇ ਸ਼ਿਰਕਤ ਕੀਤੀ। ਸੈਮੀਨਾਰ ਦਾ ਮੁੱਖ ਵਿਸ਼ਾ ਪੰਜਾਬੀ ਕਹਾਣੀ ਦੀ ਦਸ਼ਾ ਅਤੇ ਦਿਸ਼ਾ ਬਾਰੇ ਵਿਚਾਰ ਚਰਚਾ ਕਰਨ ਉੱਤੇ ਕੇਂਦਰਿਤ ਰਿਹਾ। ਪੰਜਾਬੀ ਕਹਾਣੀ ਦੇ ਦੋ ਉਭਰਦੇ ਕਹਾਣੀਕਾਰਾਂ ਜਸਵਿੰਦਰ ਧਰਮਕੋਟ ਅਤੇ ਕਮਲ ਸੇਖੋਂ ਨੇ ਆਪਣੀਆਂ ਕਹਾਣੀਆਂ ਦਾ ਪਾਠ ਕੀਤਾ। ਕਮਲ ਸੇਖੋਂ ਦੀ ਕਹਾਣੀ ਕਾਲੀ ਕੋਇਲ ਵਿੱਚ ਨਾਰੀ ਚੇਤਨਾ ਦੇ ਸੂਖਮ ਵਿਸ਼ੇ ਨੂੰ ਛੂਹਿਆ ਗਿਆ ਸੀ। ਜਸਵਿੰਦਰ ਧਰਮਕੋਟ ਦੀ ਕਹਾਣੀ ਸਾਈਲੈਂਟ ਮੋਡ ਵਿੱਚ ਪ੍ਰਵਾਰਿਕ ਜੀਵਨ ਵਿੱਚ ਰਿਸ਼ਤਿਆਂ ਦੀਆਂ ਤੰਦਾਂ ਦੀ ਤਸਵੀਰ ਨੂੰ ਪੇਸ਼ ਕੀਤਾ ਗਿਆ। ਸਰੋਤਿਆਂ ਉਪਰ ਇਹਨਾਂ ਕਹਾਣੀਆਂ ਦਾ ਬਹੁਤ ਡੂੰਘਾ ਪ੍ਰਭਾਵ ਦੇਖਣ ਨੂੰ ਮਿਲਿਆ। ਇਸ ਉਪਰੰਤ ਪ੍ਰੋਫ਼ੈਸਰ ਡਾ ਰਵਿੰਦਰ ਸਿੰਘ ਸੰਧੂ ਨੇ ਇਹਨਾਂ ਕਹਾਣੀਆਂ ਉਪਰ ਆਲੋਚਨਾਤਮਕ ਚਰਚਾ ਕਰਦਿਆਂ ਹੋਇਆਂ ਪੰਜਾਬੀ ਕਹਾਣੀ ਦੇ ਮੌਜੂਦਾ ਰਚਨਾਤਮਕ ਢਾਂਚੇ ਬਾਰੇ ਗੱਲ ਕੀਤੀ। ਇਸ ਤੋਂ ਪਹਿਲਾਂ ਸੈਮੀਨਾਰ ਦੇ ਸ਼ੁਰੂ ਵਿੱਚ ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਅਤੇ ਪ੍ਰੋ ਬਲਜੀਤ ਪਾਲ ਸਿੰਘ ਨੇ ਬਾਹਰੋਂ ਆਏ ਹੋਏ ਵਿਦਵਾਨ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਜਸਪਾਲ ਮਾਨਖੇੜਾ ਨੇ ਅਕਾਡਮੀ ਦੀਆਂ ਗਤੀਵਿਧੀਆਂ ਨੂੰ ਪਿੰਡਾਂ ਸ਼ਹਿਰਾਂ ਤੱਕ ਲੈ ਜਾਣ ਦੇ ਅਹਿਦ ਬਾਰੇ ਚਾਨਣਾ ਪਾਇਆ। ਮੁੱਖ ਮਹਿਮਾਨ ਦਰਸ਼ਨ ਜੋਗਾ ਜੀ ਨੇ ਪੰਜਾਬੀ ਕਹਾਣੀ ਦੁਆਰਾ ਤੈਅ ਕੀਤੇ ਲੰਮੇ ਅਤੇ ਮਾਣਮੱਤੇ ਸਫ਼ਰ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ।ਡਾ ਬਿੱਕਰਜੀਤ ਸਾਧੂਵਾਲਾ ਅਤੇ ਮੈਡਮ ਚਰਨਜੀਤ ਕੌਰ ਨੇ ਸੈਮੀਨਾਰ ਦੌਰਾਨ ਆਪਣੇ ਵਿਚਾਰ ਪੇਸ਼ ਕੀਤੇ। ਸੰਸਥਾ ਦੀਆਂ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿੱਚ ਸੈਮੀਨਾਰ ਵਿੱਚ ਹਾਜ਼ਰੀ ਲਵਾਈ।ਅਖੀਰ ਵਿੱਚ ਬਾਹਰੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦਾ ਸਾਰਾ ਸਟਾਫ ਵੀ ਹਾਜ਼ਰ ਸੀ।

# ਵਿਧਾਇਕ ਵਿਜੈ ਸਿੰਗਲਾ ਤੇ ਡੀ.ਸੀ. ਨੇ ਖਿਡਾਰੀਆਂ ਦੀ ਕੀਤੀ ਹੌਂਸਲਾ ਅਫਜ਼ਾਈ




ਮਾਨਸਾ, 31 ਅਕਤੂਬਰ (ਵਿਰੋਂਦਰਪਾਲ ਮੰਤਰੋ) :ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ, ਮਾਨਸਾ ਵੱਲੋਂ ਕਰਵਾਈ ਜਾ ਰਹੀ ਚੈਂਪੀਅਨਸ਼ਿਪ ਵਿਚ ਜ਼ਿਲ੍ਹੇ ਦੇ ਖਿਡਾਰੀਆਂ ਨੇ ਵਧ ਚੜ੍ਹ ਕੇ ਭਾਗ ਲਿਆ, ਜਿੱਥੇ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਅਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਸ਼ਿਰਕਤ ਕਰਕੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਇਸ ਮੌਕੇ ਐਸ.ਐਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਰਹੇ।ਇਸ ਮੌਕੇ ਵਿਧਾਇਕ ਡਾ. ਵਿਜੈ ਸਿੰਗਲਾ ਨੇ ਕਿਹਾ ਕਿ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦਾ ਇਹ ਸ਼ਲਾਘਾਯੋਗ ਉਪਰਾਲਾ ਹੈ ਜਿਸ ਰਾਹੀਂ ਹੁਨਮੰਦ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿਚ ਮਾਨਸਾ, ਸਰਦੂਲਗੜ੍ਹ ਅਤੇ ਬੁਢਲਾਡਾ ਦੇ ਖਿਡਾਰੀ ਭਾਗ ਲੈ ਰਹੇ ਹਨ। ਉਨ੍ਹਾਂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕਰਦਿਆਂ ਆਪਣੇ ਮਾਂ ਬਾਪ, ਆਪਣੇ ਜ਼ਿਲ੍ਹੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ।ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਭਾਗ ਲੈ ਰਹੇ ਬੱਚੇ ਵਧੀਆ ਸਪੋਰਟਸਪਰਸਨ ਬਣਨ। ਉਨ੍ਹਾਂ ਕਿਹਾ ਕਿ ਬੈਡਮਿੰਟਨ ਐਸੋਸੀਏਸ਼ਨ ਦਾ ਇਲਾਕੇ ਲਈ ਇਹ ਵਧੀਆ ਉਪਰਾਲਾ ਅਤੇ ਮੌਕਾ ਹੈ, ਸਾਰੇ ਖਿਡਾਰੀਆਂ ਨੂੰ ਇਸ ਮੌਕੇ ਦਾ ਲਾਭ ਲੈਣਾ ਚਾਹੀਦਾ ਹੈ।ਇਸ ਮੌਕੇ ਪ੍ਰਧਾਨ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਬਲਜੀਤ ਸਿੰਘ ਬਾਜਵਾ, ਸਕੱਤਰ ਐਡਵੋਕੇਟ ਹਰਿੰਦਰ ਸ਼ਰਮਾ, ਪ੍ਰੈਸ ਸਕੱਤਰ ਰਾਮ ਕ੍ਰਿਸ਼ਨ ਚੁੱਘ ਤੋਂ ਇਲਾਵਾ ਐਸੋਸੀਏਸ਼ਨ ਦੇ ਸਾਰੇ ਮੈਂਬਰ ਹਾਜ਼ਰ ਸਨ।

# 11 ਦਿਨਾਂ ਬਾਅਦ ਖੋਹਬਾਜ਼ ਕਾਬੂ,

ਬਠਿੰਡਾ, 31 ਅਕਤੂਬਰ (ਦੀਪਕ ਸ਼ਰਮਾ):ਜ਼ਿਲ੍ਹਾ ਪੁਲਿਸ ਨੇ ਅਮਰੀਕ ਸਿੰਘ ਰੋਡ 'ਤੇ ਹੋਈ ਖੋਹ ਦੀ ਵਾਰਦਾਤ ਨੂੰ ਸੁਲਝਾਉਂਦਿਆਂ ਹੋਇਆਂ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਉਕਤ ਝੱਪਟਮਾਰਾਂ ਕੋਲੋਂ ਪੀੜਤ ਔਰਤ ਕੋਲੋਂ ਖੋਹਿਆ ਹੋਇਆ ਸਾਰਾ ਸਮਾਨ ਵੀ ਬਰਾਮਦ ਕਰ ਲਿਆ ਗਿਆ ਹੈ।ਇਸ ਤੋਂ ਇਲਾਵਾ ਪੁਲਿਸ ਨੇ ਕਥਿਤ ਦੋਸ਼ੀਆਂ ਕੋਲੋਂ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।ਐਸਐਸਪੀ ਦਫਤਰ ਵੱਲੋਂ ਜਾਰੀ ਕੀਤੇ ਗਏ ਇੱਕ ਪ੍ਰੈਸ ਨੋਟ ਵਿੱਚ ਪੁਲਿਸ ਕਪਤਾਨ ਅਮਨੀਤ ਕੌਂਡਲ ਨੇ ਦੱਸਿਆ ਕਿ ਐਸ.ਪੀ. (ਇੰਨਵੈਸਟੀਗੇਸ਼ਨ) ਜਸਮੀਤ ਸਿੰਘ, ਐਸ.ਪੀ. ਸਿਟੀ ਨਰਿੰਦਰ ਸਿੰਘ, ਅਤੇ ਡੀ.ਐਸ.ਪੀ. ਸਿਟੀ -1 ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁਲਾਜ਼ਮਾਂ ਵੱਲੋਂ ਪੁਲਿਸ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ।ਇਸ ਦੌਰਾਨ ਥਾਣੇਦਾਰ ਹਰਿੰਦਰ ਸਿਘ ਸਮੇਤ ਹੋਰ ਪੁਲਿਸ ਕਰਮਚਾਰੀਆਂ ਨੇ ਰੇਲਵੇ ਸਟੇਸ਼ਨ ਕੋਲ ਨਾਕਾ ਲਗਾਇਆ ਹੋਇਆ ਸੀ।ਇਸ ਦੌਰਾਨ ਸਿਮਰਨਪ੍ਰੀਤ ਕੌਰ ਵਾਸੀ, ਗੁਰੂ ਗੋਬਿੰਦ ਸਿੰਘ ਨਗਰ, ਨੇ ਮੌਕੇ ਤੇ ਪਹੁੰਚ ਕੇ ਸ਼ਿਕਾਇਤ ਦਰਜ ਕਰਵਾਈ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਐਮਸਨ ਪ੍ਰਾਈਡ ਹੋਟਲ, ਅਮਰੀਕ ਸਿੰਘ ਰੋਡ, ਬਠਿੰਡਾ ਤੋਂ ਉਸ ਦਾ ਪਰਸ ਖੋਹ ਲਿਆ ਸੀ। ਖੋਹ ਕੀਤੇ ਗਏ ਪਰਸ ਵਿੱਚ ਇੱਕ ਸੈਮਸੰਗ ਮਾਰਕਾ ਮੋਬਾਈਲ ਫੋਨ, 3 ਹਜ਼ਾਰ ਰੁਪਏ ਦੇ ਕਰੰਸੀ ਨੋਟ, ਆਧਾਰ ਕਾਰਡ, ਪੈਨ ਕਾਰਡ, ਅਤੇ ਬੈਂਕ ਦੀਆਂ ਚਾਬੀਆ ਹਨ।ਇਸ ਬਿਆਨ ਤੇ ਥਾਣੇਦਾਰ ਹਰਿੰਦਰ ਸਿੰਘ ਨੇ ਮੁਕੱਦਮਾ ਦਰਜ ਕਰਵਾ ਕੇ ਤਫ਼ਤੀਸ਼ ਸ਼ੁਰੂ ਕੀਤੀ। ਇਸ ਦੌਰਾਨ ਪਤਾ ਲੱਗ ਗਿਆ ਕਿ ਖੋਹ ਕਰਨ ਵਾਲੇ ਅਣਪਛਾਤੇ ਵਿਅਕਤੀ ਸੁਭਾਸ ਉਮਰ 23 ਸਾਲ ਅਤੇ ਸੰਨੀ ਉਮਰ 21 ਸਾਲ ਵਾਸੀਆਨ ਗਲੀ ਨੰਬਰ 4, ਹਰਦੇਵ ਨਗਰ ਹਨ।ਜਿਸ ਤੋਂ ਬਾਅਦ ਕਥਿਤ ਦੋਸ਼ੀਆਂ ਨੂੰ ਲੰਘੀ 29 ਅਕਤੂਬਰ ਨੂੰ ਸੰਤਪੁਰਾ ਰੋਡ ਨੇੜੇ ਡੌਲਫਿਨ ਹੋਟਲ ਬਠਿੰਡਾ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਇਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਹੀਰੋ ਡੀਲਕਸ ਅਤੇ ਖੋਹ ਕੀਤਾ ਹੋਇਆ ਮੋਬਾਈਲ ਸੈਮਸੰਗ ਬਰਾਮਦ ਕੀਤਾ।ਬਾਕੀ ਸਮਾਨ ਬਾਰੇ ਜਦ ਇਹਨਾਂ ਕੋਲੋਂ ਪੁੱਛ ਪੜਤਾਲ ਕੀਤੀ ਗਈ ਤਾਂ ਮੁਲਜਮਾਂ ਨੇ ਦੱਸਿਆ ਕਿ ਉਹ ਝੀਲ ਵਿੱਚ ਸੁੱਟ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਪੁਲਿਸ ਨੇ ਝੀਲ ਵਿੱਚੋਂ ਔਰਤ ਦਾ ਪਰਸ ਵੀ ਬਰਾਮਦ ਕਰ ਲਿਆ।ਪੁਲਿਸ ਅਧਿਕਾਰੀ ਅਨੁਸਾਰ ਕਥਿਤ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ, ਜਿਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਨੇ ਸੰਭਾਵਨਾ ਜਤਾਈ ਹੈ ਕਿ ਇਸ ਪੁੱਛਗਿੱਛ ਤੋਂ ਅਹਿਮ ਖੁਲਾਸੇ ਹੋਣਗੇ।

# ਗੁਰੂ ਕਾਸ਼ੀ ਯੂਨੀਵਰਸਿਟੀ ਨੇ ਮੁੜ ਜਿੱਤਿਆ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ ਦਾ ਤਾਜ



ਬਠਿੰਡਾ, 31 ਅਕਤੂਬਰ (ਜਗਸੀਰ ਭੁੱਲਰ) : ਤਲਵੰਡੀ ਸਾਬੋ, 30 ਅਕਤੂਬਰ 2025) ਜੀ.ਕੇ.ਯੂ. ਵਿਖੇ ਪਿਛਲੇ ਅੱਠ ਦਿਨਾਂ ਤੋਂ ਚੱਲ ਰਹੀ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ (ਲੜਕੇ ਅਤੇ ਲੜਕੀਆਂ) 2025-26 ਦੀ ਓਵਰ ਆਲ ਟਰਾਫੀ ਮੇਜ਼ਬਾਨ ਗੁਰੂ ਕਾਸ਼ੀ ਯੂਨੀਵਰਸਿਟੀ ਨੇ 5 ਸੋਨ, 5 ਚਾਂਦੀ ਤੇ 4 ਕਾਂਸੀ ਦੇ ਤਗਮਿਆਂ ਨਾਲ ਜਿੱਤੀ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ 10 ਤਗਮਿਆਂ ਨਾਲ ਰਨਰ ਅੱਪ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ 9 ਤਗਮਿਆਂ ਨਾਲ ਸੈਕੰਡ ਰਨਰ ਅੱਪ ਰਹੀ। ਇਸ ਮੌਕੇ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਨੇ ਇਨਾਮ ਤਕਸੀਮ ਕੀਤੇ। ਇਸ ਮੌਕੇ ਪ੍ਰੋ.(ਡਾ.) ਜਗਤਾਰ ਸਿੰਘ ਧੀਮਾਨ ਪਰੋ-ਵਾਈਸ ਚਾਂਸਲਰ, ਡਾ. ਜਾਵੇਦ ਅਹਿਮਦ ਖਾਨ ਡੀਨ ਅਕਾਦਮਿਕ, ਏ.ਆਈ.ਯੂ.ਅਬਸਰਵਰ ਰਵਿੰਦਰ ਕੁਮਾਰ ਬਾਲੀ ਪ੍ਰਧਾਨ ਪੰਜਾਬ ਤੀਰਅੰਦਾਜ਼ੀ ਐਸੋਸੀਏਸ਼ਨ, ਦੇਸ ਰਾਜ ਕੰਬੋਜ਼ ਨਿਰਦੇਸ਼ਕ ਸੁਰੱਖਿਆ, ਆਲ ਇੰਡੀਆ ਤੀਰਅੰਦਾਜ਼ੀ ਐਸੋਸਿਏਸ਼ਨ ਦੇ ਅਧਿਕਾਰੀ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ, ਪਤਵੰਤੇ ਤੇ ਵੱਖ-ਵੱਖ ਪ੍ਰਦੇਸ਼ਾਂ ਦੇ ਖਿਡਾਰੀ ਤੇ ਮਹਿਮਾਨ ਵੀ ਹਾਜ਼ਰ ਹੋਏ।ਜੀ.ਕੇ.ਯੂ. ਦੇ ਚੈਂਪੀਅਨ ਬਣਨ ਤੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਨੇ ਆਪਣੇ ਵਧਾਈ ਸਦੇਸ਼ ਵਿੱਚ ਇਸ ਨੂੰ ਮਾਲਵਾ ਖੇਤਰ ਦੀ ਵੱਡੀ ਪ੍ਰਾਪਤੀ ਦੱਸਿਆ ਤੇ ਕਿਹਾ ਕਿ ਇਸ ਪ੍ਰਾਪਤੀ ਨੇ ਉੱਭਰ ਰਹੇ ਤੀਰਅੰਦਾਜ਼ਾਂ ਲਈ ਨਵੇਂ ਰਸਤੇ ਖੋਲ੍ਹੇ ਹਨ। ਉਨ੍ਹਾਂ ਮੇਜ਼ਬਾਨ ਟੀਮ ਦੇ ਖਿਡਾਰੀਆਂ ਨੂੰ ਦੇਸ਼ ਦਾ ਭਵਿੱਖ ਦੱਸਿਆ। ਉਨ੍ਹਾਂ ਇਸ ਗੱਲ ਤੇ ਤਸੱਲੀ ਪ੍ਰਗਟਾਈ ਕਿ ਜੀ.ਕੇ.ਯੂ. ਨੇ ਵਿਸ਼ਵ ਪੱਧਰੀ ਸੁਵਿਧਾਵਾਂ ਰਾਹੀਂ ਰਾਸ਼ਟਰੀ ਪੱਧਰ ਤੇ ਨਾਮਣੇ ਖੱਟਿਆ ਹੈ।ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਡਾ. ਸਿੰਘ ਨੇ ਕਿਹਾ ਕਿ ਖਿਡਾਰੀਆਂ ਨੂੰ ਹਮੇਸ਼ਾ ਸਿੱਖਣ ਦੀ ਲਾਲਸਾ ਕਾਇਮ ਰੱਖਣੀ ਚਾਹੀਦੀ ਹੈ, ਕਿਉਂਕਿ ਇਨਸਾਨ ਸਾਰੀ ਉਮਰ ਕੁਝ ਨਾ ਕੁਝ ਸਿੱਖਦਾ ਰਹਿੰਦਾ ਹੈ। ਉਨ੍ਹਾਂ ਤਗਮਾ ਜੇਤੂਆਂ ਨੂੰ ਵਧਾਈ ਦਿੱਤੀ ਤੇ ਖਿਡਾਰੀਆਂ ਨੂੰ ਹੋਰ ਜ਼ਿਆਦਾ ਮਿਹਨਤ ਅਤੇ ਯਤਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਆਯੋਜਨਾਂ ਵਿੱਚ ਖਿਡਾਰੀ ਜਾਂ ਤਾਂ ਜਿੱਤਦੇ ਹਨ ਜਾਂ ਜਿੱਤਣ ਲਈ ਤਜ਼ਰਬਾ ਹਾਸਿਲ ਕਰਦੇ ਹਨ ਪਰ ਹਾਰਦਾ ਕੋਈ ਨਹੀਂ।ਏ.ਆਈ.ਯੂ.ਅਬਸਰਵਰ ਬਾਲੀ ਨੇ ਚੈਂਪੀਅਨਸ਼ਿਪ ਦੀ ਸਮੇਂ ਬੱਧ, ਯੋਜਨਾਬੱਧ, ਨਿਰਪੱਖ ਅਤੇ ਸਫਲ ਆਯੋਜਨ ਲਈ ਵਰਸਿਟੀ ਪ੍ਰਬੰਧਕਾਂ, ਡਾਇਰੈਕਟਰ ਆਫ਼ ਸਪੋਰਟਸ ਅਤੇ ਸਮੂਹ ਅਧਿਕਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮੇਜ਼ਬਾਨ ਵਰਸਿਟੀ ਨੇ ਸ਼ਾਨਦਾਰ ਆਯੋਜਨ ਨਾਲ ਮਿਸਾਲ ਕਾਇਮ ਕੀਤੀ ਹੈ।

# ਅਸ਼ੋਕ ਭੰਡਾਰੀ ਰਾਜ ਆਈਕਨ ਐਵਾਰਡ 2025 ਨਾਲ ਸਨਮਾਨਿਤ




ਧੂਰੀ, 31 ਅਕਤੂਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) *ਕੋਟਕਪੂਰਾ ਦੇ ਲਵ ਪੰਜਾਬ ਫਾਰਮ ਵਿੱਚ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਭਾਈ ਭੋਲਾ ਯਮਲਾ ਤੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਵਿੱਚ ਆਯੋਜਿਤ 18ਵਾਂ ਰਾਜ ਪੱਧਰੀ ਪੁਰਸਕਾਰ 2025 ਸਥਾਨਕ ਲੇਖਕ ਅਸ਼ੋਕ ਭੰਡਾਰੀ ਨੂੰ ਰਾਜ ਆਈਕਨ ਐਵਾਰਡ 2025 ਨਾਲ ਮੁੱਖ ਮਹਿਮਾਨ ਮਨਜੀਤ ਸਿੰਘ ਬਰਾੜ (ਮੰਡਲ ਕਮਿਸ਼ਨਰ ਫਰੀਦਕੋਟ), ਡਾ. ਗੁਰਚਰਨ ਕੌਰ ਕੋਚਰ ਤੇ ਇਕਬਾਲ ਸਿੰਘ ਸਹੋਤਾ ਨੇ ਸਨਮਾਨਿਤ ਕੀਤਾ।ਵਾਤਾਵਰ2 ਸੰਭਾਲ, ਤੇ ਸਿੱਖਿਆ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਬਦਲੇ ਪ੍ਰਦਾਨ ਕੀਤੇ ਗਏ. ਇਸ ਐਵਾਰਡ ਬਦਲੇ ਧੰਨਵਾਦ ਕਰਦਿਆਂ ਭੰਡਾਰੀ ਨੇ ਕਿਹਾ ਕਿ ਇਹ ਸਟੇਟ ਐਵਾਰਡ ਉਹਨਾਂ ਲਈ ਜ਼ਿੰਦਗੀ ਦਾ ਬਹੁਤ ਹੀ ਕੀਮਤੀ ਸਨਮਾਨ ਹੈ।

# ਡੇਂਗੂ ਤੋਂ ਬਾਅਦ ਚਿਕਨਗੁਨੀਆ ਦੀ ਦਸਤਕ, ਜ਼ਿਲ੍ਹੇ 'ਚ ਡੇਂਗੂ ਦੇ 214, ਜਦਕਿ ਚਿਕਨਗੁਨੀਆ ਦੇ 42 ਮਰੀਜ਼

ਬਠਿੰਡਾ, 31 ਅਕਤੂਬਰ (ਦੀਪਕ ਸ਼ਰਮਾ) :ਜ਼ਿਲ੍ਹੇ ਵਿੱਚ ਡੇਂਗੂ ਦੇ ਨਾਲ ਚਿਕਨਗੁਨੀਆ ਨੇ ਵੀ ਦਸਤਕ ਦੇ ਦਿੱਤੀ ਹੈ। ਬਠਿੰਡਾ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਤੱਕ ਡੇਂਗੂ ਦੇ 214 ਮਾਮਲੇ ਸਾਹਮਣੇ ਆ ਚੁੱਕੇ ਹਨ। ਉੱਥੇ ਹੀ ਚਿਕਨਗੁਨੀਆ ਦੇ 42 ਮਰੀਜ਼ ਸਾਹਮਣੇ ਆ ਗਏ ਹਨ। ਡੇਂਗੂ ਦੇ ਲਗਾਤਾਰ ਵੱਧ ਰਹੇ ਮਾਮਲਿਆਂ ਅਤੇ ਚਿਕਨਗੁਨੀਆ ਦੀ ਦਸਤਕ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਲਈ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ।ਜ਼ਿਲ੍ਹਾ ਸਿਹਤ ਵਿਭਾਗ ਨੇ ਉਨ੍ਹਾਂ ਖੇਤਰਾਂ ਨੂੰ ਚਿੰਨ੍ਹਿਤ ਕੀਤਾ ਜਿੱਥੋਂ ਡੇਂਗੂ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਸਿਹਤ ਵਿਭਾਗ ਨੇ ਹੁਣ ਬਠਿੰਡਾ ਜ਼ਿਲ੍ਹੇ ਵਿੱਚ ਕਈ ਖੇਤਰਾਂ ਨੂੰ ਡੇਂਗੂ ਦੇ ਲਿਹਾਜ਼ ਨਾਲ ਹੌਟ ਸਪੌਟ ਘੋਸ਼ਿਤ ਕਰ ਦਿੱਤਾ ਹੈ। ਵਿਭਾਗ ਨੇ ਨਗਰ ਨਿਗਮ ਨੂੰ ਇਨ੍ਹਾਂ ਇਲਾਕਿਆਂ ਵਿੱਚ ਨਿਯਮਿਤ ਫੌਗਿੰਗ ਕਰਨ ਲਈ ਕਿਹਾ ਹੈ, ਕਿਉਂਕਿ ਡੇਂਗੂ ਅਤੇ ਚਿਕਨਗੁਨੀਆ ਵਾਇਰਸ ਇੱਕੋ ਸਮੇਂ ਵੀ ਫੈਲ ਸਕਦੇ ਹਨ, ਜਿਸ ਨਾਲ ਲਾਗ ਵੱਧ ਰਹੀ ਹੈ। ਦੋਵਾਂ ਵਾਇਰਸਾਂ ਦੇ ਸਹਿ-ਲਾਗ ਦੇ ਮਾਮਲੇ ਵੀ ਸਾਹਮਣੇ ਆਏ ਹਨ, ਅਤੇ ਪ੍ਰਭਾਵਿਤ ਮਰੀਜ਼ਾਂ ਵਿੱਚ ਬੁਖਾਰ ਅਤੇ ਚਮੜੀ ਦੇ ਧੱਫੜ ਵਰਗੇ ਲੱਛਣ ਦੇਖੇ ਗਏ ਹਨ।ਇਸੇ ਦੌਰਾਨ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਤਪਿੰਦਰਜੋਤ ਦੇ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਊਸ਼ਾ ਗੋਇਲ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਡੇਂਗੂ ਵਿਰੋਧੀ ਸਰਗਰਮੀਆਂ ਕੀਤੀਆਂ ਗਈਆਂ। ਇਸ ਦੌਰਾਨ ਐਂਟੀ-ਲਾਰਵਾ ਟੀਮਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਕੰਟੇਨਰਾਂ ਜਿਵੇਂ ਕੂਲਰ, ਟਾਇਰ, ਟੁੱਟੀਆਂ ਬਾਲਟੀਆਂ-ਪਲਾਸਟਿਕ ਦੇ ਡੱਬੇ, ਡਿਸਪੋਜ਼ੇਬਲ ਕੱਪ-ਪਲੇਟਾਂ, ਫਰਿੱਜ ਦੇ ਪਿੱਛੇ ਦੀ ਟਰੇ, ਮਿੱਟੀ ਦੇ ਗਮਲੇ ਅਤੇ ਜਾਨਵਰਾਂ-ਪੰਛੀਆਂ ਦੇ ਪਾਣੀ ਪੀਣ ਵਾਲੇ ਬਰਤਨਾਂ ਆਦਿ ਵਿੱਚ ਮੱਛਰਾਂ ਦੇ ਲਾਰਵਾ ਦੀ ਜਾਂਚ ਕੀਤੀ ਗਈ। ਜਿੱਥੇ ਪਾਣੀ ਜਮ੍ਹਾਂ ਮਿਲਿਆ, ਉੱਥੇ ਪਾਣੀ ਕੱਢ ਦਿੱਤਾ ਗਿਆ ਅਤੇ ਜਿੱਥੇ ਪਾਣੀ ਕੱਢਣਾ ਸੰਭਵ ਨਹੀਂ ਸੀ, ਉੱਥੇ ਲਾਰਵੀਸਾਈਡ ਦਾ ਛਿੜਕਾਅ ਕੀਤਾ ਗਿਆ। ਅੱਜ ਦੀ ਜਾਂਚ ਦੌਰਾਨ ਸ਼ਹਿਰ ਵਿੱਚ ਸਰਵੇ ਟੀਮਾਂ ਨੇ ਘਰਾਂ ਆਦਿ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ ਕਈ ਥਾਵਾਂ ਤੇ ਮੱਛਰਾਂ ਦੇ ਲਾਰਵਾ ਪਾਏ ਗਏ। ਟੀਮਾਂ ਵੱਲੋਂ ਇਨ੍ਹਾਂ ਥਾਵਾਂ ਤੇ ਤੁਰੰਤ ਕਾਰਵਾਈ ਕਰਦੇ ਹੋਏ ਪਾਣੀ ਕੱਢਿਆ ਗਿਆ ਅਤੇ ਲਾਰਵੀਸਾਈਡ ਦਾ ਛਿੜਕਾਅ ਕੀਤਾ ਗਿਆ। ਨਾਲ ਹੀ ਚਲਾਨ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ, ਤਾਂ ਜੋ ਲੋਕਾਂ ਨੂੰ ਜ਼ਿੰਮੇਵਾਰੀ ਨਾਲ ਡੇਂਗੂ ਰੋਕਥਾਮ ਦੇ ਨਿਯਮਾਂ ਦਾ ਪਾਲਣ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।ਇਸ ਦੌਰਾਨ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਆਪਣੇ ਘਰਾਂ, ਸਕੂਲਾਂ ਅਤੇ ਦਫ਼ਤਰਾਂ ਵਿੱਚ ਖਾਲੀ ਬਰਤਨਾਂ ਜਾਂ ਪਾਣੀ ਜਮ੍ਹਾਂ ਹੋਣ ਵਾਲੀਆਂ ਥਾਵਾਂ ਦਾ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਪਾਣੀ ਕੱਢ ਕੇ ਥਾਂ ਨੂੰ ਸਾਫ਼ ਅਤੇ ਸੁੱਕਾ ਰੱਖਣ। ਏਡੀਜ਼ ਮੱਛਰ, ਜੋ ਡੇਂਗੂ ਅਤੇ ਚਿਕਨਗੁਨੀਆ ਫੈਲਾਉਂਦਾ ਹੈ, ਆਮ ਤੌਰ ਤੇ ਸਾਫ਼ ਪਾਣੀ ਵਿੱਚ ਹੀ ਪਲਦਾ ਹੈ, ਇਸ ਲਈ ਪਾਣੀ ਇਕੱਠਾ ਕਰਨ ਵਾਲੇ ਬਰਤਨਾਂ ਦੀ ਸਫਾਈ ਸਭ ਤੋਂ ਪ੍ਰਭਾਵਸ਼ਾਲੀ ਰੋਕਥਾਮੀ ਉਪਾਅ ਹੈ।ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਦੱਸਿਆ ਕਿ ਜ਼ਿਲ੍ਹੇ ਤੋਂ ਲਗਾਤਾਰ ਡੇਂਗੂ ਦੇ ਮਾਮਲੇ ਆ ਰਹੇ ਸਨ। ਸ਼ੁੱਕਰਵਾਰ ਤੱਕ ਡੇਂਗੂ ਦੇ 214 ਮਾਮਲੇ ਸਾਹਮਣੇ ਆ ਚੁੱਕੇ ਹਨ। ਉੱਥੇ ਹੀ ਚਿਕਨਗੁਨੀਆ ਦੇ 42 ਮਰੀਜ਼ ਮਿਲ ਚੁੱਕੇ ਹਨ, ਇਸ ਲਈ ਉਨ੍ਹਾਂ ਇਲਾਕਿਆਂ ਨੂੰ ਹੌਟ ਸਪੌਟ ਘੋਸ਼ਿਤ ਕਰ ਦਿੱਤਾ ਗਿਆ ਹੈ ਅਤੇ ਉੱਥੇ ਚੈਕਿੰਗ ਦੇ ਨਾਲ-ਨਾਲ ਜਾਗਰੂਕ ਵੀ ਕੀਤਾ ਜਾਵੇਗਾ।ਡੇਂਗੂ ਕੰਟਰੋਲ ਲਈ ਸਰਵੇ ਟੀਮਾਂ ਫੀਲਡ ਵਿੱਚ ਉੱਤਰ ਕੇ ਕੰਮ ਕਰ ਰਹੀਆਂ ਹਨ। ਸਰਵੇ ਟੀਮਾਂ ਹੌਟ ਸਪੌਟ ਏਰੀਆ ਵਿੱਚ ਘਰ-ਘਰ ਜਾ ਕੇ ਕੰਟੇਨਰ, ਕੂਲਰ, ਗਮਲਿਆਂ ਅਤੇ ਟੈਂਕੀਆਂ ਦੀ ਜਾਂਚ ਕਰ ਰਹੀਆਂ ਹਨ,

# ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ




ਧੂਰੀ, 31 ਅਕਤੂਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਨੇ ਵਿਦਿਆਰਥੀਆਂ ਨੂੰ ਏਕਤਾ, ਅਖੰਡਤਾ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦਾ ਸੰਦੇਸ਼ ਦਿੱਤਾ। ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਸਰਦਾਰ ਵੱਲਭ ਭਾਈ ਪਟੇਲ ਦੇ ਯੋਗਦਾਨ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ। ਅੰਤ ਵਿੱਚ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਏਕਤਾ ਲਈ ਸਹੁੰ ਚੁੱਕੀ ਗਈ ਅਤੇ ਦੇਸ਼ ਦੀ ਤਰੱਕੀ ਤੇ ਏਕਤਾ ਲਈ ਮਿਲ ਕੇ ਕੰਮ ਕਰਨ ਦਾ ਭਰੋਸਾ ਪ੍ਰਗਟ ਕੀਤਾ। ਇਸ ਮੌਕੇ ਡਾ. ਰਾਕੇਸ਼ ਕੁਮਾਰ ਅਤੇ ਡਾ. ਗਗਨਦੀਪ ਸਿੰਘ ਵੀ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



# ਸਿਵਲ ਹਸਪਤਾਲ 'ਚ ਡਾਕਟਰਾਂ ਤੇ ਪੈਰਾ-ਮੈਡੀਕਲ ਸਟਾਫ ਦੀ ਘਾਟ ਕਾਰਨ ਮਰੀਜ਼ਾਂ ਨੂੰ ਹੋਣਾ ਪੈਂਦਾ ਖੱਜਲ ਖੁਆਰ

➢13 ਡਾਕਟਰ ਤੇ ਪੈਰਾ-ਮੈਡੀਕਲ ਸਟਾਫ ਇੱਕੋ ਦਿਨ ਬਦਲੇ

➢ਰੋਜ਼ਾਨਾ 800 ਤੋਂ 1000 ਦੀ ਹੁੰਦੀ ਹੈ ਓ.ਪੀ.ਡੀ



ਸਮਾਣਾ, 31 ਅਕਤੂਬਰ (ਵਿਜੇ ਕੁਮਾਰ) : ਸਿਵਲ ਹਸਪਤਾਲ 'ਚ ਡਾਕਟਰਾਂ ਤੇ ਪੈਰਾਮੈਡੀਕਲ ਸਟਾਫ ਦਾ ਪਿਛਲੇ ਮਹੀਨੇ ਤਬਾਦਲਾ ਹੋਣ ਤੋਂ ਬਾਅਦ ਡਾਕਟਰਾਂ ਤੇ ਪੈਰਾਮੈਡੀਕਲ ਸਟਾਫ ਦੀ ਘਾਟ ਕਾਰਨ ਮਰੀਜ਼ਾਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੋਜ਼ਾਨਾ ਇਲਾਜ ਕਰਵਾਉਣ ਲਈ ਹਸਪਤਾਲ 'ਚ ਆਉਂਦੇ ਮਰੀਜ਼ ਬਿਨਾਂ ਇਲਾਜ ਕਰਵਾਏ ਵਾਪਸ ਜਾਣ ਲਈ ਮਜਬੂਰ ਹਨ ਜਾਂ ਕਈ-ਕਈ ਦਿਨ ਹਸਪਤਾਲ ਵਿਚ ਚੱਕਰ ਕੱਟਦੇ ਰਹਿੰਦੇ ਹਨ। ਹਸਪਤਾਲ 'ਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਦੋਂਕਿ ਹਸਪਤਾਲ ਵਿਚ ਮਰੀਜ਼ਾਂ ਦੀ ਰੋਜ਼ਾਨਾ ਓ.ਪੀ.ਡੀ. 800 ਤੋਂ 1000 ਤੱਕ ਹੈ। ਵੱਖ-ਵੱਖ ਪਿੰਡਾਂ ਤੋਂ ਇਲਾਜ ਲਈ ਆਏ ਮਰੀਜ਼ਾਂ ਨੇ ਦੱਸਿਆ ਕਿ ਹਸਪਤਾਲ 'ਚੋਂ 13 ਡਾਕਟਰਾਂ ਤੇ ਪੈਰਾਮੈਡੀਕਲ ਸਟਾਫ ਦੀ ਇਕੋ ਦਿਨ ਬਦਲੀ ਹੋਣ ਕਰਕੇ ਦਿਲ ਦੇ ਰੋਗਾਂ, ਸਰਜਨ, ਅੱਖਾਂ, ਦੰਦਾਂ, ਮੈਡੀਸਨ, ਬੇਹੋਸ਼ੀ ਤੇ ਗਾਇਨੀ ਮਾਹਿਰ ਡਾਕਟਰਾਂ ਦੀਆਂ ਸੀਟਾਂ ਖਾਲੀ ਹੋ ਗਈਆਂ ਹਨ। ਇਨ੍ਹਾਂ ਦੀ ਥਾਂ ਡੈਪੂਟੇਸ਼ਨ 'ਤੇ ਤਿੰਨ-ਤਿੰਨ ਦਿਨਾਂ ਲਈ ਡਾਕਟਰ ਜੋ ਤਾਇਨਾਤ ਕੀਤੇ ਗਏ ਹਨ। ਉਹ ਰੋਜ਼ਾਨਾ ਇਲਾਜ ਲਈ ਮਰੀਜ਼ਾਂ ਨੂੰ ਪੂਰੀ ਤਰ੍ਹਾਂ ਦਵਾਈ ਨਹੀਂ ਦੇ ਸਕਦੇ, ਕਿਉਂਕਿ ਜਦੋਂ ਉਨ੍ਹਾਂ ਨੂੰ ਦਵਾਈ ਦੇਣ ਲਈ ਡਾਕਟਰਾਂ ਵੱਲੋਂ ਐਕਸਰੇ ਜਾਂ ਹੋਰ ਟੈਸਟ ਕਰਵਾਉਣ ਲਈ ਕਿਹਾ ਜਾਂਦਾ ਹੈ, ਤਾਂ ਰਿਪੋਰਟਾਂ ਦੀ ਉਡੀਕ 'ਚ ਮਰੀਜ਼ ਉਲਝ ਕੇ ਡਾਕਟਰਾਂ ਨਾਲ ਤਾਲਮੇਲ ਨਹੀਂ ਕਰ ਪਾਉਂਦਾ, ਜਿਸ ਕਰਕੇ ਮਰੀਜ਼ਾਂ ਨੂੰ ਸਮਾਣਾ-ਪਟਿਆਲਾ ਦੇ ਸਰਕਾਰੀ ਤੇ ਨਿਜੀ ਹਸਪਤਾਲਾਂ 'ਚ ਮਹਿੰਗਾ ਇਲਾਜ ਕਰਵਾਉਣਾ ਪੈਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਓ.ਪੀ.ਡੀ. ਦੀ ਪਰਚੀ ਕਟਵਾਉਣ ਲਈ 4-5 ਕਾਊਂਟਰ ਬਣੇ ਹੋਣ ਦੇ ਬਾਵਜੂਦ ਇਕ ਕਾਊਂਟਰ 'ਤੇ ਹੀ ਪਰਚੀ ਕੱਟੀ ਜਾਂਦੀ ਹੈ, ਜਿਸ ਕਾਰਨ ਮਰੀਜ਼ਾਂ ਨੂੰ ਕਈ-ਕਈ ਘੰਟੇ ਲਾਇਨਾਂ ਵਿਚ ਖੜਨਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਸਿਵਲ ਹਸਪਤਾਲ ਨੂੰ ਬਾਦਸ਼ਾਹਪੁਰ-ਸੁਤਰਾਣਾ, ਖਨੌਰੀ.ਪਾਤੜਾਂ, ਮੂਣਕ ਤੇ ਹਰਿਆਣਾ ਦੇ ਕੈਂਥਲ ਜਿਲ੍ਹੇ ਨਾਲ ਸੰਬਧਿਤ ਸੈਂਕੜੇਂ ਪਿੰਡਾਂ ਤੇ ਸ਼ਹਿਰਾਂ ਦੇ ਮਰੀਜ਼ ਇਲਾਜ ਲਈ ਆਉਂਦੇ ਹਨ। ਅਤੇ ਹਰ ਮਹੀਨੇ 125 ਤੋਂ 150 ਜੱਚਾ-ਬੱਚਾ ਕੀਤੇ ਜਾਂਦੇ ਹਨ। ਇਨ੍ਹਾਂ ਮਰੀਜ਼ਾ ਦੀ ਦੇਖ ਭਾਲ ਲਈ ਡਾਕਟਰਾਂ ਤੇ ਸਟਾਫ ਦੀ ਘਾਟ ਹੋਣਾ ਸਰਕਾਰ ਦੀ ਲੋਕਾਂ ਨੂੰ ਸਿਹਤ ਸੁਵਿਧਾਵਾਂ ਦੇਣ ਦੇ ਕੀਤੇ ਵਾਅਦੇ ਤੇ ਪ੍ਰਸ਼ਨ ਚਿੰਨ੍ਹ ਹੈ। ਇਸ ਸੰਬਧੀ ਐਸ.ਐਮ.ਓ ਡਾਕਟਰ ਹਰਪਿੰਦਰ ਸਿੰਘ ਨੇ ਹਸਪਤਾਲ 'ਚ ਡਾਕਟਰਾਂ ਤੇ ਸਟਾਫ ਦੀ ਘਾਟ ਹੋਣ ਦੀ ਪੁਸ਼ਟੀ ਕਰਦਿਆਂ ਦੱਸਿਆਂ ਕਿ 29 ਸਟਾਫ ਨਰਸਾਂ 'ਚੋਂ 23 ਸੀਟਾਂ ਖਾਲੀ ਹਨ। ਉਪਰੋਕਤ ਮਾਹਿਰ ਡਾਕਟਰਾਂ 'ਚੋਂ ਦਿਲ ਦੇ ਰੋਗਾਂ,ਸਰਜਨ ਦਾ ਕੋਈ ਡਾਕਟਰ ਨਹੀਂ। ਜੋ ਡਾਕਟਰ ਡੈਪੂਟੇਸ਼ਨ ਤੇ ਡਿਊਟੀ ਕਰ ਰਹੇ ਹਨ, ਉਨਾਂ ਦੀ ਘਾਟ ਨੂੰ ਪੂਰਾ ਕਰਨ ਲਈ ਪੱਤਰ ਭੇਜਿਆ ਹੈ।

# ਪਟਿਆਲਾ ਪੁਲਿਸ ਨੇ ਰਾਸ਼ਟਰੀ ਏਕਤਾ ਦਿਵਸ ਮੌਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕਰਵਾਈ ਦੌੜ

➢ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਤੇ ਡੀਆਈਜੀ ਕੁਲਦੀਪ ਸਿੰਘ ਚਾਹਲ ਨੇ ਬੂਟੇ ਲਗਾਏ ਤੇ 'ਰਨ ਫ਼ਾਰ ਯੂਨਿਟੀ' ਨੂੰ ਦਿਖਾਈ ਹਰੀ ਝੰਡੀ

➢ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਦੀ 150ਵੀਂ ਜੈਯੰਤੀ 'ਤੇ ਸ਼ਰਧਾਂਜਲੀ ਅਰਪਿਤ




ਪਟਿਆਲਾ, 31 ਅਕਤੂਬਰ (ਰੁਪਾਣਾ/ਵਿਨੋਦ ਸ਼ਰਮਾ) : ਪਟਿਆਲਾ ਪੁਲਿਸ ਨੇ ਅੱਜ ਰਾਸ਼ਟਰੀ ਏਕਤਾ ਦਿਵਸ ਮੌਕੇ 'ਰਨ ਫ਼ਾਰ ਯੂਨਿਟੀ' ਦਾ ਆਯੋਜਨ ਉਤਸ਼ਾਹ ਨਾਲ ਕਰਵਾਇਆ। ਇਸ 'ਰਨ ਫ਼ਾਰ ਯੂਨਿਟੀ' ਦੌਰਾਨ ਪੁਲਿਸ ਲਾਈਨ ਕੰਪਲੈਕਸ ਵਿੱਚ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਅਤੇ ਡੀ.ਆਈ.ਜੀ. ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਬੂਟੇ ਲਗਾਏ ਅਤੇ ਵਾਤਾਵਰ ਦੀ ਸੰਭਾਲ ਦਾ ਸੁਨੇਹਾ ਦਿੱਤਾ।ਉਨ੍ਹਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਮਨੁੱਖਤਾ ਦਾ ਸੁਨੇਹਾ ਅੱਗੇ ਵਧਾਉਣ ਲਈ ਕਰਵਾਈ ਗਈ ਦੌੜ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਦੀ 150ਵੇਂ ਜਨਮਦਿਨ ਦੀ ਜਯੰਤੀ ਮੌਕੇ ਐਸ.ਐਸ.ਪੀ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਪੀ. ਸਥਾਨਕ ਵੈਭਵ ਚੌਧਰੀ ਦੀ ਅਗਵਾਈ ਹੇਠ ਕਰਵਾਏ 'ਰਨ ਫ਼ਾਰ ਯੂਨਿਟੀ' ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ, ਸਕੂਲ ਦੇ ਬੱਚਿਆਂ, ਵਿਦਿਆਰਥੀਆਂ, ਪੁਲਿਸ ਅਧਿਕਾਰੀਆਂ ਅਤੇ ਜਵਾਨਾਂ ਨੇ ਵੱਡੇ ਜਜ਼ਬੇ ਨਾਲ ਹਿੱਸਾ ਲੈਂਦਿਆਂ ਦੇਸ਼ ਦੇ ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ 'ਤੇ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਏਕਤਾ ਲਈ ਦੌੜ ਵਰਗੇ ਸਮਾਰੋਹ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਬਣਾਉਣ ਦਾ ਸੁਨੇਹਾ ਦੇਂਦੇ ਹਨ। ਡੀ.ਆਈ.ਜੀ. ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਨੌਜਵਾਨਾਂ ਨੂੰ ਸਰਦਾਰ ਪਟੇਲ ਦੇ ਆਦਰਸ਼ਾਂ ਅਤੇ ਯੋਗਦਾਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ। ਪ੍ਰੋਗਰਾਮ ਦੀ ਸਫਲਤਾ ਲਈ ਸਮਾਜ ਸੇਵੀ ਸੰਸਥਾਵਾਂ 'ਯੂਥ ਫੈਡਰੇਸ਼ਨ ਆਫ ਇੰਡੀਆ' ਅਤੇ 'ਪਾਵਰ ਹਾਊਸ ਯੂਥ ਕਲੱਬ' ਨੇ ਵਿਸ਼ੇਸ਼ ਸਹਿਯੋਗ ਦਿੱਤਾ। ਨੌਜਵਾਨਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਸਹੁੰ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਚੁਕਾਈ।ਇਸ ਮੌਕੇ ਐਸ.ਪੀ. ਸਥਾਨਕ ਵੈਭਵ ਚੌਧਰੀ ਅਤੇ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ ਮਾਵੀ, ਡੀ.ਐਸ.ਪੀ. ਜੰਗਜੀਤ ਸਿੰਘ ਰੰਧਾਵਾ, ਡੀ.ਐਸ.ਪੀ. ਦਿਹਾਤੀ ਹਰਸਿਮਰਨ ਸਿੰਘ, ਡੀ.ਐਸ.ਪੀ. ਨਾਭਾ ਮਨਦੀਪ ਕੌਰ ਚੀਮਾ, ਸਟੇਟ ਐਵਾਰਡੀ ਪਰਮਿੰਦਰ ਭਲਵਾਨ (ਮੈਂਬਰ, ਨਸ਼ਾ ਮੁਕਤ ਭਾਰਤ ਅਭਿਆਨ), ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ (ਮੈਂਬਰ, ਨਸ਼ਾ ਮੁਕਤ ਭਾਰਤ ਅਭਿਆਨ), ਐੱਸ.ਐਚ.ਓ. ਥਾਣਾ ਤ੍ਰਿਪੜੀ ਇੰਸਪੈਕਟਰ ਸੁਖਵਿੰਦਰ ਸਿੰਘ, ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਸੁਖਜਿੰਦਰ ਸਿੰਘ, ਇੰਸਪੈਕਟਰ ਜਸਪ੍ਰੀਤ ਕੌਰ ਤੇ ਤਰੁਨਦੀਪ ਕੌਰ ਚਾਹਲ, ਐੱਸ.ਐਚ.ਓ. ਥਾਣਾ ਬਖ਼ਸ਼ੀ ਵਾਲਾ ਨੇ ਭਾਗ ਲਿਆ।

# ਧੰਨ-ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਮਨਾਇਆ

➢ਹਰਿ ਸਹਾਇ ਸੇਵਾ ਦਲ ਨੇ ਬੱਚਿਆਂ ਦੇ ਦੰਦਾਂ ਦੀ ਕੀਤੀ ਜਾਂਚ



ਪਟਿਆਲਾ, 31 ਅਕਤੂਬਰ (ਚ.ਨ.ਸ.) : ਹਰਿ ਸਹਾਇ ਸੇਵਾ ਦਲ ਵੱਲੋਂ ਬਾਬਾ ਬੁੱਢਾ ਜੀ ਜਿਨ੍ਹਾਂ ਨੂੰ ਪਹਿਲੇ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਣ ਪ੍ਰਾਪਤ ਹੋਇਆ ਹੈ ਜਿਨ੍ਹਾਂ ਨੇ ਸੱਤ ਗੁਰੂ ਸਾਹਿਬਾਂ ਨੂੰ ਗੁਰਤਾ ਗੱਦੀ ਦਾ ਤਿਲਕ ਲਗਾਇਆ ਸੀ ਦਾ ਜਨਮ ਦਿਹਾੜਾ ਨਿਵੇਕਲੇ ਢੰਗ ਨਾਲ ਮਨਾਇਆ ਗਿਆ।ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਨਾਮ ਸਿਮਰਨ ਅਤੇ ਭਜਨ ਬੰਦਗੀ ਦੇ ਲੇਖੇ ਲਾਈ । ਹਰ ਸਹਾਇ ਸੇਵਾ ਦਲ ਵੱਲੋਂ ਮਾਤਾ ਗੁਜਰੀ ਸਹਾਰਾ ਟਰੱਸਟ ਕਲਰਭੈਣੀ ਵਿਖੇ ਲੋੜਵੰਦ ਬੱਚਿਆਂ ਨੂੰ ਦੰਦਾਂ ਦੀ ਤਕਲੀਫਾਂ ਦੂਰ ਕਰਨ ਲਈ ਡਾਕਟਰ ਦੀਪ ਸਿੰਘ ਗੁਰੂ ਨਾਨਕ ਦੇਵ ਡੈਂਟਲ ਕੇਅਰ ਦੀ ਟੀਮ ਵੱਲੋਂ ਜਾਂਚ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਮੁਫਤ ਪੇਸਟਾਂ, ਬੁਰਸ਼ ਅਤੇ ਮਾਊਥ ਵਾਸ਼ ਵੰਡੇ ਗਏ। ਇਸ ਦੌਰਾਨ ਚਰਨਪ੍ਰੀਤ ਸਿੰਘ ਰਾਣਾ ਤਹਿਸੀਲਦਾਰ ਮੁੱਖ ਮਹਿਮਾਨ ਵੱਜੋਂ ਪਹੁੰਚੇ ਅਤੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ । ਸਮਾਗਮ ਦੀ ਵਿਸ਼ੇਸ਼ ਭੂਮਿਕਾ ਮਾਤਾ ਸੋਹਣਜੀਤ ਕੌਰ ਨੇ ਨਿਭਾਈ। ਇਸ ਦੌਰਾਨ ਮਹਾਂਪੁਰਖ ਬਾਬਾ ਨਛੱਤਰ ਸਿੰਘ ਜੀ ਕਲਰ ਭੈਣੀ ਵਾਲੇ ਅਤੇ ਸ. ਪਰਮਜੀਤ ਸਿੰਘ ਸਹੌਲੀ , ਬੂਟਾ ਸਿੰਘ , ਨਰਿੰਦਰ ਸਿੰਘ, ਹਰਮਨਪ੍ਰੀਤ ਸਿੰਘ ਅਤੇ ਮਾਤਾ ਗੁਜਰੀ ਸਹਾਰਾ ਟਰੱਸਟ ਦੇ ਸਮੂਹ ਮੈਂਬਰ ਸਾਹਿਬਾਨ ਮੌਜੂਦ ਸਨ।

# ਸਰਦਾਰ ਵੱਲਭ ਭਾਈ ਪਟੇਲ ਦੀ ਜੈਯੰਤੀ ਮੌਕੇ ਕੌਮੀ ਏਕਤਾ ਦਿਵਸ ਮਨਾਇਆ




ਪਟਿਆਲਾ, 31 ਅਕਤੂਬਰ (ਚ.ਨ.ਸ.) : ਮਾਡਲ ਸਕੂਲ ਵਿਖੇ ਅੱਜ ਸਵੇਰ ਦੀ ਸਭਾ ਵਿੱਚ ਸਰਦਾਰ ਵੱਲਭ ਭਾਈ ਪਟੇਲ ਜੀ ਦੇ 150ਵੇਂ ਜਨਮਦਿਨ ਦੇ ਮੌਕੇ ਤੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਉਪਰਾਲਿਆਂ ਸਬੰਧੀ ਜਗਾਰੂਕ ਕੀਤਾ ਗਿਆ । ਇਸ ਮੌਕੇ ਸਕੂਲ ਦੇ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਮੱਲੀ ਵੱਲੋਂ ਅਤੇ ਵਿਦਿਆਰਥੀ ਐਨ.ਸੀ.ਸੀ ਕੈਡਿਟ ਜਤਿਨ ਵੱਲੋਂ ਵਿਦਿਆਰਥੀਆਂ ਨੂੰ ਭਿ ?ਸ਼ਟਾਚਾਰ ਦੇ ਵਿਰੁੱਧ ਲੜਨ ਲਈ ਉਤਸ਼ਾਹਿਤ ਕੀਤਾ । ਸਕੂਲ ਦੇ ਵਿਦਿਆਰਥੀ ਅਨਮੋਲ ਸਿੰਘ ਵੱਲੋਂ ਭਾਰਤ ਸਰਕਾਰ ਵੱਲੋਂ ਭੇਜੀ ਗਈ ਸੌਂਹ ਚੁਕਾਈ ਗਈ। ਇਸ ਮੌਕੇ ਸਕੂਲ ਇੰਚਾਰਜ ਸਤਬੀਰ ਸਿੰਘ ਗਿੱਲ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸਦਾ ਇਮਾਨਦਾਰੀ ਦਾ ਰਸਤਾ ਅਪਣਾਉਣ ਦੀ ਸੇਧ ਦਿੱਤੀ। ਇਸ ਮੌਕੇ ਸਕੂਲ ਦੇ ਨੇੜਲੇ ਪਿੰਡ ਸ਼ੇਖਪੁਰਾ ਜਾ ਕੇ ਵੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜਦ ਰਿਹਾ।

# ਮਹਿੰਦਰਾ ਕਾਲਜ 'ਚ 'ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੇ ਜੀਵਨ ਅਤੇ ਸ਼ਖ਼ਸੀਅਤ' ਵਿਸ਼ੇ 'ਤੇ ਲੈਕਚਰ ਕਰਵਾਇਆ




ਪਟਿਆਲਾ, 31 ਅਕਤੂਬਰ (ਚ.ਨ.ਸ.) : ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ 150 ਸਾਲਾ ਸਫ਼ਰ-ਏ-ਫ਼ਖ਼ਰ ਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਾਲਜ ਦੇ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਦੀ ਰਹਿਨੁਮਾਈ ਹੇਠ ਸਭਾ ਭਵਨ ਵਿਖੇ ਇਤਿਹਾਸ ਵਿਭਾਗ ਵੱਲੋਂ 'ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੇ ਜੀਵਨ ਅਤੇ ਸ਼ਖ਼ਸੀਅਤ' ਵਿਸ਼ੇ ਉਪਰ ਲੈਕਚਰ ਕਰਵਾਇਆ ਗਿਆ। ਇਸ ਲੈਕਚਰ ਲਈ ਮਹਿੰਦਰਾ ਕਾਲਜ ਪਟਿਆਲਾ ਦੇ ਇਤਿਹਾਸ ਵਿਭਾਗ ਦੇ ਮੁਖੀ ਡਾ. ਪੁਨੀਤ ਨੇ ਮੁੱਖ ਬੁਲਾਰੇ ਵਜੋਂ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਉਹਨਾਂ ਸਰਦਾਰ ਵੱਲਭ ਭਾਈ ਪਟੇਲ ਦੀ ਭਾਰਤ ਨੂੰ ਦੇਣ ਬਾਰੇ ਗੱਲ ਕਰਦਿਆਂ ਉਹਨਾਂ ਦੇ ਜੀਵਨ ਦੇ ਅਹਿਮ ਪੱਖਾਂ ਬਾਰੇ ਡੂੰਘੀ ਵਿਚਾਰ ਚਰਚਾ ਕੀਤੀ ਗਈ। ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋ. ਡਾ. ਅਮਰਪ੍ਰੀਤ ਕੌਰ ਨੇ ਬੜੇ ਹੀ ਸੁਚੱਜੇ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਆਈਆਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਨਵਜੋਤ ਸਿੰਘ, ਕਾਲਜ ਕੌਂਸਲ ਮੈਂਬਰ ਪ੍ਰੋਫੈਸਰ ਲਵਲੀਨ ਪਰਮਾਰ, ਇਤਿਹਾਸ ਵਿਭਾਗ ਅਤੇ ਵੱਖ- ਵੱਖ ਵਿਭਾਗਾਂ ਤੋਂ ਪ੍ਰੋਫੈਸਰ ਅਮ੍ਰਿਤਪਾਲ ਸਿੰਘ, ਪ੍ਰੋਫੈਸਰ ਹਰਦੀਪ ਸਿੰਘ, ਪ੍ਰੋਫੈਸਰ ਕੁਲਵਿੰਦਰ ਸਿੰਘ, ਡਾ. ਮੋਨਿਕਾ ਪਰਮਾਰ, ਡਾ. ਹੁਕਮ ਚੰਦ, ਡਾ. ਸੁਵੀਰ ਸਿੰਘ, ਡਾ. ਅਸ਼ੀਸ ਗੋਇਲ, ਪ੍ਰੋਫੈਸਰ ਰਿਤੂਪਰਨ ਕੌਸਲ, ਪ੍ਰੋਫੈਸਰ ਵਿਲਿਅਮਜੀਤ, ਲਾਇਬ੍ਰੇਰੀਅਨ ਸੁਖਵਿੰਦਰ ਨੇ ਸ਼ਮੂਲੀਅਤ ਕੀਤੀ। ਅਖੀਰ ਵਿੱਚ ਇਤਿਹਾਸ ਵਿਭਾਗ ਦੇ ਪ੍ਰੋ. ਡਾ. ਕਿਰਨਜੀਤ ਕੌਰ ਨੇ ਰਸਮੀ ਧੰਨਵਾਦ ਕੀਤਾ।

# ਨਾਭਾ ਕਲੋਨੀ ਵਾਸੀਆਂ ਨੇ ਐਸ.ਡੀ.ਐਮ. ਰੀਚਾ ਗੋਇਲ ਨੂੰ ਦਿੱਤਾ ਮੰਗ ਪੱਤਰ



ਸਮਾਣਾ, 31 ਅਕਤੂਬਰ (ਵਿਜੇ ਕੁਮਾਰ) : ਬੀਤੀ ਕੱਲ੍ਹ ਨਾਭਾ ਕਲੋਨੀ ਸਮਾਣਾ ਵਿੱਚ ਅਵਾਰਾ ਪਸ਼ੂ ਵੱਲੋਂ ਪਰਮਜੀਤ ਸਿੰਘ,ਉਨ੍ਹਾਂ ਦੀ ਧਰਮ ਪਤਨੀ ਅਤੇ ਕੁਝ ਹੋਰ ਵਿਅਕਤੀਆਂ ਨੂੰ ਜ਼ਖ਼ਮੀ ਕੀਤੇ ਜਾਣ ਦੀ ਘਟਨਾ ਤੋਂ ਬਾਅਦ ਪ੍ਰਸ਼ਾਸਨ ਵਿਰੁੱਧ ਰੋਸ ਪ੍ਰਗਟ ਕਰਦਿਆ ਕਲੋਨੀ ਵਾਸੀਆਂ ਨੇ ਐਸ.ਡੀ.ਐਮ ਰੀਚਾ ਗੋਇਲ ਨੂੰ ਮੰਗ ਪੱਤਰ ਦਿੱਤਾ, ਜਿਸ ਵਿੱਚ ਉਨ੍ਹਾਂ ਸ਼ਹਿਰ 'ਚ ਘੁੰਮ ਰਹੇ ਅਵਾਰਾ ਪਸ਼ੂਆਂ ਤੋਂ ਨਜਾਤ ਦਬਾਉਣ ਲਈ ਪੱਕਾ ਹੱਲ ਲੱਭਣ ਦੀ ਮੰਗ ਕੀਤੀ । ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰ 'ਚ ਆਵਾਰਾ ਗਾਵਾਂ ਅਤੇ ਬੱਛੜਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਹਰ ਰੋਜ਼ ਹਾਦਸੇ ਵਾਪਰ ਰਹੇ ਹਨ। ਉਨ੍ਹਾਂ ਪ੍ਰਸ਼ਾਸਨ ਵੱਲੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਡਾ. ਬੀ.ਐਸ. ਸੰਧੂ ਸਕੂਲ ਦੀਆਂ ਲੜਕੀਆਂ ਦੀ ਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਲਈ ਚੋਣ ਹੋਈ



ਦੇਵੀਗੜ੍ਹ, 31 ਅਕਤੂਬਰ (ਗੁਰਜੀਤ ਸਿੰਘ ਢੋਟ) : ਡਾ. ਬੀ.ਐਸ. ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ, ਜੁਲਾਹ ਖੇੜੀ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ, ਜਦੋਂ ਸਕੂਲ ਦੇ ਦੋ ਹੋਣਹਾਰ ਵਿਦਿਆਰਥੀਆਂ ਅਨੂ ਅਤੇ ਗੈਰੀ ਨੇ ਸਟੇਟ ਲੈਵਲ ਕਰਾਟੇ ਚੈਂਪੀਅਨਸ਼ਿਪ ਵਿੱਚ ਸੋਨ ਤਗਮੇ ਜਿੱਤ ਕੇ ਸਕੂਲ ਅਤੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਹੈ। ਇਹ ਸਟੇਟ ਚੈਂਪੀਅਨਸ਼ਿਪ (ਸੈਸ਼ਨ 2025-26) ਗੌਰਮਿੰਟ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਕਰਵਾਈ ਗਈ ਸੀ। ਇਸ ਸ਼ਾਨਦਾਰ ਪ੍ਰਦਰਸ਼ਨ ਨਾਲ, ਅਨੂ ਅਤੇ ਗੈਰੀ ਦੋਵਾਂ ਨੇ ਪੂਨੇ ਵਿੱਚ ਹੋਣ ਵਾਲੀ ਨੈਸ਼ਨਲ ਪੱਧਰ ਦੀ ਕਰਾਟੇ ਚੈਂਪੀਅਨਸ਼ਿਪ ਲਈ ਵੀ ਆਪਣੀ ਥਾਂ ਪੱਕੀ ਕਰ ਲਈ ਹੈ।ਚੇਅਰਮੈਨ ਸ. ਹਰਦੀਪ ਸਿੰਘ ਸੰਧੂ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਨੈਸ਼ਨਲ ਚੈਂਪੀਅਨਸ਼ਿਪ ਲਈ ਅਸੀਂ ਦੋਵਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹਾਂ। ਡਾਇਰੈਕਟਰ ਸ੍ਰੀਮਤੀ ਰਾਜਿੰਦਰ ਕੌਰ ਸੰਧੂ ਨੇ ਇਸ ਸਫਲਤਾ ਦਾ ਸਿਹਰਾ ਵਿਸ਼ੇਸ਼ ਤੌਰ 'ਤੇ ਕਰਾਟੇ ਕੋਚ ਸ. ਰਵਿੰਦਰ ਸਿੰਘ ਅਤੇ ਸਪੋਰਟਸ ਕੋਆਰਡੀਨੇਟਰ ਸ. ਅਵਤਾਰ ਸਿੰਘ ਨੂੰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਸਮਰਥਨ ਸਦਕਾ ਹੀ ਸਾਡੇ ਵਿਦਿਆਰਥੀ ਇਸ ਮੁਕਾਮ 'ਤੇ ਪਹੁੰਚੇ ਹਨ। ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨੇ ਵਿਦਿਆਰਥੀਆਂ, ਕੋਚਿੰਗ ਟੀਮ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਅਨੂ ਤੇ ਗੈਰੀ ਨੂੰ ਨੈਸ਼ਨਲ ਪੱਧਰ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ।ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਅਨੂ ਅਤੇ ਗੈਰੀ ਮੁਬਾਰਕਬਾਦ ਦਿੱਤੀ ਗਈ ।

# ਮਾਈ ਭਾਗੋ ਬ੍ਰਿਗੇਡ ਵੱਲੋਂ ਸ਼ਹੀਦੀ ਕੁਇਜ਼ ਮੁਕਾਬਲਾ 3 ਨੂੰ

ਪਟਿਆਲਾ, 31 ਅਕਤੂਬਰ (ਚ.ਨ.ਸ.) : ਮਾਈ ਭਾਗੋ ਬ੍ਰਿਗੇਡ ਦੀ ਮੁੱਖ ਸੇਵਾਦਾਰਨੀ ਬੀਬੀ ਡਾ.ਕੁਲਵੰਤ ਕੌਰ ਦੀ ਸੂਚਨਾ ਅਨੁਸਾਰ ਧਰਮ, ਹਿੰਦ ਤੇ ਸ੍ਰਿਸ਼ਟੀ ਦੀ ਚਾਦਰ, ਨੌਵੇਂ ਨਾਨਕ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਿਤ ਅਤੇ ਬੰਦੀ ਛੋੜ ਸਤਿਗੁਰੂ ਜੀ ਦੀ ਬੇਮਿਸਾਲ ਬਖਸ਼ਿਸ਼, 52 ਬੰਦੀ ਰਾਜਿਆਂ ਦੀ ਰਿਹਾਈ ਸਬੰਧੀ ਇਕ ਪ੍ਰਸ਼ਨੋ ਉਤਰੀ (ਕੁਇਜ਼) ਮੁਕਾਬਲਾ 3 ਨਵੰਬਰ ਸੋਮਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਦਰਜਨ ਭਰ ਸਕੂਲਾਂ ਤੇ ਅਕੈਡਮੀਆਂ ਦੀਆਂ ਟੀਮਾਂ ਸ਼ਮੂਲੀਅਤ ਕਰ ਰਹੀਆਂ ਹਨ। ਮਾਹਿਰਾਂ ਦੀ ਟੀਮ ਇਸ ਨੂੰ ਸਿਰੇ ਚੜ੍ਹਾਏਗੀ। ਜੇਤੂਆਂ ਨੂੰ ਨਕਦੀ, ਪੁਸਤਕਾਂ ਦੇ ਸੈਟ ਤੇ ਹੋਰ ਇਨਾਮ ਵੀ ਦਿੱਤੇ ਜਾਣਗੇ।

# ਕਾਂਗਰਸ ਨੇ ਬਲੀਦਾਨ ਦਿਵਸ ਮਨਾਇਆ



ਪਟਿਆਲਾ, 31 ਅਕਤੂਬਰ (ਰੁਪਾਣਾ) : ਅੱਜ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਦਫਤਰ ਵਿਚ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਜੀ ਦੀ ਅਗਵਾਈ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੀ ਟੀਮ ਵੱਲੋਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਬਲੀਦਾਨ ਦਿਵਸ ਮੌਕੇ 'ਤੇ ਓਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ । ਇਸ ਮੌਕੇ ਹਰਵਿੰਦਰ ਸਿੰਘ ਨਿੱਪੀ ਮੈਂਬਰ ਅਤੇ ਸਪੋਕਸਪਰਸਨ ਪੰਜਾਬ ਕਾਂਗਰਸ ਨੇ ਕਿਹਾ ਕਿ ਇੰਦਰਾ ਗਾਂਧੀ ਦੇ ਕੀਤੇ ਗਏ ਕੰਮਾਂ ਨੂੰ ਸਾਰਾ ਭਾਰਤ ਹਮੇਸ਼ਾ ਯਾਦ ਰੱਖੇਗਾ। ਓਹਨਾਂ ਨੇ ਭਾਰਤ ਨੂੰ ਗਰੀਬੀ ਵਿੱਚੋਂ ਬਾਹਰ ਕੱਢਣ ਲਈ ਬਹੁਤ ਯਤਨ ਕੀਤੇ। ਇਸ ਮੌਕੇ ਮਹਿੰਦਰ ਸਿੰਘ ਬਡੂੰਗਰ, ਨਰਿੰਦਰ ਕਪੂਰ, ਵਿਨੋਦ ਭਟਨਾਗਰ,ਰਾਕੇਸ਼ ਕੁਮਾਰ ਕੇਸ਼ੀ ਪੰਡਿਤ, ਰਾਕੇਸ਼ ਪੰਡਿਤ , ਵਿਕਾਸ ਸਯਾਲ,ਮਦਨ ਲਾਲ ਭਾਂਬਰੀ,ਰਾਮ ਦਿਆਲ, ਗੌਤਮ ਸਲੂਜਾ, ਦੀਪਕ ਟਿਵਾਣਾ, ਅਜੇ ਹੰਸ, ਸਾਹਿਲ ਵਰਮਾ, ਸਾਹਿਲ ਸ਼ਾਹ, ਸ਼ੰਕਰ ਹੰਸ, ਵਿਕੀ , ਦੀਪ ਟੰਡਨ ਆਦਿ ਵਰਕਰ ਅਤੇ ਅਹੁਦੇਦਾਰ ਸਹਿਬਾਨ ਹਾਜ਼ਰ ਰਹੇ।

# ਐਲ.ਐਂਡ.ਟੀ. ਨਾਲ ਮੀਟਿੰਗ ਦੌਰਾਨ ਮੇਅਰ ਨੇ ਦਿੱਤੇ ਵਿਕਾਸ ਕਾਰਜਾਂ ਨੂੰ ਗਤੀ ਦੇਣ ਦੇ ਹੁਕਮ



ਪਟਿਆਲਾ, 31 ਅਕਤੂਬਰ (ਰੁਪਾਣਾ) : ਨਗਰ ਨਿਗਮ ਪਟਿਆਲਾ ਵੱਲੋਂ ਐਲ ਐਂਡ ਟੀ ਕੰਪਨੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਮੇਅਰ ਕੁੰਦਨ ਗੋਗੀਆ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ, ਜਿਸ ਵਿੱਚ ਸ਼ਹਿਰ ਦੇ ਚਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਮੇਅਰ ਨੇ ਸਪੱਸ਼ਟ ਹੁਕਮ ਦਿੱਤੇ ਕਿ ਹਰ ਪ੍ਰੋਜੈਕਟ ਦੀ ਗੁਣਵੱਤਾ ਤੇ ਸਮੇਂ ਦੀ ਪਾਬੰਦੀ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਪਟਿਆਲਾ ਵਾਸੀਆਂ ਨੂੰ ਸੁਵਿਧਾਜਨਕ ਬੁਨਿਆਦੀ ਸਹੂਲਤਾਂ ਮਿਲ ਸਕਣ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਸਿਹਤ ਮੰਤਰੀ ਡਾ. ਬਲਵੀਰ ਸਿੰਘ ਦੇ ਪੁੱਤਰ ਰਾਹੁਲ ਸੈਣੀ, ਐਮ.ਸੀ. ਜਸਬੀਰ ਗਾਂਧੀ, ਐਮ.ਸੀ. ਜਸਵੰਤ ਸਿੰਘ, ਐਮ.ਸੀ. ਮੁਕਤਾ ਗੁਪਤਾ, ਐਮ.ਸੀ. ਦਵਿੰਦਰ ਕੌਰ, ਐਮ.ਸੀ. ਮਨਦੀਪ ਵਿਰਦੀ, ਐਮ.ਸੀ. ਦੀਪਕ ਮਿੱਤਲ, ਐਮ.ਸੀ. ਰੁਪਾਲੀ ਗਰਗ, ਐਮ.ਸੀ. ਗੁਰਕਿਰਪਾਲ ਸਿੰਘ, ਚਰਨਜੀਤ ਸਿੰਘ (ਐਸ.ਕੇ.), ਦਵਿੰਦਰ ਗੋਲਡੀ, ਭੁਪਿੰਦਰ ਸਿੰਘ, ਦੇਸ਼ ਦੀਪਕ, ਕਰਨਲ ਜੇ.ਵੀ. ਸਿੰਘ ਅਤੇ ਬਲਾਕ ਪ੍ਰਧਾਨ ਓਮ ਪ੍ਰਕਾਸ਼ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਮੀਟਿੰਗ ਦੌਰਾਨ ਐਲ ਐਂਡ ਟੀ ਕੰਪਨੀ ਦੇ ਪ੍ਰਤਿਨਿਧੀਆਂ ਵੱਲੋਂ ਸ਼ਹਿਰ ਵਿੱਚ ਚੱਲ ਰਹੀਆਂ ਸੜਕਾਂ ਦੀ ਰੀਕਾਰਪੇਟਿੰਗ, ਸੀਵਰੇਜ਼ ਪ੍ਰਬੰਧਨ ਅਤੇ ਪਾਣੀ ਸਪਲਾਈ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਗਈ। ਮੇਅਰ ਨੇ ਕਿਹਾ ਕਿ ਸ਼ਹਿਰ ਦੇ ਹਰ ਇਲਾਕੇ ਵਿੱਚ ਵਿਕਾਸ ਕਾਰਜਾਂ ਦੀ ਗੁਣਵੱਤਾ 'ਤੇ ਕਿਸੇ ਵੀ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਟੈਕਸ ਦਾ ਹਰੇਕ ਪੈਸਾ ਲੋਕਾਂ ਦੇ ਹੀ ਹਿੱਤ ਵਿੱਚ ਵਰਤਿਆ ਜਾਵੇਗਾ।ਮੇਅਰ ਗੋਗੀਆ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਉਹ ਮੈਦਾਨੀ ਪੱਧਰ 'ਤੇ ਜਾ ਕੇ ਨਿਗਰਾਨੀ ਕਰਨ ਤੇ ਜਿੱਥੇ ਵੀ ਕੰਮ ਧੀਮਾ ਹੈ, ਉੱਥੇ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਨਗਰ ਨਿਗਮ ਦੀ ਪ੍ਰਾਥਮਿਕਤਾ ਹੈ। ਮੀਟਿੰਗ ਦੇ ਅੰਤ ਵਿੱਚ ਸਾਰੇ ਹਾਜ਼ਰ ਕੌਂਸਲਰਾਂ ਨੇ ਮੇਅਰ ਦਾ ਧੰਨਵਾਦ ਕੀਤਾ ਅਤੇ ਵਿਸ਼ਵਾਸ ਜਤਾਇਆ ਕਿ ਇਸ ਤਰ੍ਹਾਂ ਦੀਆਂ ਨਿਯਮਤ ਸਮੀਖਿਆ ਮੀਟਿੰਗਾਂ ਨਾਲ ਪਟਿਆਲਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੇਗੀ।

# ਖ਼ਾਲਸਾ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮੌਕੇ ਵਿਸ਼ੇਸ਼ ਪ੍ਰੋਗਰਾਮ



ਪਟਿਆਲਾ, 31 ਅਕਤੂਬਰ (ਰੁਪਾਣਾ) : ਆਜ਼ਾਦੀ ਸੰਗਰਾਮੀ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਰਾਸ਼ਟਰੀ ਏਕਤਾ ਦਿਵਸ ਵਜੋਂ ਉਜਾਗਰ ਕਰਨ ਦੇ ਮੌਕੇ 'ਤੇ ਖ਼ਾਲਸਾ ਕਾਲਜ ਪਟਿਆਲਾ ਵਿਖੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਰਾਹੀਂ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ, ਸਮਾਜਿਕ ਸਹਿਣਸ਼ੀਲਤਾ ਅਤੇ ਭਾਈਚਾਰੇ ਦੇ ਮਹੱਤਵ ਬਾਰੇ ਜਾਗਰੂਕਤਾ ਪ੍ਰਦਾਨ ਕੀਤੀ ਗਈ। ਰਾਜਨੀਤਿਕ ਵਿਗਿਆਨ ਵਿਭਾਗ ਦੇ ਮੁਖੀ ਡਾ. ਜਗਤਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਯਾਦ ਦਿਵਾਇਆ ਕਿ ਸਰਦਾਰ ਪਟੇਲ ਨੇ ਆਜ਼ਾਦੀ ਤੋਂ ਬਾਅਦ 562 ਰਿਆਸਤਾਂ ਨੂੰ ਇੱਕ ਸੂਤਰ ਵਿੱਚ ਪਰੋ ਕੇ ਭਾਰਤ ਨੂੰ ਅਖੰਡ ਅਤੇ ਅਟੁੱਟ ਬਣਾਇਆ। ਉਹਨਾਂ ਨੇ ਜ਼ੋਰ ਦਿੱਤਾ ਕਿ ਵਰਤਮਾਨ ਸੰਦਰਭ ਵਿੱਚ ਵੀ ਧਾਰਮਿਕ, ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾ ਵਿੱਚ ਏਕਤਾ ਹੀ ਦੇਸ਼ ਦੀ ਅਟੱਲ ਤਾਕਤ ਹੈ। ਡਾ. ਜਗਤਾਰ ਸਿੰਘ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਵੰਡਣ ਵਾਲੀਆਂ ਸ਼ਕਤੀਆਂ ਨੂੰ ਨਾਕਾਮ ਬਣਾਉਣ ਲਈ ਏਕਤਾ ਦੇ ਬੀਜ ਬੀਜਣ। ਇਸੇ ਮੌਕੇ ਡਿਪਟੀ ਪ੍ਰਿੰਸੀਪਲ ਡਾ. ਜਸਲੀਨ ਕੌਰ ਨੇ ਕਿਹਾ ਕਿ ਨੌਜਵਾਨ ਵਰਗ ਨੂੰ ਰੋਜ਼ਾਨਾ ਜੀਵਨ ਵਿੱਚ ਸਹਿਣਸ਼ੀਲਤਾ ਅਤੇ ਭਾਈਚਾਰੇ ਨੂੰ ਅਪਣਾ ਕੇ ਭਾਰਤੀ ਤਹਜ਼ੀਬ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਪ੍ਰੋਗਰਾਮ ਦੇ ਸਮਾਪਤੀ 'ਤੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦੀ ਸੌਂਹ ਚੁਕਾਈ ਗਈ। ਜਿਸ ਵਿੱਚ ਉਹਨਾਂ ਨੇ ਪ੍ਰਣ ਕੀਤਾ ਕਿ ਉਹ ਸਰਹੱਦਾਂ, ਵਿਚਾਰਧਾਰਾਵਾਂ ਅਤੇ ਵਿਭਿੰਨਤਾਵਾਂ ਤੋਂ ਉੱਪਰ ਉੱਠ ਕੇ ਦੇਸ਼ ਭਗਤੀ ਨੂੰ ਪ੍ਰਥਮਤਾ ਦੇਣਗੇ। ਇਹ ਸੌਂਹ ਨਾ ਸਿਰਫ਼ ਭਾਵੁਕ ਸੀ, ਸਗੋਂ ਵਿਦਿਆਰਥੀਆਂ ਵਿੱਚ ਰਾਸ਼ਟਰੀ ਭਾਵਨਾ ਨੂੰ ਜਗਾਉਣ ਵਾਲੀ ਵੀ ਸੀ। ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਇਸ ਬਾਰੇ ਜਾਰੀ ਬਿਆਨ ਵਿੱਚ ਜ਼ੋਰ ਦਿੱਤਾ ਕਿ ਕਾਲਜ ਨੌਜਵਾਨਾਂ ਨੂੰ ਐੱਨ.ਐੱਸ.ਐੱਸ. ਰਾਹੀਂ ਦੇਸ ਸੇਵਾ ਅਤੇ ਰਾਸ਼ਟਰੀ ਮੁੱਲਾਂ ਨਾਲ ਜੋੜਨ ਲਈ ਵਚਨਬੱਧ ਹੈ। ਇਸ ਮੌਕੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਡਾ. ਸਪਨਾ ਅਤੇ ਡਾ. ਦਵਿੰਦਰ ਸਿੰਘ ਤੋਂ ਇਲਾਵਾ ਪ੍ਰੋ. ਗੁਰਵੀਰ ਸਿੰਘ ਅਤੇ ਪ੍ਰੋ. ਸੁਪਨਪ੍ਰੀਤ ਸਿੰਘ ਵੀ ਹਾਜ਼ਰ ਸਨ। ਵਿਦਿਆਰਥੀਆਂ ਕਿਹਾ ਕਿ ਅਜਿਹੇ ਸਮਾਗਮ ਉਹਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਤਿਆਰ ਕਰਦੇ ਹਨ।

# ਡੀ.ਸੀ. ਵੱਲੋਂ ਘਨੁੜਕੀ ਤੇ ਬੌੜਾਂ ਵਿਖੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨਾਲ ਮੁਲਾਕਾਤ



ਨਾਭਾ, 31 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ/ਬਲਜਿੰਦਰ ਮਾਨ) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਨਾਭਾ ਨੇੜਲੇ ਪਿੰਡਾਂ ਘਨੁੜਕੀ ਤੇ ਬੌੜਾਂ ਵਿਖੇ ਬੇਲਰ ਨਾਲ ਪਰਾਲੀ ਬਿਨ੍ਹਾਂ ਅੱਗ ਲਾਏ ਸੰਭਾਲ ਰਹੇ ਕਿਸਾਨਾਂ ਦੀ ਹੌਸਲਾ ਅਫ਼ਜਾਈ ਕੀਤੀ। ਉਨ੍ਹਾਂ ਕਿਹਾ ਕਿ ਇਸ ਵਾਰ ਨਾਭਾ ਇਲਾਕੇ ਦੇ ਕਿਸਾਨਾਂ ਨੇ ਪਿਛਲੀ ਵਾਰ ਤੋਂ ਵੀ ਜਿਆਦਾ ਅੱਗੇ ਆ ਕੇ ਪਰਾਲੀ ਬਿਨ੍ਹਾਂ ਅੱਗ ਲਾਏ ਸੰਭਾਲੀ ਹੈ। ਡਿਪਟੀ ਕਮਿਸ਼ਨਰ ਨੇ ਇਸੇ ਦੌਰਾਨ ਬਿਨ੍ਹਾਂ ਅੱਗ ਲਾਏ ਖੇਤਾਂ ਵਿੱਚ ਕਣਕ ਦੀ ਬਿਜਾਈ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਸਹਿਯੋਗ ਸਦਕਾ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਕਾਫ਼ੀ ਘਟੇ ਹਨ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬੇਲਰ ਮਾਲਕਾਂ ਤੇ ਕਿਸਾਨਾਂ ਅਮਰਿਤ ਸਿੰਘ, ਦਰਸ਼ਨ ਸਿੰਘ ਤੇ ਹਰਜੀਤ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹੋਰ ਕਿਸਾਨ ਵੀ ਵਾਤਾਵਰਨ ਬਚਾਉਣ ਅਤੇ ਪਰਾਲੀ ਨੂੰ ਬਿਨ੍ਹਾਂ ਅੱਗ ਲਾਏ ਸੰਭਾਲਣ ਲਈ ਅੱਗੇ ਆਉਣ ਅਤੇ ਅਜਿਹੇ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਹੱਈਆ ਕਰਵਾਈ ਜਾਵੇਗੀ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਏ.ਡੀ.ਸੀਜ ਤੇ ਐਸ.ਡੀ.ਐਮ, ਡੀ.ਐਸ.ਪੀਜ ਤੇ ਹੋਰ ਟੀਮਾਂ ਸਮੇਤ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਸਾੜਨ ਤੋਂ ਰੋਕਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਅਤੇ ਹਵਾ ਗੁਣਵੱਤਾ ਮੋਨੀਟਰਿੰਗ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਲਗਾਤਾਰ ਕਿਸਾਨਾਂ ਨਾਲ ਰਾਬਤਾ ਬਣਾ ਰਿਹਾ ਹੈ। ਇਸ ਮੌਕੇ ਖੇਤੀਬਾੜੀ ਅਫ਼ਸਰ ਜੁਪਿੰਦਰ ਸਿੰਘ ਗਿੱਲ, ਏ.ਈ.ਓ. ਰਵਿੰਦਰ ਸਿੰਘ ਚੱਠਾ, ਏ.ਡੀ.ਓ. ਜਸਪ੍ਰੀਤ ਸਿੰਘ ਢਿੱਲੋਂ ਵੀ ਮੌਜੂਦ ਸਨ।

# ਗਿਆਨ ਦੀਪ ਸਾਹਿਤ ਸਾਧਨਾ ਮੰਚ ਦੇ ਸਹਿਯੋਗ ਨਾਲ ਕਵੀ ਦਰਬਾਰ ਕਰਵਾਇਆ



ਪਟਿਆਲਾ, 31 ਅਕਤੂਬਰ (ਚ.ਨ.ਸ.) : ਸੀਨੀਅਰ ਸਿਟਿਜ਼ਨ ਵੈਲਫੇਅਰ ਐਸੋਸੀਏਸ਼ਨ, ਪਟਿਆਲਾ ਵੱਲੋਂ ਡਾਕਟਰ ਜੀ ਐਸ ਅਨੰਦ ਦੀ ਅਗਵਾਈ ਵਿੱਚ ਪ੍ਰਸਿੱਧ ਸੰਸਥਾ ਗਿਆਨ ਦੀਪ ਸਾਹਿਤ ਸਾਧਨਾ ਮੰਚ ਦੇ ਸਹਿਯੋਗ ਨਾਲ ਇੱਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਜਿਸ ਵਿੱਚ 10 ਚੋਣਵੇਂ ਕਵੀਆਂ ਨੇ ਆਪਣੇ ਹੁਨਰ ਦਾ ਕਮਾਲ ਵਿਖਾਇਆ ਜਿਨ੍ਹਾਂ ਵਿੱਚ ਸ਼ਾਮਿਲ ਸਨ, ਕੁਲਦੀਪ ਜੋਧਪੁਰੀ, ਜਸਵਿੰਦਰ ਖਾਰਾ, ਬਚਨ ਸਿੰਘ ਗੁਰਮ, ਦਰਸ਼ਨ ਸਿੰਘ ਦਰਸ਼, ਕੁਲਵੰਤ ਸੈਦੋਕੇ, ਬੀ ਪੀ ਐਸ ਧਾਲੀਵਾਲ, ਪਰਵਿੰਦਰ ਸ਼ੋਖ, ਗੁਰਪ੍ਰੀਤ ਢਿੱਲੋਂ, ਡਾਕਟਰ ਜੀ ਐਸ ਅਨੰਦ ਤੇ ਜੀ ਐਸ ਚੰਨ ਪਟਿਆਲਵੀ। ਕਵੀ ਦਰਬਾਰ ਦੇ ਆਰੰਭ ਵਿੱਚ ਐਸੋਸੀਏਸ਼ਨ ਦੇ ਸਕੱਤਰ ਰਕੇਸ਼ ਰੰਚਨ ਨੇ ਪਹੁੰਚੇ ਕਵੀਆਂ ਦਾ ਸਨਮਾਨ ਪੂਰਵਕ ਸਵਾਗਤ ਕੀਤਾ। ਮੀਤ ਪ੍ਰਧਾਨ ਸ੍ਰੀ ਜੋਗਿੰਦਰ ਸਿੰਘ ਮਦਾਨ ਨੇ ਆਏ ਕਵੀਆਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਅਤੇ ਕਵੀ ਦਰਬਾਰ ਦੇ ਆਯੋਜਨ ਲਈ ਗਿਆਨ ਦੀਪ ਸਾਹਿਤ ਸਾਧਨਾ ਮੰਚ ਦਾ ਧੰਨਵਾਦ ਕੀਤਾ।

# ਕਰਾਟੇ 'ਚ ਅੰਡਰ-17 ਪਟਿਆਲਾ ਦੀਆਂ ਖਿਡਾਰਨਾਂ ਦਾ ਸ਼ਾਨਦਾਰ ਪ੍ਰਦਰਸ਼ਨ



ਪਟਿਆਲਾ, 31 ਅਕਤੂਬਰ (ਰੁਪਾਣਾ) : ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ ਅਤੇ ਉਪ ਜਿਲਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਲੜਕੀਆਂ ਦੇ ਅੰਤਰ ਜ਼ਿਲ੍ਹਾ ਕਰਾਟੇ ਮੁਕਾਬਲੇ ਕਰਵਾਏ ਗਏ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਡੀਐਸਸੀ ਡਾ ਦਲਜੀਤ ਸਿੰਘ ਨੇ ਦੱਸਿਆ ਅੰਡਰ 17 ਲੜਕੀਆਂ ਦੇ ਕਰਾਟੇ ਮੁਕਾਬਲੇ ਜਿਲਾਂ ਟੂਰਨਾਮੈਂਟ ਕਮੇਟੀ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਪੀਐਮਸ੍ਰੀ ਸਰਕਾਰੀ ਕੋਐਡ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ। ਅੱਜ ਦੇ ਹੋਏ ਕਰਾਟੇ ਮੁਕਾਬਲੇ ਅੰਡਰ 17 ਲੜਕੀਆਂ ਦੇ ਵਿੱਚ ਜਲੰਧਰ ਨੇ 23 ਅੰਕ ਨਾਲ ਪਹਿਲਾਂ ਸਥਾਨ ਪ੍ਰਾਪਤ ਕਰਕੇ ਓਵਰਆਲ ਟਰਾਫ਼ੀ ਜਿੱਤੀ,ਪਟਿਆਲਾ ਨੇ 21 ਅੰਕਾਂ ਨਾਲ ਦੂਜਾ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੇ 12 ਅੰਕਾਂ ਨਾਲ ਤੀਜਾ ਸਥਾਨ ਕੀਤਾ।ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਤੇ ਨਿਖਿਲ ਹੰਸ ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰਨਾਂ ਨੂੰ ਟਰਾਫ਼ੀ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਤੇ ਅਬਜਰਵਰ ਰਜਨੀਸ਼ ਨੰਦਾ, ਰਾਜੇਸ਼ ਕੁਮਾਰ, ਨਿਖਿਲ ਹੰਸ ਸਿਲੈਕਟਰ,ਅਰਮਾਨ ਸਿੰਘ ਕੋਚ, ਰਾਜੇਸ਼ ਕੁਮਾਰ ਜਲੰਧਰ,ਰਜਿੰਦਰ ਸੈਣੀ, ਗੁਰਪ੍ਰੀਤ ਸਿੰਘ ਝੰਡਾ, ਬਜਰੰਗ ਕੋਚ, ਸੁਰਜੀਤ ਸਿੰਘ ਵਾਲੀਆ ਕੋਚ, ਗੁਰਪਿਆਰ ਸਿੰਘ,ਸ਼ੰਕਰ ਨੇਗੀ, ਹਰਦੀਪ ਸਿੰਘ, ਸੁਰਿੰਦਰਪਾਲ ਸਿੰਘ, ਸਤਵਿੰਦਰ ਸਿੰਘ ਕੋਚ, ਰਕੇਸ਼ ਲਚਕਾਣੀ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਹਰਚੰਦ ਸਿੰਘ ਬਰਸਟ ਵੱਲੋਂ ਤਰਨਤਾਰਨ ਵਿਖੇ 'ਆਪ' ਉਮੀਦਵਾਰ ਸੰਧੂ ਦੇ ਹੱਕ 'ਚ ਚੋਣ ਪ੍ਰਚਾਰ




ਪਟਿਆਲਾ, 31 ਅਕਤੂਬਰ (ਵਿਜੇ ਕੁਮਾਰ/ਜਵੰਦਾ) : ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ, ਜਿਸ ਤੋਂ ਸੂਬਾ ਵਾਸੀ ਬਹੁਤ ਖੁਸ਼ ਹਨ। ਜਿਸਦੇ ਚਲਦਿਆਂ ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ ਹੋਣ ਵਾਲੀ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਵੱਡੇ ਅੰਤਰ ਨਾਲ ਜਿੱਤ ਹਾਸਲ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਵੱਲੋਂ ਤਰਨਤਾਰਨ ਵਿਖੇ ਚੋਣ ਪ੍ਰਚਾਰ ਦੌਰਾਨ ਕੀਤਾ ਗਿਆ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਬਿਹਤਰੀ ਅਤੇ ਸੂਬੇ ਦੇ ਵਿਕਾਸ ਨੂੰ ਹੀ ਤਰਜ਼ੀਹ ਦਿੱਤੀ ਜਾ ਰਹੀ ਹੈ। 'ਆਪ' ਸਰਕਾਰ ਵੱਲੋਂ ਆਪਣੇ ਸਾਢੇ 3 ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤੇ ਗਏ ਹਨ। ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਜਿੱਥੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਉੱਥੇ ਹੀ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ। ਇਸਦੇ ਨਾਲ ਹੀ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਅਤੇ ਮੁਰੰਮਤ ਦੇ ਕਾਰਜ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਸਾਰੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ।

## 62ਵੀਂ ਸਾਲਾਨਾ ਐਥਲੈਟਿਕ ਮੀਟ ਸਫਲਤਾਪੂਰਵਕ ਸੰਪਨ



ਪਟਿਆਲਾ, 31 ਅਕਤੂਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਸਪੋਰਟਸ ਕੰਪਲੈਕਸ ਵਿਖੇ ਕਰਵਾਈ 62ਵੀਂ ਸਾਲਾਨਾ ਐਥਲੈਟਿਕ ਮੀਟ ਸਫਲਤਾਪੂਰਵਕ ਸੰਪੰਨ ਹੋ ਗਈ ਹੈ।ਆਖ਼ਰੀ ਦਿਨ ਜੇਤੂ ਖਿਡਾਰੀਆਂ ਨੂੰ ਮੈਡਲ/ਟਰਾਫੀ ਤਕਸੀਮ ਕਰਨ ਲਈ ਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਨੇ ਬਤੌਰ ਮੁੱਖ ਮਹਿਮਾਨ ਸਿਰਕਤ ਕੀਤੀ। ਰਜਿਸਟਰਾਰ ਡਾ. ਦਵਿੰਦਰ ਪਾਲ ਸਿੰਘ ਅਤੇ ਵਿੱਤ ਅਫਸਰ ਡਾ. ਪਰਮੋਦ ਅਗਰਵਾਲ ਐਥਲੈਟਿਕ ਮੀਟ ਦੇ ਸਮਾਪਨ ਸਮਾਰੋਹ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਮੁੱਖ ਮਹਿਮਾਨ ਡਾ. ਜਸਵਿੰਦਰ ਸਿੰਘ ਬਰਾੜ ਨੇ ਤਿੰਨ ਦਿਨਾਂ ਦੌਰਾਨ ਸੰਬੰਧਿਤ ਈਵੈਂਟ ਵਿਚ ਭਾਗ ਲੈਣ ਵਾਲ਼ੇ ਅਤੇ ਮੈਡਲ ਜਿੱਤਣ ਵਾਲ਼ੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ। ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਅਥਲੈਟਿਕਸ ਮੀਟ ਵਿੱਚ ਮੁਲਤਾਨੀ ਮੱਲ ਮੋਦੀ ਕਾਲਜ ਨੇ ਲੜਕਿਆਂ ਦੇ ਇਵੈਂਟਸ ਵਿੱਚ ਓਵਰਆਲ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਲੜਕੀਆਂ ਦੇ ਸਾਰੇ ਈਵੈਂਟਸ ਵਿੱਚ ਅਕਾਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਮਸਤੂਆਣਾ ਨੇ ਬਾਜ਼ੀ ਮਾਰੀ।

## ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਤੋਂ ਸੰਗਤਾਂ ਦਾ ਜੱਥਾ ਧਾਰਮਿਕ ਯਾਤਰਾ ਲਈ ਦਿੱਲੀ ਰਵਾਨਾ



ਪਟਿਆਲਾ, 31 ਅਕਤੂਬਰ (ਰੁਪਾਣਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਚੱਲ ਰਹੇ ਧਾਰਮਿਕ ਸਮਾਗਮਾਂ ਤਹਿਤ ਅੱਜ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਲਈ ਸੰਗਤਾਂ ਦਾ ਜੱਥਾ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਹਿਬ ਤੋਂ ਰਵਾਨਾ ਕੀਤਾ ਗਿਆ। ਇਸ ਮੌਕੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਵੱਲੋਂ ਕੀਤੀ ਅਰਦਾਸ ਉਪਰੰਤ ਸੰਗਤਾਂ ਨੇ ਬੱਸਾਂ ਰਾਹੀਂ ਦਿੱਲੀ ਵੱਲ ਨੂੰ ਚਾਲੇ ਪਾਏ। ਧਾਰਮਕ ਯਾਤਰਾ ਰਾਹੀਂ ਦਿੱਲੀ ਜਾਣ ਵਾਲੀਆਂ ਸੰਗਤਾਂ ਵਿਚ ਗੁਰੂ ਘਰ ਦੇ ਦਰਸ਼ਨਾਂ ਲਈ ਵੱਡਾ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਜੱਥੇ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੇ ਨਾਲ ਇੱਥੋਂ ਰਵਾਨਗੀ ਪਾਈ। ਇਸ ਮੌਕੇ ਮੈਨੇਜਰ ਭਾਗ ਸਿੰਘ ਤੋਂ ਇਲਾਵਾ ਸਮੂਹ ਸਟਾਫ ਦੇ ਮੈਂਬਰ ਵੀ ਮੌਜੂਦ ਸਨ। ਗੱਲਬਾਤ ਕਰਦਿਆਂ ਹੈਂਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਜਾ ਕੇ ਸ਼ਹਾਦਤ ਦਿੱਤੀ ਸੀ, ਜਿੱਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਤਾਂ ਜੋ ਉਹ ਆਪਣਾ ਧਰਮ ਤਬਦੀਲ ਕਰ ਲੈਣ, ਪ੍ਰੰਤੂ ਆਪਣੇ ਧਰਮ ਅਤੇ ਅਕੀਦੇ ਪ੍ਰਤੀ ਸਮਰਪਿਤ ਰਹਿਣ ਵਾਲਿਆਂ ਨੂੰ ਅੱਜ ਸਮੁੱਚੀ ਲੋਕਾਈ ਦੇ ਲੋਕ ਯਾਦ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਸਮੇਂ - ਸਮੇਂ 'ਤੇ ਧਾਰਮਿਕ ਸਮਾਗਮ ਲੜੀਵਾਰ ਕਰਵਾਏ ਜਾ ਰਹੇ ਹਨ, ਉੱਥੇ ਹੀ ਸੰਗਤਾਂ ਨੂੰ ਗੁਰੂ ਸਾਹਿਬ ਦੇ ਚਰਨਛੋਹ ਅਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸੁਪਰਵਾਈਜ਼ਰ ਵਰਿੰਦਰ ਸਿੰਘ ਗੋਲਡੀ, ਸਰਬਜੀਤ ਸਿੰਘ, ਸੁਖਦੇਵ ਸਿੰਘ ਕਾਹਲਵਾਂ, ਗਗਨਦੀਪ ਸਿੰਘ ਪੂੰਨੀਆ ਆਦਿ ਵੀ ਹਾਜ਼ਰ ਸਨ।

## ਵਿਕਲਾਂਗ ਅਤੇ ਲੋੜਵੰਦ ਬੱਚਿਆਂ ਦਾ ਜਨਮਦਿਨ ਅੱਜ ਮਨਾਇਆ ਜਾਵੇਗਾ

ਪਟਿਆਲਾ, 31 ਅਕਤੂਬਰ (ਚ.ਨ.ਸ.) : ਗੁਰੂ ਅਰਜਨ ਕੀਰਤਨ ਮੰਡਲ ਵੱਲੋਂ ਅਮਰ ਗਾਰਡਨਜ਼ ਦੇ ਸਹਿਯੋਗ ਨਾਲ ਅਮਰ ਆਸ਼ਰਮ ਪਟਿਆਲਾ ਵਿਖੇ ਸਵ: ਮਾਸਟਰ ਤਰਲੋਚਨ ਸਿੰਘ 'ਜੀਤ' ਦੀ ਪ੍ਰੇਰਨਾ ਸਦਕਾ ਬੇਸਹਾਰਾ ਅਤੇ ਗਰੀਬ ਬੱਚਿਆਂ ਦੇ ਮਸੀਹਾ ਸਵ: ਸ.ਅਮਰ ਸਿੰਘ ਕੰਬੋਜ ਦੇ 105ਵੇਂ ਜਨਮ ਦਿਨ ਦੀ ਯਾਦ ਵਿੱਚ ਬੱਚਿਆਂ ਦਾ ਸੁਭਾਗਾ ਜਨਮ ਦਿਨ 1 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ 12.30 ਵਜੇ ਤੱਕ ਵਿਕਲਾਂਗ ਅਤੇ ਲੋੜਵੰਦ ਬੱਚਿਆਂ ਦਾ ਜਨਮਦਿਨ ਮਨਾਇਆ ਜਾ ਰਿਹਾ ਹੈ। ਇਸ ਵਿਚ ਬੱਚੇ ਆਪਣਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 31 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਅੱਬਾਸ ਆਲਮ ਪੁੱਤਰ ਸਾਬਰ ਖਾਨ ਵਾਸੀ ਨਾਭਾ ਗੇਟ ਪਟਿਆਲਾ ਨੇ ਕਥਿਤ ਦੋਸ਼ੀ ਸੰਦੀਪ, ਲੱਕੀ ਜੂਸ ਵਾਲਾ ਅਤੇ 8-10 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਦੋਸਤਾਂ ਸਿਧਾਰਥ ਮਲਹੋਤਰਾ ਅਤੇ ਮੁਖਜਿੰਦਰ ਸਿੰਘ ਨਾਲ ਕਾਰ ਪਰ ਸਵਾਰ ਹੋ ਕੇ ਮਹਿਤਾ ਪੈਟਰੋਲ ਪੰਪ ਪਟਿਆਲਾ ਕੋਲ ਜਾ ਰਿਹਾ ਸੀ, ਤਾਂ ਸਾਹਮਣੇ ਤੋਂ ਆ ਰਹੇ ਸਕੂਟੀ ਪਰ ਦੋ ਅਣਪਛਾਤੇ ਵਿਅਕਤੀਆਂ ਨੇ ਸਕੂਟੀ ਲਿਆ ਕੇ ਉਸ ਦੀ ਕਾਰ ਵਿੱਚ ਮਾਰੀ, ਜਿਸ ਕਾਰਨ ਕਾਰ ਦਾ ਸ਼ੀਸ਼ਾ ਟੁੱਟ ਗਿਆ, ਜਦੋਂ ਉਸ ਨੇ ਨੁਕਸਾਨ ਦੀ ਭਰਪਾਈ ਕਰਨ ਲਈ ਕਿਹਾ ਤਾਂ ਉਹਨਾਂ ਨੇ ਫੋਨ ਕਰਕੇ 8-10 ਅਣਪਛਾਤੇ ਵਿਅਕਤੀ ਬੁਲਾ ਲਏ, ਜਿਹਨਾਂ ਨੇ ਉਸ 'ਤੇ ਉਸ ਦੇ ਦੋਸਤ ਸਿਧਾਰਥ ਮਲਹੋਤਰਾ ਪਰ ਇੱਟਾਂ-ਰੋੜਿਆਂ ਨਾਲ ਹਮਲਾ ਕਰ ਦਿੱਤਾ ਤੇ ਕੁੱਟਮਾਰ ਕੀਤੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸ਼ਾਰਟ ਸਰਕਟ ਹੋਣ ਕਾਰਨ ਪਰਾਲੀ ਦੀਆਂ ਗੰਢਾਂ ਨਾਲ ਭਰੀ ਟਰਾਲੀ ਆਈ ਅੱਗ ਦੀ ਲਪੇਟ 'ਚ

ਡਕਾਲਾ/ਬਲਬੇੜਾ, 31 ਅਕਤੂਬਰ (ਗੁਰਸੇਵਕ ਸਿੰਘ) : ਨੇੜਲੇ ਪਿੰਡ ਖੇੜਕੀ ਵਿਖੇ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀਆਂ ਗੰਢਾਂ ਬਣਾਉਣ ਸਮੇਂ ਚੱਲ ਰਹੀ ਬੇਲਣ ਮਸ਼ੀਨ ਅਤੇ ਟਰਾਲੀਆਂ ਦੇ ਨੇੜੇ ਸਰਕਟ ਸ਼ਾਰਟ ਹੋਣ ਕਾਰਨ ਪਰਾਲੀ ਦੀਆਂ ਗੰਢਾਂ ਚੁੱਕਣ ਵਾਲੀ ਮਸ਼ੀਨਰੀ ਅੱਗ ਦੀ ਚਪੇਟ ਵਿੱਚ ਆ ਜਾਣ ਕਾਰਨ ਭਾਰੀ ਨੁਕਸਾਨ ਹੋਣ ਆ ਗਈ। ਇਸ ਮੌਕੇ ਸਥਾਨਕ ਕਿਸਾਨਾਂ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਪਿੰਡ ਖੇੜਕੀ ਨੇੜੇ ਭੱਠੇ ਦੇ ਨੇੜਲੇ ਖੇਤਰ ਵਿਖੇ ਖੇਤਾਂ ਵਿੱਚ ਝੋਨਾ ਵੱਢਣ ਤੋਂ ਬਾਅਦ ਪਰਾਲੀ ਇਕੱਠੀ ਕਰਕੇ ਗੰਢਾਂ ਬਣਾਉਣ ਲਈ ਬੇਲਰ ਮਸ਼ੀਨ ਦੇ ਨਾਲ ਚੱਲਣ ਵਾਲੀਆਂ ਟ੍ਰੈਕਟਰ ਟਰਾਲੀਆਂ ਵਿੱਚੋਂ ਇੱਕ ਟਰੈਕਟਰ ਟਰਾਲੀ, ਜੋ ਕਿ ਪਰਾਲੀ ਦੀਆਂ ਗੰਢਾਂ ਇਕੱਠੀਆਂ ਕਰਕੇ ਸਟੋਰੇਜ ਸਥਾਨ ਉੱਪਰ ਲੈ ਕੇ ਜਾਣ ਸਮੇਂ ਅੱਗ ਦੀ ਚਪੇਟ ਵਿੱਚ ਆ ਗਈ, ਜਿਸ ਕਾਰਨ ਸਥਾਨਕ ਕਿਸਾਨਾਂ ਅਤੇ ਫਾਇਰ ਬ੍ਰਿਗੇਡ ਟੀਮ ਦੀ ਮੁਸਤੈਦੀ ਨਾਲ ਜਾਨੀ ਨੁਕਸਾਨ ਹੋਣ ਤੋਂ ਤਾਂ ਬਚਾਅ ਹੋ ਗਿਆ, ਪਰ ਪਰਾਲੀ ਦੀਆਂ ਗੰਢਾਂ ਸਮੇਤ ਟਰੈਕਟਰ ਟਰਾਲੀ ਬੁਰੀ ਤਰ੍ਹਾਂ ਭਿਆਨਕ ਅੱਗ ਦੀਆਂ ਲਾਟਾਂ ਦੀ ਚਪੇਟ ਵਿੱਚ ਆ ਜਾਣ ਕਾਰਨ ਟਰੈਕਟਰ ਟਰਾਲੀ ਦਾ ਕਾਫੀ ਨੁਕਸਾਨ ਹੋ ਗਿਆ। ਉਨ੍ਹਾਂ ਕਿਹਾ ਕਿ ਮੌਕੇ ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਟੀਮ ਨੇ ਸਖ਼ਤ ਮਿਹਨਤ ਮੁਸ਼ੱਕਤ ਦੇ ਨਾਲ ਲਟ-ਲਟ ਬਲ ਰਹੀ ਅੱਗ ਉੱਪਰ ਬੜੀ ਮੁਸ਼ਕਿਲ ਨਾਲ ਕਾਬੂ ਪਾਇਆ ਅਤੇ ਜਾਨੀ ਨੁਕਸਾਨ ਹੋਣ ਤੋਂ ਬਚਾਅ ਕੀਤਾ।



ਇਸ ਮੌਕੇ ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੇ ਕਾਰਨ ਬਿਜਲੀ ਦੀਆਂ ਤਾਰਾਂ 'ਚ ਹੋਏ ਸਰਕਟ ਸ਼ਾਰਟ ਦੱਸਿਆ ਜਾ ਰਿਹਾ ਹੈ, ਫਿਰ ਵੀ ਅੱਗ ਲੱਗਣ ਦੇ ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਅਤੇ ਅਸਲ ਤੱਥ ਜਾਂਚ ਕਰਨ ਤੋਂ ਬਾਅਦ ਹੀ ਸਾਹਮਣੇ ਆਉਣਗੇ। ਉਹਨਾਂ ਕਿਹਾ ਕਿ ਬੇਸ਼ੱਕ ਇਸ ਮੌਕੇ ਬੇਲਰ ਮਸ਼ੀਨ ਦੇ ਨਾਲ ਚੱਲਣ ਵਾਲੇ ਟਰੈਕਟਰ-ਟਰਾਲੀ ਅੱਗ ਵਿੱਚ ਸੜ ਜਾਣ ਕਾਰਨ ਭਾਰੀ ਨੁਕਸਾਨ ਹੋਏ ਹਨ, ਲੇਕਿਨ ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ, ਤੇ ਸਥਾਨਕ ਲੋਕਾਂ ਅਤੇ ਫਾਇਰ ਬ੍ਰਿਗੇਡ ਦੇ ਅਧਿਕਾਰੀਆਂ ਨੇ ਮੌਕੇ ਤੇ ਅੱਗ ਨੂੰ ਕਾਬੂ ਕਰਕੇ ਇਸ ਖੇਤਰ 'ਚ ਬਿਨਾਂ ਵਾਢੀ ਕੀਤੇ ਖੜੀਆਂ ਝੋਨੇ ਦੀਆਂ ਫਸਲਾਂ ਨੂੰ ਨੁਕਸਾਨ ਹੋਣ ਤੋਂ ਬਚਾ ਲਿਆ ਗਿਆ ਹੈ।

## ਪੀ.ਯੂ. ਦੇ ਮਾਤਾ ਗੁਜਰੀ ਹੋਸਟਲ ਵਿਖੇ ਪੱਖੇ, ਕੂਲਰ ਤੇ ਹੋਰ ਸਮਾਨ ਦਾਨ ਵਜੋਂ ਦਿੱਤਾ



ਪਟਿਆਲਾ, 31 ਅਕਤੂਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਮਾਤਾ ਗੁਜਰੀ ਹੋਸਟਲ ਵਿਖੇ ਮਲੇਰਕੋਟਲਾ ਦੇ ਵਸਨੀਕ ਮੁਹੰਮਦ ਸ਼ਰੀਫ ਵੱਲੋਂ ਪੱਖੇ, ਕੂਲਰ, ਅਲਮਾਰੀਆਂ ਆਦਿ ਕੁੱਝ ਹੋਰ ਸਮਾਨ ਦਾਨ ਵਜੋਂ ਦਿੱਤਾ ਗਿਆ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਉਨ੍ਹਾਂ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਯੋਗਦਾਨ ਯੂਨੀਵਰਸਿਟੀ ਲਈ ਮਾਇਨੇ ਰਖਦੇ ਹਨ। ਮੁਹੰਮਦ ਸ਼ਰੀਫ ਨੇ ਇਸ ਮੌਕੇ ਬੋਲਦਿਆਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਉਹ ਹੋਸਟਲ ਦੀਆਂ ਵਿਦਿਆਰਥੀ ਲੜਕੀਆਂ ਦੀ ਭਲਾਈ ਲਈ ਹੋਰ ਸਮਾਨ ਮੁਹੱਈਆ ਕਰਵਾਉਣਗੇ। ਇਸ ਮੌਕੇ ਡੀਨ ਵਿਦਿਆਰਥੀ ਭਲਾਈ ਪ੍ਰੋ. ਮਮਤਾ ਸ਼ਰਮਾ, ਪ੍ਰੋਵੋਸਟ ਡਾ. ਸੁਖਵਿੰਦਰ ਸਿੰਘ ਸਰਾਂ, ਅਡੀਸ਼ਨਲ ਪ੍ਰੋਵੋਸਟ ਡਾ. ਜਗਪ੍ਰੀਤ ਕੌਰ ਤੋਂ ਇਲਾਵਾ ਸੀਨੀਅਰ ਵਾਰਡਨ ਅਤੇ ਮਾਤਾ ਗੁਜਰੀ ਹੋਸਟਲ ਦੇ ਵਰਡਨ ਅਮਨਦੀਪ ਕੌਰ ਹਾਜ਼ਰ ਰਹੇ।

## ਪੁਲਿਸ ਵੱਲੋਂ 12 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 31 ਅਕਤੂਬਰ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਲੇਮਾਨ ਵਾਸੀ ਤੋਪਖਾਨਾ ਮੋੜ ਪਟਿਆਲਾ ਹਾਲ ਕਿਰਾਏਦਾਰ ਬਗੀਚੀ ਦਾਸ ਗਲੀ ਧਰਮਪੁਰਾ ਬਜ਼ਾਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਪੂਰਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਾਠਕ ਵਿਹਾਰ ਕਲੋਨੀ ਪਟਿ. ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 12 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ ਮੁਹਿੰਮ ਹੇਠ ਜਾਗਰੂਕਤਾ ਕੈਂਪ ਜਾਰੀ : ਡਾ. ਵੀਨੂੰ ਗੋਇਲ

ਨਾਭਾ, 31 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੇ ਹੁਕਮਾਂ ਅਨੁਸਾਰ, ਡਾ. ਵੀਨੂੰ ਗੋਇਲ, ਐਸ.ਐਮ.ਓ. ਸਿਵਲ ਹਸਪਤਾਲ ਨਾਭਾ ਦੀ ਯੋਗ ਅਗਵਾਈ ਹੇਠ ਹਰ ਸ਼ੁੱਕਰਵਾਰ - ਡੇਂਗੂ 'ਤੇ ਵਾਰ ਜਾਗਰੂਕਤਾ ਮੁਹਿੰਮ ਤਹਿਤ ਨਾਭਾ ਸ਼ਹਿਰ ਦੇ ਹੌਟ ਸਪਾਟ ਏਰੀਆ- ਜਸਪਾਲ ਕਲੋਨੀ, ਪਾਂਡੂਸਰ ਮਹੱਲਾ, ਖਟੜਾ ਕਲੋਨੀ, ਹਰੀਦਾਸ ਕਲੋਨੀ, ਪ੍ਰੇਮ ਨਗਰ, ਕਰਤਾਰਪੁਰਾ ਮਹੱਲਾ ਅਤੇ ਬੌੜਾ ਗੇਟ ਵਿਚ ਡੇਂਗੂ ਰੋਕਥਾਮ ਸੰਬੰਧੀ ਕਾਰਵਾਹੀਆਂ ਜਾਰੀ ਹਨ। ਇਸ ਮੁਹਿੰਮ ਹੇਠ ਸਿਵਲ ਹਸਪਤਾਲ ਨਾਭਾ ਦੇ ਐਂਟੀ ਲਾਰਵਾ ਵਿੰਗ ਦੀਆਂ 9 ਟੀਮਾਂ ਬਣਾਈਆਂ ਗਈਆਂ, ਜਿਨ੍ਹਾਂ ਦੀ ਸੁਪਰਵੀਜਨ ਡਾ. ਵੀਨੂੰ ਗੋਇਲ ਵੱਲੋਂ ਕੀਤੀ ਗਈ। ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ ਮੱਛਰ



ਦੇ ਕੱਟਣ ਨਾਲ ਫੈਲਦਾ ਹੈ, ਜੋ ਸਾਫ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਸਿਰਫ਼ ਦਿਨ ਦੇ ਸਮੇਂ ਕਟਦਾ ਹੈ। ਡਾ. ਗੋਇਲ ਨੇ ਕਿਹਾ ਕਿ 27 ਅਕਤੂਬਰ 2025 ਤੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ। ਅੱਜ ਮਿਤੀ 31 ਅਕਤੂਬਰ 2025 ਨੂੰ ਕਰਤਾਰਪੁਰਾ ਮਹੱਲਾ ਅਤੇ ਬੌੜਾ ਗੇਟ ਵਿਖੇ ਲਗਾਏ ਕੈਂਪਾਂ ਦੌਰਾਨ 156 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ 17 ਡੇਂਗੂ ਸੈਂਪਲ ਇਕੱਠੇ ਕੀਤੇ ਗਏ। ਡਾ. ਪਰਵੀਨ ਸ਼ਰਮਾ ਨੇ ਹੈਮੋਰੈਜਿਕ ਬੁਖਾਰ ਬਾਰੇ ਦੱਸਿਆ, ਜਦੋਂਕਿ ਚਮਕੌਰ ਸਿੰਘ (ਹੈਲਥ ਸੁਪਰਵਾਈਜ਼ਰ) ਦੀ ਸੁਪਰਵੀਜ਼ਨ ਹੇਠ ਐਂਟੀ ਲਾਰਵਾ ਸਕੀਮ ਨਾਭਾ ਦੀਆਂ ਟੀਮਾਂ ਨੇ ਫੀਵਰ ਸਰਵੇ ਅਤੇ ਲਾਰਵਾ ਚੈਕ ਕਰਕੇ ਮੌਕੇ ਤੇ ਲਾਰਵੀਸਾਈਡ ਸਪਰੇ ਨਾਲ ਨਸ਼ਟ ਕੀਤਾ। ਇਸ ਦੌਰਾਨ ਸ਼੍ਰੀ ਨਰਿੰਦਰ ਮੋਹਣ ਸ਼ਰਮਾ (ਸੀਨੀਅਰ ਫਾਰਮੇਸੀ ਅਫਸਰ), ਰੰਮੀ ਰਾਣੀ (ਫਾਰਮੇਸੀ ਅਫਸਰ), ਜਗਸੀਰ ਸਿੰਘ, ਚਰਨਜੀਤ ਸਿੰਘ, ਗੁਰਦੀਪ ਸਿੰਘ (ਐਮ. ਪੀ. ਐਚ. ਡਬਲਿਊ.), ਰਮਨਦੀਪ ਕੌਰ, ਸੰਦੀਪ ਕੌਰ (ਏ.ਐਨ.ਐਮ.), ਕਿਰਨ, ਜਸਵਿੰਦਰ ਕੌਰ (ਆਸਾ ਵਰਕਰ) ਅਤੇ ਰਣਵੀਰ ਸਿੰਘ (ਫੀਲਡ ਵਰਕਰ) ਮੌਜੂਦ ਸਨ।

## ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੂੰ ਦਿੱਤੀ ਵਿਦਾਇਗੀ ਪਾਰਟੀ



ਪਟਿਆਲਾ, 31 ਅਕਤੂਬਰ (ਰੁਪਾਣਾ/ਦੀਪਕ ਜੈਦਕਾ) : ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਅਤੇ ਸ੍ਰੀਮਤੀ ਮਧੂ ਬਾਲਾ ਸਹਾਇਕ ਡਾਇਰੀ ਬ੍ਰਾਂਚ ਅੱਜ ਆਪਣੀ 58 ਸਾਲ ਦੀ ਉਮਰ ਪੂਰੀ ਕਰਨ ਤੋਂ ਸਰਕਾਰੀ ਨੌਕਰੀ ਤੋਂ ਸਿਹਤ ਵਿਭਾਗ ਵਿੱਚੋਂ ਸੇਵਾ ਮੁਕਤ ਹੋ ਗਏ ਹਨ। ਸੇਵਾ ਮੁਕਤੀ ਦੇ ਮੌਕੇ ਤੇ ਸਮੂਹ ਸਿਹਤ ਸਟਾਫ ਵੱਲੋਂ ਉਹਨਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਪਾਰਟੀ ਮੌਕੇ ਸਹਾਇਕ ਸਿਵਲ ਸਰਜਨ ਡਾ. ਰਚਨਾ ਨੇ ਦੱਸਿਆ ਕਿ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਲਗਭਗ 32 ਸਾਲ ਦੀਆਂ ਸਰਕਾਰੀ ਸੇਵਾਵਾਂ ਦੇ ਕੇ ਆਪਣੇ ਅਹੁਦੇ ਤੋਂ ਬੇਦਾਗ ਅਤੇ ਇਮਾਨਦਾਰ ਅਫਸਰ ਦੇ ਤੌਰ ਤੇ ਰਿਟਾਇਰ ਹੋਏ ਹਨ। ਡਿਪਟੀ ਮੈਡੀਕਲ ਅਫਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਮਧੂਬਾਲਾ,ਜੋ ਕਿ ਡਾਇਰੀ ਬ੍ਰਾਂਚ ਦੇ ਸਹਾਇਕ ਵੱਜੋ ਰਿਟਾਇਰ ਹੋਏ ਹਨ, ਉਹਨਾਂ ਨੇ ਲਗਭਗ 29 ਸਾਲ ਅਪਣੀਆਂ ਸੇਵਾਂਵਾਂ ਦਿੱਤੀਆ ਹਨ। ਸਮੂਹ ਸਟਾਫ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਭੇਟ ਕੀਤਾ ਗਿਆ। ਇਸ ਮੌਕੇ ਸਮੂਹ ਸਿਹਤ ਪ੍ਰੋਗਰਾਮ ਅਫਸਰ ਅਤੇ ਦਫਤਰੀ ਸਟਾਫ ਵੀ ਹਾਜ਼ਰ ਸੀ।

## ਹਰਸ਼ ਬਲੱਡ ਡੋਨਰ ਸੁਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਆਪਣੇ ਜਨਮਦਿਨ 'ਤੇ 37ਵੀਂ ਵਾਰ ਕੀਤਾ ਖ਼ੂਨਦਾਨ

ਨਾਭਾ, 31 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਭ ਤੋਂ ਵੱਡਾ ਪੁੰਨ ਖ਼ੂਨ ਦਾਨ ਕਰਨਾ ਹੈ। ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ,ਤਾਂ ਜੋ ਕੀਮਤੀ ਜਾਨਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ ਅਤੇ ਆਪਣੇ ਸਰੀਰ ਦੀਆਂ ਬਿਮਾਰੀਆਂ ਨੂੰ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ,ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਨਾਭਾ ਤੋਂ ਖ਼ੂਨ ਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖ਼ੂਨਦਾਨੀ ਸਟੇਟ ਅਵਾਰਡੀ ਨੇ ਆਪਣੇ ਜਨਮ ਦਿਨ ਮੌਕੇ 37ਵੀਂ ਵਾਰ ਖ਼ੂਨਦਾਨ ਕੀਤਾ, ਉਨ੍ਹਾਂ ਕਿਹਾ ਕਿ ਲੱਗਭੱਗ ਹਰੇਕ



ਵਿਅਕਤੀ ਖ਼ੂਨਦਾਨ ਕਰ ਸਕਦਾ ਹੈ,ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਹੁੰਦੀ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਸਾਡੀ ਸੰਸਥਾ ਰਾਹੀ ਬਿਨ੍ਹਾਂ ਕੈਂਪ ਤੋ ਹਮੇਸ਼ਾ ਲੋੜਵੰਦ ਮਰੀਜਾ ਲਈ ਮੌਕੇ 'ਤੇ ਖ਼ੂਨ ਦਾਨ ਕਰਵਾਇਆ ਜਾਂਦਾ ਹੈ । ਇਸ ਜਾਗਰੂਕ ਮੁਹਿੰਮ ਵਿੱਚ ਅਸੀਂ ਪੂਰੇ ਪੰਜਾਬ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਵੀ ਪਾਵਾਂਗੇ, ਸਾਡੀ ਸੋਸਾਇਟੀ ਖੂਨ ਦਾਨ ਦੇ ਨਾਲ ਗਊ ਸੇਵਾ ਵੀ ਵਧੀਆ ਰੂਪ ਵਿੱਚ ਕਰਦੀ ਹੈ। ਉਸ ਮੌਕੇ ਉਹਨਾਂ ਨਾਲ ਚੇਅਰਮੈਨ ਜਿਪਸੀ ਬਾਂਸਲ ਅਤੇ ਬਲੱਡ ਬੈਂਕ ਵੱਲੋਂ ਵਿਕਾਸ ਮਿੱਤਲ, ਸਰਪ੍ਰਸਤ ਸੰਜੀਵ ਗਰਗ, ਸੁਸ਼ੀਲ ਗੋਇਲ ਸ਼ੀਲੂ,ਪੁਨੀਤ ਬਾਂਸਲ, ਅਵਤਾਰ ਸਿੰਘ ਟੋਨੀ ਵੀ ਹਾਜ਼ਰ ਸਨ।

## ਸਿਹਤ ਵਿਭਾਗ ਵੱਲੋਂ ਡੇਂਗੂ ਤੇ ਚਿਕਨਗੁਨੀਆ ਦੇ ਬਚਾਅ ਲਈ ਚੈਕਿੰਗ

ਸਮਾਣਾ, 31 ਅਕਤੂਬਰ (ਵਿਜੇ ਕੁਮਾਰ) : ਸਿਹਤ ਵਿਭਾਗ ਤੇ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਸਾਂਝੇ ਤੌਰ ਤੇ ਸ਼ਹਿਰ ਦੇ ਕਈ ਮੁਹੱਲਿਆਂ ਤੇ ਬਾਜ਼ਾਰਾਂ ਵਿੱਚ ਫੈਲ ਰਹੀ ਚਿਕਨਗੁਨੀਆ ਤੇ ਡੇਂਗੂ ਦੀ ਬਿਮਾਰੀ ਤੋਂ ਬਚਾਅ ਲਈ ਚੈਕਿੰਗ ਕਰਕੇ ਬਰਤਨਾ 'ਚ ਪਏ ਪਾਣੀ ਤੋਂ ਪੈਦਾ ਹੁੰਦੇ ਮੱਛਰਾਂ ਦੇ ਲਾਰਵੇ ਨੂੰ ਬਾਹਰ ਸੁੱਟ ਕੇ ਬਰਤਨਾ ਨੂੰ ਪਾਣੀ ਤੋ ਖਾਲੀ ਰੱਖਣ ਲਈ ਕਿਹਾ। ਇਸ ਮੌਕੇ ਐਸ.ਐਮ.ਓ ਡਾਕਟਰ ਹਰਪਿੰਦਰ ਸਿੰਘ ਨੇ ਦੱਸਿਆ ਕਿ ਡੇਂਗੂ ਤੇ ਚਿਕਨਗੁਣੀਆ ਦੀ ਬਿਮਾਰੀ ਫੈਲਾਉਣ ਵਾਲੇ ਮੱਛਰ ਸਾਫ ਪਾਣੀ ਵਿੱਚ ਪੈਦਾ ਹੁੰਦੇ ਹਨ, ਜੋ ਸਵੇਰੇ- ਸਾਮ ਕੱਟਦੇ ਹਨ। ਉਹਨਾਂ ਕਿਹਾ ਕਿ ਵਾਧੂ ਪਏ ਬਰਤਨ ਜਿਵੇਂ ਟਾਇਰ, ਟੁੱਟੇ ਘੜੇ ਅਤੇ ਗਮਲੇ ਆਦਿ ਵਿੱਚ ਪਾਣੀ ਖੜਨ ਨਹੀਂ ਦੇਣਾ ਚਾਹੀਦਾ। ਇਸ ਮੌਕੇ ਕਾਰਜਸਾਧਕ ਅਫਸਰ ਅਪਰਅਪਾਰ ਸਿੰਘ ਚਹਿਲ ਨੇ ਦੱਸਿਆ ਕਿ ਸ਼ਹਿਰ ਵਿੱਚ ਫੋਗਿੰਗ ਮਸ਼ੀਨ ਨਾਲ ਦਵਾਈ ਦਾ ਛਿੜਕਾਓ ਕੀਤਾ ਜਾ ਰਿਹਾ ਹੈ। ਸਾਨੂੰ ਆਪਣੇ ਘਰਾਂ ਅਤੇ ਆਲੇ ਦੁਆਲੇ ਦੇ ਖਾਲੀ ਪਲਾਟਾਂ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਸੋਨੂ ਕਲਿਆਣ, ਰਵਿੰਦਰ ਸਿੰਘ, ਕਰਮਜੀਤ ਸਿੰਘ, ਰਾਮ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



## ਟਿਵਾਣਾ ਪਰਿਵਾਰ ਨੇ ਸੰਤ ਬਾਬਾ ਹਜ਼ਾਰਾ ਸਿੰਘ ਰਾਇਮਲ ਮਾਜਰੀ ਵਾਲਿਆਂ ਦੀ ਬਰਸੀ ਮਨਾਈ

ਭਾਦਸੋਂ, 31ਅਕਤੂਬਰ (ਭਰਪੂਰ ਸਿੰਘ ਮੱਟਰਾਂ) : ਸੱਚ ਖੰਡ ਵਾਸੀ ਸ਼੍ਰੀਮਾਨ ਸੰਤ ਬਾਬਾ ਹਜ਼ਾਰਾ ਸਿੰਘ ਮਹਾਰਾਜ ਰਾਇਮਲ ਮਾਜਰੀ ਵਾਲਿਆਂ ਦੀ 35ਵੀਂ ਸਾਲਾਨਾ ਬਰਸੀ ਰਾਇਮਲ ਮਾਜਰੀ (ਨੇੜੇ ਭਾਦਸੋਂ) ਵਿਖੇ ਮਨਾਈ ਗਈ । ਸੰਤ ਬਾਬਾ ਹਜ਼ਾਰਾ ਸਿੰਘ ਜੀ ਦੇ ਪੜਪੋਤੇ ਬਾਬਾ ਗੁਰਦੀਪ ਸਿੰਘ ਰਾਇਮਲ ਮਾਜਰੀ ਵਾਲਿਆਂ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਸਵੇਰੇ 10.00 ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਸੰਤ ਬਾਬਾ ਸਰਬਜੀਤ ਸਿੰਘ ਸੰਧੂਆਂ ਵਾਲਿਆਂ ਵੱਲੋਂ ਕੀਰਤਨ ਦੀਵਾਨ ਸਜਾਕੇ ਸੰਤ ਬਾਬਾ ਹਜ਼ਾਰਾ ਸਿੰਘ ਜੀ ਜੀਵਨ ਵਾਰੇ ਵਿਚਾਰਾਂ ਸਾਂਝੀਆਂ ਕਰਦੇ ਹੋਏ ਸੰਗਤਾਂ ਨੂੰ ਗੁਰਬਾਨੀ ਨਾਲ ਜੋੜਿਆ । ਇਸ ਮੌਕੇ



ਸ੍ਵ ਬਾਪੂ ਪੂਰਨ ਸਿੰਘ ਟਿਵਾਣਾ ਅਤੇ ਸ੍ਵ ਮਾਤਾ ਸੁਖਵਿੰਦਰ ਕੌਰ ਟਿਵਾਣਾ ਉਨ੍ਹਾਂ ਦੀ ਯਾਦ 'ਚ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੀਮਾਨ ਸੰਤ ਬਾਬਾ ਹਰਨੇਕ ਸਿੰਘ ਜੀ ਲੰਗਰਾਂ ਵਾਲੇ ਅਤੇ ਸੰਤ ਬਾਬਾ ਸਰਬਜੀਤ ਸਿੰਘ ਸੰਧੂਆਂ ਵਾਲਿਆਂ ਦਾ ਟਿਵਾਣਾ ਪਰਿਵਾਰ ਵੱਲੋਂ ਸਨਮਾਨ ਕੀਤਾ ਗਿਆ । ਇਸ ਮੌਕੇ ਗਿਆਨੀ ਮੁਖਤਿਆਰ ਸਿੰਘ ਮੁੱਖੀ, ਗਿਆਨੀ ਗੁਰਪਿੰਦਰ ਸਿੰਘ ਸਹੋੜਾ ਚੰਡੀਗੜ੍ਹ,ਸਤਵਿੰਦਰ ਸਿੰਘ ਟੌਹੜਾ,ਬਾਬਾ ਵੀਰ ਸਿੰਘ ਹੈੱਡ ਗ੍ਰੰਥੀ ਰਾਇਮਲ ਮਾਜਰੀ, ਬਾਬਾ ਕਰਮਜੀਤ ਸਿੰਘ ਰਾਮਪੁਰ ਸਾਹੀਵਾਲ, ਗੁਰਪ੍ਰੀਤ ਸਿੰਘ ਸ਼ਾਹਪੁਰ, ਭੁਪਿੰਦਰ ਸਿੰਘ ਫਹਿਤਪੁਰ, ਰਵਿੰਦਰ ਸਿੰਘ ਸ਼ਾਹਪੁਰ, ਅਬਜਿੰਦਰ ਸਿੰਘ ਜੋਗੀ ਗਰੇਵਾਲ, ਹਰਦੀਪ ਸਿੰਘ ਸਨੌਰ, ਸਰਪੰਚ ਪ੍ਰਭਜੋਤ ਸਿੰਘ ਰਾਇਮਲ ਮਾਜਰੀ, ਜਸਪ੍ਰੀਤ ਸਿੰਘ ਜੱਸੀ, ਸਾਬਕਾ ਕੌਂਸਲਰ ਗੋਪਾਲ ਸਿੰਘ ਖਨੌੜਾ, ਨੰਬਰਦਾਰ ਸੁਰਿੰਦਰ ਸਿੰਘ ਟਿਵਾਣਾ, ਰਣਧੀਰ ਸਿੰਘ ਟਿਵਾਣਾ, ਲਾਲ ਸਿੰਘ ਟਿਵਾਣਾ, ਬਲਵੀਰ ਸਿੰਘ ਟਿਵਾਣਾ, ਰਜਿੰਦਰ ਸਿੰਘ ਗੁਲੂ, ਸਤਨਾਮ ਸਿੰਘ ਟਿਵਾਣਾ, ਅਮਰੀਕ ਸਿੰਘ ਟਿਵਾਣਾ, ਕਰਮਜੀਤ ਸਿੰਘ ਭੱਲ ਮਾਜਰਾ, ਨੰਬਰਦਾਰ ਕੇਸਰ ਸਿੰਘ ਸੰਧਨੌਲੀ, ਪ੍ਰਧਾਨ ਨਰਿੰਦਰ ਸਿੰਘ ਟਿਵਾਣਾ, ਪ੍ਰਧਾਨ ਮਨਜੋਤ ਸਿੰਘ ਭੱਲ ਮਾਜਰਾ, ਵਿੱਕੀ ਲਹਿਰ, ਸਤਨਾਮ ਸਿੰਘ ਸੱਤਾ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਦੇ ਬੱਚਿਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਲਈ ਸਹੁੰ ਚੁੱਕੀ



ਨਾਭਾ, 31 ਅਕਤੂਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਅੱਜ ਕੱਲ ਸਮਾਜ ਵਿੱਚ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਸਕੂਲ ਵਿੱਚ ਸਮਾਜ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਕਦਮ ਚੁੱਕਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਸੁਹੁੰ ਚੁੱਕਣ ਦੀ ਰਸਮ ਅਦਾ ਕੀਤੀ ਗਈ, ਜਿਸ ਵਿੱਚ ਸਾਰੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਤੋਂ ਦੂਰ ਰਹਿਣ ਲਈ ਸਮਾਜ ਵਿੱਚ ਇਸ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਵੀ ਸਹਿਯੋਗ ਦੇਣ ਦਾ ਪ੍ਰਣ ਕੀਤਾ ਗਿਆ ਅਤੇ ਨਾਲ ਹੀ ਬੱਚਿਆਂ ਨੂੰ ਜਾਗਰੂਕ ਕਰਨ ਲਈ ਸਕੂਲਾਂ ਵਿੱਚ ਸਪੈਸ਼ਲ ਲੈਕਚਰ ਅਤੇ ਵੀਡੀਓ ਦਾ ਵੀ ਪ੍ਰਬੰਧ ਕੀਤਾ ਗਿਆ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਤੋਂ ਬਚਣ ਲਈ ਬੱਚਿਆਂ ਨੂੰ ਸਿੱਖਿਅਤ ਕੀਤਾ ਜਾ ਸਕੇ ਅਤੇ ਸਕੂਲ ਡਾਇਰੈਕਟਰ ਭੁਪਿੰਦਰ ਸਿੰਘ ਚੱਡਾ ਅਤੇ ਪ੍ਰਿੰਸੀਪਲ ਸਤਵਿੰਦਰਪ੍ਰੀਤ ਵੱਲੋਂ ਵਿਦਿਆਰਥੀਆਂ ਨਾਲ ਇਸ ਪ੍ਰਤੀ ਆਪਣੇ ਵਿਚਾਰ ਵੀ ਸਾਂਝੇ ਕੀਤੇ ।

## ਐਮ.ਕੇ. ਡੀ. ਸਰਕਾਰੀ ਸਕੂਲ ਘੜਾਮ ਵਿਖੇ ਪਰਾਲੀ ਨਾ ਸਾੜਨ ਲਈ ਸਕੂਲ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ

ਦੇਵੀਗੜ੍ਹ, 31 ਅਕਤੂਬਰ (ਗੁਰਜੀਤ ਸਿੰਘ ਢੋਟ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਨਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਜਾਗਰੂਕਤਾ ਸੈਮੀਨਾਰ ਐਮ ਕੇ ਡੀ ਸਰਕਾਰੀ ਹਾਈ ਸਕੂਲ, ਘੜਾਮ ਵਿਖੇ ਕਰਵਾਇਆ ਗਿਆ।ਇਹ ਸਮਾਗਮ ਕੇ.ਵੀ.ਕੇ. ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਅਤੇ ਪ੍ਰਿੰਸੀਪਲ ਵਰਿੰਦਰ ਕੌਰ ਚਹਿਲ ਦੀ ਅਗਵਾਈ ਹੇਠ ਜਸਬੀਰ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸੰਬਧੀ ਲੇਖ ਰਚਨਾ, ਭਾਸ਼ਣ ਅਤੇ ਪੇਂਟਿੰਗ ਦੇ ਮੁਕਾਬਲੇ ਕਰਵਾਏ ਗਏ। ਸੈਮੀਨਾਰ ਦੇ ਬੁਲਾਰੇ ਕੇ.ਵੀ.ਕੇ. ਦੇ ਪ੍ਰੋਫੈਸਰ (ਗ੍ਰਹਿ




ਵਿਗਿਆਨ) ਡਾ. ਗੁਰਉਪਦੇਸ਼ ਕੌਰ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਇਸ ਜਾਗਰੂਕਤਾ ਮੁਹਿੰਮ ਵਿਚ ਅਹਿਮ ਜ਼ਿੰਮੇਵਾਰੀ ਨਾਲ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਜੰਕ ਫੂਡ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਸਾਂਝੀ ਕੀਤੀ। ਕੇ.ਵੀ.ਕੇ. ਦੇ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ ਗੁਰਪ੍ਰੀਤ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਸੰਭਾਲਣ ਵਾਸਤੇ ਅਪਣਾਈਆਂ ਜਾਣ ਵਾਲੀਆਂ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰਪੂਰਵਕ ਦੱਸਿਆ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਵਿੱਚ ਮੁਕਾਬਲੇ ਕਰਵਾਏ ਗਏ।ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਹਰਜੋਤ ਕੌਰ, ਕਮਲਪ੍ਰੀਤ ਕੌਰ, ਕੋਮਲ ਕੌਰ, ਖੁਸ਼ਪ੍ਰੀਤ ਕੌਰ, ਖੁਸ਼ ਕੌਰ ਅਤੇ ਇਸ਼ਾਨ ਨੂੰ ਉਤਸ਼ਾਹਿਤ ਕਰਨ ਵਾਸਤੇ ਸਨਮਾਨ ਚਿੰਨ੍ਹ ਵੀ ਦਿੱਤੇ ਗਏ।ਇਸ ਮੌਕੇ ਵਿਦਿਆਰਥਣਾਂ ਵੱਲੋਂ ਪਰਾਲੀ ਨੂੰ ਨਾ ਜਲਾਉਣ ਦਾ ਸੰਦੇਸ਼ ਦਿੰਦੇ ਹੋਏ ਰੈਲੀ ਵੀ ਕੱਢੀ ਗਈ।

## ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜੈਯੰਤੀ ਮੌਕੇ ਰਾਸ਼ਟਰੀ ਏਕਤਾ ਦਿਵਸ ਮਨਾਇਆ




ਸਮਾਣਾ, 31 ਅਕਤੂਬਰ (ਵਿਜੇ ਕੁਮਾਰ) : ਰੀਜ਼ਨਲ ਡਾਇਰੈਕਟਰ ਐਨ.ਐਸ.ਐਸ. ਚੰਡੀਗੜ੍ਹ ਦੇ ਆਦੇਸ਼ਾਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੌਮੀ ਸੇਵਾ ਯੋਜਨਾ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਸਰਪ੍ਰਸਤੀ ਹੇਠ ਪਬਲਿਕ ਕਾਲਜ ਸਮਾਣਾ ਅਤੇ ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ, ਸਕੂਲ ਸਮਾਣਾ ਦੇ ਐਨ.ਐਸ.ਐਸ.ਵਿਭਾਗ, ਐਨ.ਸੀ.ਸੀ. ਯੂਨਿਟ ਅਤੇ ਰੈਡ ਰਿਬਨ ਕਲੱਬ ਵੱਲੋਂ ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜੈਯੰਤੀ ਦੇ ਸਬੰਧ ਵਿਚ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ 200 ਦੇ ਕਰੀਬ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਰੈਡ ਰਿਬਨ ਕਲੱਬ ਦੇ ਇੰਚਾਰਜ ਡਾ. ਹਰਕੀਰਤਨ ਕੌਰ, ਮੁੱਖੀ ਕੰਪਿਊਟਰ ਵਿਭਾਗ ਪ੍ਰੋ. ਜਸਵਿੰਦਰਬੀਰ ਸਿੰਘ, ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਸੋਨੂੰ ਜੈਨ, ਪ੍ਰੋ. ਕੁਲਜੀਤ ਕੌਰ, ਪ੍ਰੋ. ਹਮਿਤ ਕੁਮਾਰ, ਪ੍ਰੋ. ਸੰਟੀ ਕੁਮਾਰ ਅਤੇ ਪ੍ਰੋ. ਅਸ਼ਵਨੀ ਕੁਮਾਰ ਤੋ ਇਲਾਵਾ ਐਨ.ਸੀ.ਸੀ. ਇੰਚਾਰਜ ਲੈਫਟੀਨੈਂਟ ਡਾ. ਅਨਿਲ ਕੁਮਾਰ ਮੌਜੂਦ ਰਹੇ।

## ਭਾਜਪਾ ਨੇ ਵੱਲਭ ਭਾਈ ਪਟੇਲ ਨੂੰ ਸਮਰਪਿਤ ਕਰਵਾਈ ਮੈਰਾਥਨ ਦੌੜ

ਨਾਭਾ, 31 ਅਕਤੂਬਰ (ਬਲਜਿੰਦਰ ਮਾਨ) : ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ ਮੌਕੇ ਭਾਜਪਾ ਸਰਕਲ ਮੰਡਲ ਪ੍ਰਧਾਨ ਤੇਜਪਾਲ ਸਿੰਘ ਗੋਗੀ ਟਿਵਾਣਾ ਦੀ ਅਗਵਾਈ ਵਿਚ ਸਥਾਨਕ ਹਲਕਾ ਨਾਭਾ ਦੇ ਭਾਦਸੋਂ ਵਿਖੇ ਮੈਰਾਥਨ ਦੌੜ ਕਰਵਾਈ ਗਈ । ਪੂਰੇ ਭਾਰਤ ਵਿਚਰਨ ਫਾਰ ਯੂਨੀਇਟੀ ਤਹਿਤ ਕਰਵਾਈ ਗਈ ਮੈਰਾਥਨ ਦੌੜ ਤਹਿ ਭਾਦਸੋਂ 'ਚ ਕਰਵਾਏ। ਇਨ੍ਹਾਂ ਮੁਕਾਬਲਿਆਂ ਵਿਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ,ਕਨਵੀਨਰ ਸਿਕੰਦਵੀਰ ਸਮਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਦੌਰਾਨ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ, ਜ਼ਿਲ੍ਹਾ ਮੀਤ ਪ੍ਰਧਾਨ ਸਿਕੰਦਵੀਰ ,ਮੰਡਲ ਪ੍ਰਧਾਨ ਤੇਜਪਾਲ ਸਿੰਘ ਗੋਗੀ ਟਿਵਾਣਾ ਨੇ ਦੱਸਿਆ ਕਿ ਪੂਰੇ ਦੇਸ਼ ਵਿਚ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਜੀ ਦੀ 150ਵੀਂ



ਜੈਯੰਤੀ ਮੌਕੇ ਇਹ ਮੈਰਾਥਨ ਦੌੜ ਜਿਲਾ ਇੰਚਾਰਜ ਡਾ.ਜੀਵਨ ਦੱਤ ਸ਼ੈਲ਼ੀ ਅਤੇ ਜ਼ਿਲ੍ਹਾ ਕੋ ਕਨਵੀਨਰ ਸਿਕੰਦਵੀਰ ਸਮਾਣਾ ਦੀ ਰਹਿਨਮਾਈ ਹੇਠ ਕਰਵਾਈ ਗਈ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਦਸੋਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿੱਤੂਪੁਰ ਜੱਟਾਂ ਦੇ ਬੱਚਿਆ ਵੱਲੋਂ ਭਾਗ ਲਿਆ ਗਿਆ । ਇਸ ਮੌਕੇ ਮੀਤ ਪ੍ਰਧਾਨ ਹਰਵਿੰਦਰ ਸਿੰਘ ਕਾਲਾ, ਕਿਸਾਨ ਮੋਰਚਾ ਪ੍ਰਧਾਨ ਗੁਰਮੀਤ ਸਿੰਘ ਰਾਠੀ, ਸੀਨੀਅਰ ਮੀਤ ਪ੍ਰਧਾਨ ਸੁਨੀਲ ਕੌੜਾ, ਮੀਤ ਪ੍ਰਧਾਨ ਗੁਰਚਰਨ ਸਿੰਘ ਘੁੱਕ , ਜਨਰਲ ਸਕੱਤਰ ਕੁਲਦੀਪ ਸਿੰਘ ਕੰਗ, ਮੀਤ ਪ੍ਰਧਾਨ ਨੇਤਰ ਸਿੰਘ ਭੜੀ , ਨਿਰਪਾਲ ਸਿੰਘ ਲਾਲੀ , ਤਰਲੋਚਨ ਸਿੰਘ ਟਿਵਾਣਾ ਸੋਸ਼ਲ ਮੀਡਿਆ, ਸੁਖਚੈਨ ਸਿੰਘ ਚੈਨੀ ਕਨਵੀਨਰ , ਦੀਪਕ ਸ਼ਰਮਾ ਕਨਵੀਨਰ ਸੋਸ਼ਲ ਮੀਡੀਆ, ਸਕੱਤਰ ਹਰਫੂਲ ਪਾਠਕ, ਐਸ.ਸੀ. ਮੋਰਚਾ ਪ੍ਰਧਾਨ ਬਲਵੀਰ ਸਿੰਘ ਰਿੰਪਾ, ਅਰਸ਼ ਸ਼ਾਹਪੁਰ, ਜਸਪ੍ਰੀਤ ਸ਼ਾਹਪੁਰ ਜਗਤਾਰ ਸਿੰਘ ਟਿਵਾਣਾ, ਦੀਨ ਮੁਹੰਮਦ ਦਿਤੂਪੁਰ ਜੱਟਾਂ ਵੀ ਹਾਜ਼ਰ ਸਨ।